

# ਕ਼ੌਮੀ ਆਜ਼ਾਦੀ ਵੱਲ

# ਪੰਜਾਬ ਅਤੇ ਪੰਜਾਬੀ ਸਭਿਆਚਾਰ ਦਾ ਭਵਿੱਖ

ਲੇਖਕ : ਡਾ. ਗੁਰਭਗਤ ਸਿੰਘ

# ਵਿਸ਼ਾ ਸੂਚੀ

ਰਚਨਾਵਾਂ ........ 3

ਅੰਗਰੇਜ਼ੀ ਪੁਸਤਕਾਂ ........ 3

ਪ੍ਰਸਿੱਧ ਪੰਜਾਬੀ ਪੁਸਤਕਾਂ ........ 3

ਜੀਵਨੀ ........ 4

ਯੂਟਿਊਬ ਵੀਡਿਓ: ਸਿੱਖ ਸਿਆਸਤ ਨਾਲ ਗੁਫ਼ਤਗੂ ........ 4

ਪੰਜਾਬ ਬਾਰੇ ਇਕ ਇਤਿਹਾਸਿਕ ਦ੍ਰਿਸ਼ਟੀਕੋਣ ........ 5

ਪੂਰਨ ਆਜ਼ਾਦੀ ਦੇ ਅਰਥ ........ 12

ਲੋਕਤੰਤਰ, ਵਿਲੱਖਣਤਾ ਅਤੇ ਮਨੁੱਖੀ ਅਧਿਕਾਰ ........ 17

ਭਾਰਤੀ ਸੱਭਿਅਤਾ ਦੀ ਅਧੋਗਤੀ ਜਾਂ ਪੁਨਰ-ਜਨਮ? ........ 27

ਪੰਜਾਬੀ ਦਾ ਵਿਕਾਸ: ਸੱਭਿਆਚਾਰਕ ਅਤੇ ਦਾਰਸ਼ਨਿਕ ਪ੍ਰਸੰਗ ........ 33

ਅਕਾਲੀ, ਵਿੱਦਿਆ, ਭਾਸ਼ਾ ਤੇ ਸੱਭਿਆਚਾਰ ........ 41

ਸਿੱਖ ਨੌਜਵਾਨਾਂ ਦਾ ਮਨ ........ 48

ਸਿੱਖ ਇਨਕਲਾਬ ਅਤੇ ਨੌਜਵਾਨਾਂ ਦੀ ਲਹਿਰ ........ 55

ਮੂਲਵਾਦ ਕੀ ਹੈ ? ........ 61

ਪੰਜਾਬ ਅਤੇ ਭਾਰਤੀ ਕਮਿਊਨਿਸਟ ਪਾਰਟੀਆਂ ........ 67

ਪੰਜਾਬ ਦਾ ਭਵਿੱਖ: ਚਾਰ ਨੁਕਤੇ ........ 75

ਪਹਿਲਾ- ........ 75

ਦੂਜਾ ਨੁਕਤਾ ........ 77

ਤੀਜਾ ਨੁਕਤਾ ........ 78

ਚੌਥਾ ਪ੍ਰਮੁੱਖ ਅਤੇ ਗੌਰਵਪੂਰਣ ਨੁਕਤਾ ........ 78

ਪੰਜਾਬ ਦੀ "ਸਮੱਸਿਆ" ਅਤੇ ਭਾਰਤ ਦਾ ਭਵਿੱਖ ... 81

ਪੰਜਾਬ ਅਤੇ ਅੰਤਰਰਾਸ਼ਟਰੀ ਭਾਈਚਾਰਾ ... 86

ਸਿੱਖ ਮਸਲਾ ਅਤੇ ਰਾਜਨੀਤਕ ਪਾਰਟੀਆਂ ਨਵੀਂ ਪਹੁੰਚ ਅਪਨਾਉਣ ਦੀ ਲੋੜ ... 92

ਪੰਜਾਬ ਦੇ ਸਰਬਪੱਖੀ ਵਿਕਾਸ ਲਈ ਕ਼ੌਮੀ ਪ੍ਰਸ਼ਨ ਹੱਲ ਕਰਨਾ ਜ਼ਰੂਰੀ ... 98

# ਰਚਨਾਵਾਂ

## ਅੰਗਰੇਜ਼ੀ ਪੁਸਤਕਾਂ

ਪੋਇਟਰੀ ਆਫ਼ ਮੈਟਾਕਾਂਸ਼ੀਅਸਨੈੱਸ (1982)

ਵੈਸਟਰਨ ਪੋਇਟਿਕਸ ਐਂਡ ਈਸਟਰਨ ਥਾਟ (1983)

ਲਿਟਰੇਚਰ ਐਂਡ ਫੋਕਲੋਰ ਆਫ਼ਟਰ ਪੋਸਟ-ਸਟਰਕਚਰਲਿਜ਼ਮ (1991)

ਡਿਫਰੈਂਸ਼ਲ ਮਲਟੀਲੌਂਗ (ਸੰਪਾ. 1992)

ਟ੍ਰਾਂਸਕਲਚਰ ਪੋਇਟਿਕਸ (1998)

ਸਿੱਖਇਜ਼ਮ ਐਂਡ ਪੋਸਟ ਮਾਡਰਨ ਥਾਟ (1999)

ਪੂਰਨ ਸਿੰਘ (ਕਿਤਾਬ) (2004)

ਦ ਸਿੱਖ ਮੈਮਰੀ (2009)

ਵਿਸਮਾਦ (ਅਨੁ. 2013) ਆਦਿ ਹਨ।

## ਪ੍ਰਸਿੱਧ ਪੰਜਾਬੀ ਪੁਸਤਕਾਂ

**ਕੌਮੀ ਆਜ਼ਾਦੀ ਵੱਲ (1993)**

ਕਾਵਿ-ਸ਼ਾਸਤਰ: ਦੇਹ ਤੇ ਕ੍ਰਾਂਤੀ(1995)

ਵਿਸ਼ਵ ਚਿਤਨ ਅਤੇ ਪੰਜਾਬੀ ਸਾਹਿਤ (2003)

ਵਿਸਮਾਦੀ ਪੂੰਜੀ (2010)

ਉੱਤਰਆਧੁਨਿਕਤਾਵਾਦ (ਕਿਤਾਬ)

# ਜੀਵਨੀ



ਡਾ. ਗੁਰਭਗਤ ਸਿੰਘ (21 ਸਤੰਬਰ 1938 – 4 ਅਪਰੈਲ 2014) ਉੱਘੇ ਚਿੰਤਕ, ਵਿਦਵਾਨ ਖੋਜੀ, ਆਲੋਚਕ ਅਤੇ ਅੰਗਰੇਜ਼ੀ ਤੇ ਪੰਜਾਬੀ ਲੇਖਕ ਸਨ। ਉਹ ਪੱਛਮੀ ਅਧਿਅਨ ਵਿਧੀਆਂ ਦੇ ਧਾਰਨੀ ਸਨ। ਉਹ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅੰਗਰੇਜ਼ੀ ਵਿਭਾਗ ਦੇ ਸਾਬਕਾ ਮੁਖੀ ਅਤੇ ਪ੍ਰੋਫੈਸਰ ਸਨ।

ਗੁਰਭਗਤ ਸਿੰਘ ਦਾ ਜਨਮ 21 ਸਤੰਬਰ 1938 ਨੂੰ ਕੋਟਕਪੂਰਾ ਵਿਖੇ ਹੋਇਆ। ਉਹਨਾਂ ਦੇ ਪਿਤਾ ਹਰੀ ਸਿੰਘ ਜਾਚਕ ਨਾਮਵਰ ਲੇਖਕ ਸਨ। ਨਾਮਵਰ ਆਲੋਚਕ ਡਾ. ਸਤਿੰਦਰ ਸਿੰਘ ਨੂਰ ਉਹਨਾਂ ਦੇ ਭਰਾ ਸਨ। ਡਾ. ਗੁਰਭਗਤ ਸਿੰਘ ਨੇ ਅੰਗਰੇਜ਼ੀ ਵਿੱਚ ਐਮ ਏ ਅਤੇ ਪੀ–ਐਚ.ਡੀ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਤੋਂ ਕੀਤੀ ਸੀ।

## ਯੂਟਿਊਬ ਵੀਡਿਓ: ਸਿੱਖ ਸਿਆਸਤ ਨਾਲ ਗੁਫ਼ਤਗੂ

ਭਾਗ ੧ https://youtu.be/1JZLqE98q_M

ਭਾਗ ੨ https://youtu.be/UIQCobBNYJo

ਭਾਗ ੩ https://youtu.be/-t8l5Fkjyr0

http://www.sikhchintan.com/%E0%A8%B8%E0%A8%BF%E0%A9%B1%E0%A8%96-%E0%A8%95%E0%A9%8C%E0%A8%AE-%E0%A8%A6%E0%A8%BE-%E0%A8%85%E0%A8%B2%E0%A8%AC%E0%A9%87%E0%A8%B2%E0%A8%BE-%E0%A8%9A%E0%A8%BF%E0%A9%B0%E0%A8%A4%E0%A8%95-%E0%A8%A1/

# ਪੰਜਾਬ ਬਾਰੇ ਇਕ ਇਤਿਹਾਸਿਕ ਦ੍ਰਿਸ਼ਟੀਕੋਣ

ਸਟਾਲਿਨ ਆਪਣੇ ਪੈਂਫਲਿਟ 'ਮਾਰਕਸਵਾਦ ਅਤੇ ਕੌਮੀ ਪ੍ਰਸ਼ਨ' (1913) ਵਿਚ ਕੌਮ ਅਤੇ ਕੌਮੀਅਤ ਨੂੰ ਨਿਖੇੜਦਾ ਹੈ। ਉਸ ਅਨੁਸਾਰ ਕੌਮੀਅਤ ਉਹ ਲੋਕ ਹਨ, ਜੋ ਇਕ ਨਿਰੰਤਰ, ਸਥਾਈ ਸੰਗਤ ਹਨ, ਉਨ੍ਹਾਂ ਕੋਲ ਇਕ ਸਾਂਝੀ ਭਾਸ਼ਾ, ਵਿਲੱਖਣ ਇਲਾਕਾ, ਆਰਥਿਕ ਨਾਤਾਦਾਰੀ ਅਤੇ ਸਮੂਹਿਕ ਚਰਿੱਤਰ ਹਨ। ਇਹ ਕੌਮੀਅਤ ਜਦੋਂ ਰਾਜਨੀਤਕ ਆਜ਼ਾਦੀ ਜਾਂ ਪ੍ਰਭੁਤਾ ਹਾਸਲ ਕਰਕੇ ਆਪਣਾ ਰਾਜ (ਸਟੇਟ) ਸਥਾਪਤ ਕਰਦੀ ਹੈ ਤਾਂ ਕੌਮ ਬਣ ਜਾਂਦੀ ਹੈ। ਹਰ ਕੌਮੀਅਤ ਦਾ ਕੌਮ ਬਣਨਾ ਜ਼ਰੂਰੀ ਨਹੀਂ। ਕੌਮੀਅਤਾਂ ਦਸਤਕਾਰੀ ਇਨਕਲਾਬ ਪਿਛੋਂ ਉਸਰ ਰਹੇ ਵਿਸ਼ਾਲ ਅਰਥਚਾਰੇ ਵਿਚ ਮਾਰਕਸ ਅਤੇ ਏਂਗਲਜ਼ ਦੀਆਂ ਲਿਖਤਾਂ ਅਨੁਸਾਰ, ਜਜ਼ਬ ਵੀ ਹੋ ਸਕਦੀਆਂ ਹਨ। ਵੈਲਸ ਅਤੇ ਸਲਾਵ ਕੌਮੀਅਤਾਂ ਦੇ ਬਿਨਾਂ ਅਫਸੋਸ ਤੋਂ ਜਜ਼ਬ ਹੋਣ ਬਾਰੇ ਉਨ੍ਹਾਂ ਨੇ ਵਿਸ਼ੇਸ਼ ਜ਼ਿਕਰ ਕੀਤਾ ਹੈ, ਪਰ ਪਿਛੇ ਹੋਈਆਂ ਹੈਰਾਨੀਜਨਕ ਘਟਨਾਵਾਂ ਵਿਚ ਸਲੋਵਾਕ ਲੋਕਾਂ ਨੇ ਆਪਣੇ-ਆਪ ਨੂੰ ਇਕ ਸੁਤੰਤਰ ਰਾਜ ਸਥਾਪਿਤ ਕਰਕੇ ਕੌਮ ਬਣਾ ਲਿਆ ਹੈ। 'ਚੈਕੋਸਲਵਾਕੀਆ' ਦੇ ਨਾਂ ਥੱਲੇ ਬਣੇ ਗੁੱਟ ਵਿਚੋਂ ਚੈੱਕ ਲੋਕਾਂ ਤੋਂ ਵੱਖ ਕਰ ਲਿਆ ਹੈ।

ਹੁਣ ਇਤਿਹਾਸ ਵਿਚ ਨਵੇਂ ਸਿਰਿਉਂ ਇਹ ਪ੍ਰਸ਼ਨ ਖੜ੍ਹਾ ਹੋਇਆ ਹੈ ਕਿ ਕੌਮਾਂ ਆਪਣੀ ਪਛਾਣ ਕਿਉਂ ਕਾਇਮ ਰੱਖਣਾ ਚਾਹੁੰਦੀਆਂ ਹਨ? ਉਹ ਪੂੰਜੀਵਾਦ ਅਤੇ ਸਮਾਜਵਾਦ ਦੇ ਵਿਸ਼ਾਲ ਅਰਥਚਾਰਿਆਂ ਵਿਚ ਕਿਉਂ ਆਪਣੀ ਭਿੰਨਤਾ ਗਵਾਉਣਾ ਨਹੀਂ ਚਾਹੁੰਦੀਆਂ? ਫਰਾਂਸ ਅਤੇ ਅਮਰੀਕਾ ਦੇ ਪੂੰਜੀਵਾਦ ਇਕੋ ਨਹੀਂ ਹਨ, ਨਾ ਹੀ ਉਥੋਂ ਦੇ ਲੋਕ ਪੂੰਜੀਵਾਦੀ ਅਰਥਚਾਰੇ ਵਿਚ ਬਣਾਈਆਂ ਆਪਣੀਆਂ ਵਿਲੱਖਣ ਸੰਸਥਾਵਾਂ ਨੂੰ ਇਕੋ ਜਿਹਾ ਕਰਨਾ ਚਾਹੁੰਦੇ ਹਨ। ਸਗੋਂ ਉਨ੍ਹਾਂ ਦੀ ਵਿਲੱਖਣਤਾ ਉਤੇ ਉਨ੍ਹਾਂ ਨੂੰ ਮਾਣ ਹੈ। ਇਹ ਅਹਿਸਾਸ ਕੇਵਲ ਇਕ ਜਮਾਤ ਦਾ ਨਹੀਂ ਸਗੋਂ ਪਰਾ-ਜਮਾਤੀ ਹੈ। ਭੂਤਪੂਰਵ ਸੋਵੀਅਤ ਯੂਨੀਅਨ ਅਤੇ ਚੀਨ ਵੀ ਆਪਣੇ ਆਪ ਨੂੰ ਵੱਖੋ-ਵੱਖ ਰੂਪ ਵਿਚ ਵਿਕਸਿਤ ਕਰਦੇ ਰਹੇ ਹਨ। ਅੰਦਰਲੇ ਸੰਗਠਨ ਵਿਚ ਚੀਨ ਨੇ ਵੱਧ ਲਚਕ ਰੱਖੀ ਹੈ। ਨਿੱਜੀ ਜਾਇਦਾਦ ਦਾ ਸੀਮਿਤ ਅਧਿਕਾਰ, ਪ੍ਰਾਈਵੇਟ ਦਸਤਕਾਰੀ, ਘੱਟ ਗਿਣਤੀਆਂ ਦੀ ਜ਼ਿਲ੍ਹਾ-ਪ੍ਰਬੰਧ ਵਿਚ ਸ਼ਮੂਲੀਅਤ, ਵੱਧ ਮੰਨੇ ਹਨ। ਪੂਰਬੀ ਯੌਰਪ ਦੇ ਲੋਕ, ਆਪਣੀ ਕੌਮੀ ਅਤੇ ਸੱਭਿਆਚਾਰਕ ਵਿਲੱਖਣਤਾ ਨੂੰ ਕਾਇਮ ਰੱਖਣ ਲਈ ਸਮਾਜਵਾਦ ਨੂੰ ਤਿਲਾਂਜਲੀ ਦੇ ਗਏ ਹਨ। ਭੂਤਪੂਰਵ ਸੋਵੀਅਤ ਯੂਨੀਅਨ ਦੇ ਸਭ ਰਾਜਾਂ ਨੇ ਆਪਣੇ ਉੱਪਰ ਸਾਮਰਾਜੀ ਕਿਸਮ ਦੇ ਉਸ ਸਮਾਜਵਾਦੀ ਢਾਂਚੇ ਨੂੰ ਰੱਦ ਕਰ ਦਿੱਤਾ ਹੈ ਜੋ ਅੰਤ ਉਤੇ

ਇਕ ਦਿਨ ਉਨ੍ਹਾਂ ਸਭ ਨੂੰ ਜਜ਼ਬ ਕਰਨਾ ਚਾਹੁੰਦਾ ਸੀ। ਕਮਿਊਨਿਸਟ ਪਾਰਟੀ ਨੂੰ, ਜਿਸ ਦਾ ਸੰਗਠਨ ਕੌਮੀ ਪਛਾਣਾਂ ਅਤੇ ਲੋੜਾਂ ਉਤੇ ਅਧਾਰਿਤ ਨਹੀਂ ਸੀ, ਅਸਵੀਕਾਰ ਕਰ ਦਿੱਤਾ ਗਿਆ ਹੈ।

ਇਥੋਂ ਨਤੀਜਾ ਇਹ ਨਿਕਲਦਾ ਹੈ ਕਿ ਜਿਵੇਂ ਮਾਰਕਸ, ਏਂਗਲਜ਼ ਅਤੇ ਲੈਨਿਨ, ਤਿੰਨੇ ਦਾਰਸ਼ਨਿਕ ਅਤੇ ਕ੍ਰਾਂਤੀਕਾਰੀ, ਕੌਮੀ ਉਭਾਰ ਨੂੰ ਬੁਰਜੁਆਜ਼ੀ ਜਾਂ ਵਪਾਰਕ ਅਤੇ ਮਾਰਕੀਟ ਚੇਤਨਤਾ ਵਾਲੀ ਮੱਧ ਸ਼੍ਰੇਣੀ ਦੇ ਉਭਾਰ ਨਾਲ ਜੋੜਦੇ ਰਹੇ ਹਨ, ਉਹ ਪੂਰਾ ਸੱਚ ਨਹੀਂ। ਕੀ ਬਾਲਕਨ ਰਾਜਾਂ ਦੇ ਸਮਾਜਵਾਦੀ ਸੋਵੀਅਤ ਯੂਨੀਅਨ ਨਾਲੋਂ ਅੱਡ ਹੋਣ ਦਾ ਮਸਲਾ ਕੇਵਲ ਨਵੀਆਂ ਮਾਰਕੀਟਾਂ ਲੱਭਣ ਅਤੇ ਉਨ੍ਹਾਂ ਦੀ ਸਹਾਇਤਾ ਨਾਲ ਵਿਕਾਸ ਕਰਨ ਦਾ ਸੀ? ਇਸ ਵਿਚ ਕੁਝ ਹੱਦ ਤਕ ਸੱਚ ਹੈ ਪਰ ਮਸਲਾ ਕੇਵਲ ਆਰਥਿਕ ਵਿਕਾਸ ਦਾ ਨਹੀਂ। ਚੈੱਕ ਅਤੇ ਸਲੋਵਾਕ ਲੋਕ ਇਕੱਠੇ ਰਹਿ ਕੇ ਵੀ ਪੂੰਜੀਵਾਦੀ ਮਾਰਕੀਟਾਂ ਦਾ ਹਿੱਸਾ ਬਣ ਸਕਦੇ ਸਨ। ਬਾਲਕਨ ਰਾਜਾਂ ਅਤੇ ਚੈਕੋਸਲਵਾਕੀਆ ਦੀਆਂ ਵਿਭਾਜਿਤ ਕੌਮਾਂ ਨੇ ਆਪਣੇ-ਆਪ ਨੂੰ ਵੱਖ ਦੇਸ਼ਾਂ ਵਜੋਂ ਸਥਾਪਿਤ ਕਰਨ ਦੀ ਰੁਚੀ ਪਿਛੇ ਵੱਡੀ ਚੇਤਨਤਾ ਆਪਣੀ ਵਿਲੱਖਣਤਾ ਨੂੰ ਕਾਇਮ ਰੱਖਣ ਨਾਲ ਸਬੰਧਿਤ ਹੈ। ਇਹ ਚੇਤਨਤਾ ਅਤੇ ਇਸ ਦੇ ਵਿਸਥਾਰ ਹੇਗਲ, ਹਗੇਲੀਅਨ ਮਾਰਕਸਵਾਦ ਅਤੇ ਕੇਨਸੀਅਨ ਪੂੰਜੀਵਾਦ ਦੇ ਸਿਧਾਂਤਾਂ ਤੋਂ ਪਿਛੋਂ ਦੀ ਉਪਜ ਹਨ। ਪੂੰਜੀਵਾਦੀ ਦੇਸ਼ਾਂ ਵਿਚ ਇਸ ਦੇ ਸਿਧਾਂਤਕਾਰ ਇਸ ਵੇਲੇ ਸਵਰਗਵਾਸੀ ਮਾਰਲੋ ਪੌਂਤੀ, ਯਾਕ ਦੇਰਿਦਾ, ਲਿਉਤਾਰਦ ਅਤੇ ਕੁਝ ਨਵ-ਮਾਰਕਸਵਾਦੀ ਸਟੂਅਰਟ ਹਾਲ ਜ਼ਿਗਮੁੰਟ ਬੌਮਨ ਆਦਿ ਹਨ। ਲੈਨਿਨ ਦਾ ਕੌਮੀ ਰਾਜਾਂ ਦਾ ਸਿਧਾਂਤ ਅਤੇ ਗਾਂਧੀ ਦੇ ਭਾਰਤ ਲਈ ਪੂੰਜੀਵਾਦੀ ਅਤੇ ਸਮਾਜਵਾਦੀ ਅਰਥਚਾਰਿਆਂ ਤੋਂ ਵੱਖਰੇ ਮਾਡਲ ਦਾ ਸੁਝਾਅ ਵੀ ਕੌਮੀ ਪਛਾਣਾਂ ਅਤੇ ਵਿਲੱਖਣਤਾ ਬਾਰੇ ਬਣੇ ਸਿਧਾਂਤ ਅਤੇ ਦਰਸ਼ਨ ਨੂੰ ਗੌਰਵਸ਼ੀਲ ਦੇਣ ਹਨ।

ਪੱਛਮੀ ਸਿਧਾਂਤਕਾਰ, ਬੈਨਿਡਿਕਟ ਐਂਡਰਸਨ ਕਰਤਾ 'ਇੰਮੈਜਿਨਡ ਕਮਿਊਨਿਟੀਜ਼' ਨੇ ਕੌਮੀ-ਚੇਤਨਤਾ ਅਤੇ ਉਭਾਰ ਨੂੰ ਦਸਤਕਾਰੀ ਇਨਕਲਾਬ, ਗਿਆਨ ਲਹਿਰ (ਐਨਲਾਈਟਨਮੈਂਟ) ਅਤੇ ਈਸਾਈ ਸੁਧਾਰ ਲਹਿਰ (ਰੈਫਰਮਿਜ਼ਮ) ਨਾਲ ਜੋੜਿਆ ਹੈ। ਇਨ੍ਹਾਂ ਦੇ ਸਮਵਰਤਨ ਅਤੇ ਨਤੀਜੇ ਵਜੋਂ ਜੋ ਛਾਪਾ ਪੂੰਜੀਵਾਦ (ਪ੍ਰਿੰਟ ਕੈਪੀਟਲਿਜ਼ਮ) ਅਤੇ ਨਵਾਂ ਅਰਥਚਾਰਾ ਹੋਂਦ ਵਿਚ ਆਏ, ਐਂਡਰਸਨ ਅਨੁਸਾਰ ਉਨ੍ਹਾਂ ਨੇ ਮਨੋਕਲਪਿਤ ਸੰਗਤਾਂ ਜਾਂ ਕਮਿਊਨਿਟੀਆਂ ਹੋਂਦ ਵਿਚ ਲਿਆਂਦੀਆਂ। ਸਧਾਰਨ ਸ਼ਬਦਾਂ ਵਿਚ ਹੁਣ ਦਿਸ ਰਹੀਆਂ ਕੌਮਾਂ ਪਹਿਲਾਂ ਕੁਝ ਪ੍ਰਬੰਧਕੀ ਆਵਾਜਾਈ, ਪੁਸਤਕ/ਅਖਬਾਰ ਕ੍ਰਾਂਤੀ ਅਤੇ ਨਵੇਂ ਪੂੰਜੀਵਾਦੀ ਅਰਥਚਾਰੇ ਤੋਂ ਪੈਦਾ ਹੋਏ ਸੰਗਠਨ ਨਾਲ, ਸਾਮਰਾਜੀ ਸਥਿਤੀ ਵਿਚ ਜਨਮੀਆਂ। ਇਨ੍ਹਾਂ ਨੇ ਵਪਾਰਕ ਮੱਧ-ਸ਼੍ਰੇਣੀ ਦੇ ਤਾਕਤ ਫੜਨ ਅਤੇ ਨਵੀਆਂ ਮੰਡੀਆਂ ਦੀ ਸਹਾਇਤਾ ਨਾਲ ਵਧਣ ਫੁੱਲਣ ਦੀ ਇੱਛਾ ਬਲਵਾਨ ਹੋਣ

ਉਤੇ ਸਾਮਰਾਜੀ ਸ਼ਿਕੰਜੇ ਵਿਚੋਂ ਨਿਕਲ ਕੇ ਆਪਣੇ ਆਜ਼ਾਦ ਰਾਜ ਸਥਾਪਿਤ ਕਰ ਲਏ। ਐਂਡਰਸਨ ਇਨ੍ਹਾਂ ਕੌਮਾਂ ਦੀ ਹੋਂਦ ਨੂੰ ਲਾਤੀਨੀ ਭਾਸ਼ਾ ਦੇ ਦੈਵੀ-ਮੂਲ ਸਿਧਾਂਤ ਦੇ ਉਥਾਨ ਅਤੇ ਸਥਾਨਕ ਭਾਸ਼ਾਵਾਂ ਦੇ ਵਿਕਾਸ ਨਾਲ ਵੀ ਸਬੰਧਿਤ ਕਰਦਾ ਹੈ।

ਭਾਰਤ ਦੀ ਸਥਿਤੀ ਕੁਝ ਵੱਖਰੀ ਹੈ। ਇਥੇ ਭਿੰਨ-ਭਿੰਨ ਭੂਗੋਲਿਕ ਖਿੱਤਿਆਂ ਦਾ ਕਦੇ ਵੀ ਆਪਸ ਵਿਚ ਨੇੜੇ ਦਾ ਸਬੰਧ ਨਹੀਂ ਰਿਹਾ। ਅਸ਼ੋਕ ਦੇ ਰਾਜ ਅਤੇ ਮੁਗ਼ਲ ਹਕੂਮਤ ਦੇ ਸ਼ਕਤੀਵਰ ਪ੍ਰਬੰਧ ਦੇ ਬਾਵਜੂਦ ਆਵਾਜਾਈ, ਦਸਤਕਾਰੀ ਅਤੇ ਵਿਗਿਆਨਕ ਤਰੱਕੀ ਘੱਟ ਹੋਣ ਕਾਰਨ, ਵਿਸ਼ੇਸ਼ ਕਰਕੇ 800 ਈਸਵੀ ਤੋਂ 1850 ਈਸਵੀ ਤਕ, ਪੱਛਮ ਵਾਂਗ ਸਾਰੇ ਖਿੱਤਿਆਂ ਨੂੰ ਜੋੜਨ ਵਾਲੀ ਕੋਈ ਪ੍ਰਬੰਧਕੀ ਜਮਾਤ ਜਾਂ ਇਸ ਦਾ ਸਹਾਇਕ ਸੰਚਾਰ ਪ੍ਰਬੰਧ ਹੋਂਦ ਵਿਚ ਨਾ ਆ ਸਕੇ। ਨਾ ਹੀ ਉਹ ਪੁਸਤਕੀ/ਅਖਬਾਰ ਕ੍ਰਾਂਤੀ ਅਤੇ ਇਸ ਨਾਲ ਸਿਰਜੀ 'ਮਨੋਕਲਪਿਤ ਕਮਿਊਨਿਟੀ' ਹੋਂਦ ਵਿਚ ਆ ਸਕੀ ਜੋ ਪੱਛਮ ਵਾਂਗ ਇਕ ਸੈਕੂਲਰ ਤੇ ਨਵੀਆਂ ਮੰਡੀਆਂ ਲੱਭਣ ਦੀ ਇੱਛਾ ਅਤੇ ਵੱਧ ਰਹੇ ਪੂੰਜੀਵਾਦ ਦਾ ਮਾਡਲ ਲੈ ਕੇ ਵਧਣ ਫੁੱਲਣ ਲਈ, ਕੌਮੀ ਰਾਜ ਸਥਾਪਿਤ ਕਰ ਸਕਦੀ। ਸਭ ਭੂਗੋਲਿਕ ਖਿੱਤਿਆਂ ਵਿਚ, ਬਰਤਾਨਵੀ ਸਾਮਰਾਜ ਦੀ ਸਹਾਇਤਾ ਨਾਲ ਹੋਂਦ ਵਿਚ ਆਏ ਮੱਧ ਵਰਗ ਨੇ ਪਹਿਲੀ ਵਾਰ ਅਜਿਹੀ ਇੱਛਾ ਅਤੇ ਪਛਾਣ ਉਨੀਵੀਂ ਸਦੀ ਦੇ ਅਖੀਰ ਵਿਚ ਬਣਾਈ ਜਿਸ ਨੇ ਇਕ ਉਪਰ-ਕੌਮੀ-ਰਾਜ ਲਈ ਲਹਿਰ ਚਲਾ ਕੇ 1947 ਵਿਚ ਆਜ਼ਾਦੀ ਹਾਸਲ ਕੀਤੀ।

ਪਰ ਸਮਝਣ ਵਾਲੀ ਗੱਲ ਇਹ ਹੈ ਕਿ ਬਰਤਾਨਵੀ ਸਾਮਰਾਜ ਦੀ ਸਹਾਇਤਾ ਅਤੇ ਉਨ੍ਹਾਂ ਦੀਆਂ ਲੋੜਾਂ ਮੁਤਾਬਕ ਜੋ ਮੱਧ ਵਰਗ ਵੱਖ-ਵੱਖ ਭੂਗੋਲਿਕ ਇਤਿਹਾਸਕ ਖਿੱਤਿਆਂ ਵਿਚ ਪੈਦਾ ਹੋਇਆ ਉਹ ਬਨਾਵਟੀ ਸੀ, ਭੂਗੋਲਿਕ ਇਤਿਹਾਸਕ ਖਿੱਤਿਆਂ ਦੀਆਂ ਸੰਭਾਵਨਾਵਾਂ ਅਤੇ ਨਿਆਇ ਦੀ ਉਪਜ ਨਹੀਂ ਸੀ। ਇਹ ਇਕ ਇਤਿਹਾਸਕ ਭ੍ਰਿਸ਼ਟਤਾ (ਪਰਵਰਸ਼ਨ) ਸੀ ਜੋ ਸਾਮਰਾਜ ਨੇ ਆਪਣੀਆਂ ਲੋੜਾਂ ਅਨੁਸਾਰ ਕੀਤੀ। ਕੁਝ ਇਸ ਤਰ੍ਹਾਂ ਦੀ ਭ੍ਰਿਸ਼ਟਤਾ ਹੀ ਕਮਿਊਨਿਸਟ ਪਾਰਟੀ ਨੇ ਭੂਤਪੂਰਵ ਸੋਵੀਅਤ ਯੂਨੀਅਨ ਦੇ ਕੌਮੀ ਰਾਜਾਂ ਅਤੇ ਬਾਲਕਨ ਰਾਜਾਂ ਵਿਚ ਕੁਝ ਵਰ੍ਹੇ ਕਰਨ ਦਾ ਯਤਨ ਕੀਤਾ। ਇਸ ਦਾ ਕਾਰਨ ਲੈਨਿਨ ਦਾ ਸਵੈ-ਵਿਰੋਧੀ ਦਰਸ਼ਨ ਸੀ ਜਿਸ ਵਿਚ ਉਸ ਨੇ ਕੌਮੀ ਪਛਾਣਾਂ ਉਤੇ ਰਾਜਾਂ ਅਤੇ ਇਕ ਮੁਖੀ ਕਮਿਊਨਿਸਟ ਪਾਰਟੀ ਦੀ ਸੰਰਚਨਾ ਨੂੰ ਇਕੋ ਰੱਸੇ ਬੰਨ੍ਹਣ ਦੀ ਕੋਸ਼ਿਸ਼ ਕੀਤੀ ਸੀ। ਇਸ ਲੁਕੇ ਹੋਏ ਵਿਰੋਧ-ਬੰਬ ਨੇ ਇਕ ਦਿਨ ਫਟਣਾ ਹੀ ਸੀ।

ਭਾਰਤ ਦੇ ਭੂਗੋਲਿਕ-ਇਤਿਹਾਸਕ ਖਿੱਤੇ ਆਪਣੀ ਇਕੱਲ ਅਤੇ ਨਾਮ ਮਾਤਰ ਕੇਂਦਰੀ ਜੋੜ ਦੀ

ਸਥਿਤੀ ਵਿਚ ਵਿਲੱਖਣ ਇਕਾਈਆਂ ਵਜੋਂ ਅੰਤਰੀਵ ਵਿਕਾਸ ਕਰਦੇ ਰਹੇ। ਉਨ੍ਹਾਂ ਦੀਆਂ ਆਪਣੀਆਂ ਲੋਕ-ਪ੍ਰਿਯ ਭਾਸ਼ਾਵਾਂ, ਰਹਿਣ-ਸਹਿਣ, ਵਿਚਾਰ, ਲੋਕ ਸਾਹਿਤ, ਅਰਥਚਾਰੇ ਆਦਿ ਵੱਖਰੀਆਂ ਪਛਾਣਾਂ ਬਣਾਉਂਦੇ ਰਹੇ। ਹਰ ਭੂਗੋਲਿਕ ਇਤਿਹਾਸਕ ਅਤੇ ਭਾਸ਼ਾਈ ਖਿੱਤੇ ਵਿਚ ਕੌਮ ਬਣਨ ਦੀ ਸੰਭਾਵਨਾ ਬਣ ਗਈ। ਭਗਤੀ ਲਹਿਰ ਸਮੇਂ ਵੱਖ-ਵੱਖ ਖਿੱਤਿਆਂ ਨੇ ਲੋਕ-ਪ੍ਰਿਯ ਜਾਂ ਸਥਾਨਕ ਭਾਸ਼ਾਵਾਂ ਵਿਚ ਆਪਣਾ ਪ੍ਰਕਾਸ਼ ਕੀਤਾ ਅਤੇ ਉਸ ਤੋਂ ਪਿਛੋਂ ਆਪਣੇ ਸਥਾਨਕ ਸਾਹਿਤਾਂ ਦੀ ਪ੍ਰੰਪਰਾ ਨੂੰ ਸਥਾਪਤ ਕੀਤਾ। ਲਗਭਗ 12ਵੀਂ ਸਦੀ ਤੋਂ ਇਨਾਂ੍ਹ ਸਥਾਨਕ ਸਾਹਿਤਾਂ ਅਤੇ ਭਾਸ਼ਾਵਾਂ ਦੀ ਵੱਖਰੀ ਹਸਤੀ ਪੱਕੀ ਹੋ ਰਹੀ ਸਪੱਸ਼ਟ ਹੋ ਜਾਂਦੀ ਹੈ। ਸਥਾਨਕ ਸਾਹਿਤਾਂ ਅਤੇ ਭਾਸ਼ਾਵਾਂ ਦੀ ਸਥਾਪਤੀ ਦਾ ਅਰਥ ਇਕ ਕੇਂਦਰੀ ਅਤੇ ਕਹੀ ਜਾਂਦੀ ਦੈਵੀ ਭਾਸ਼ਾ-ਸੰਸਕ੍ਰਿਤ ਜਾਂ ਅਰਬੀ ਨਾਲੋਂ ਟੁੱਟਣਾ ਵੀ ਸੀ। ਪੰਜਾਬ ਵਿਚ ਸਿੱਖ ਗੁਰੂ ਸਾਹਿਬਾਨ, ਸੂਫੀ ਕਵੀਆਂ ਅਤੇ ਕਿੱਸਾਕਾਰਾਂ ਨੇ ਇਥੋਂ ਦੀ ਸਥਾਨਕ ਭਾਸ਼ਾ ਪੰਜਾਬੀ ਵਿਚ ਸਾਹਿਤ ਰਚ ਕੇ ਇਸ ਖਿੱਤੇ ਵਿਚ ਉਭਰ ਰਹੀਆਂ ਕੌਮੀ ਸੰਭਾਵਨਾਵਾਂ ਨੂੰ ਇਕ ਸੰਗਠਿਤ ਰੂਪ ਦਿੱਤਾ। ਭਾਵੇਂ ਇਥੇ ਦਸਤਕਾਰੀ ਇਨਕਲਾਬ ਅਤੇ ਪੂੰਜੀਵਾਦੀ ਅਰਥਚਾਰਾ ਨਾ ਹੋਂਦ ਵਿਚ ਆ ਸਕੇ ਕਿਉਂਕਿ ਉਸ ਤਰ੍ਹਾਂ ਦਾ ਵਿਕਾਸ ਕੁਝ ਮੁਗ਼ਲ ਸਾਮਰਾਜ ਨੇ ਅਤੇ ਕੁਝ ਬਰਤਾਨਵੀ ਸਾਮਰਾਜ ਨੇ ਆਪਣੀਆਂ ਪ੍ਰਬੰਧਕੀ ਅਤੇ ਲੋਟੂ ਲੋੜਾਂ ਕਾਰਨ ਰੋਕ ਦਿੱਤਾ ਸੀ, ਪਰ ਭੂਮੀ-ਆਧਾਰਿਤ ਜਾਗੀਰਦਾਰੀ ਜਾਂ ਸੁਲਤਾਨ ਕੇਂਦਰਿਤ ਆਰਥਿਕ ਸੰਗਠਨ ਦਾ ਹੰਭਣਾ ਅਤੇ ਸੰਭਾਵਨਾਵਾਂ ਰਹਿਤ ਹੋਣਾ ਸਾਫ ਹੋ ਚੁੱਕਾ ਸੀ। ਇਸ ਦੇ ਵਿਕਾਸ ਰਹਿਤ ਹੋਣ ਕਾਰਨ ਹੀ ਰਾਜ ਵਰਗ ਦੀਆਂ ਲੋੜਾਂ ਪੂਰੀਆਂ ਕਰਨ ਲਈ ਦਮਨ ਵਧਿਆ ਸੀ। ਨਤੀਜੇ ਵਜੋਂ ਬਦਲ ਬਾਰੇ ਚਿੰਤਨ ਹੋਣਾ ਜ਼ਰੂਰੀ ਸੀ। ਕਿਸੇ ਨਵੀਂ ਲਹਿਰ ਦਾ ਹੋਂਦ ਵਿਚ ਆਉਣਾ ਵੀ ਇਕ ਇਤਿਹਾਸਕ ਲੋੜ ਬਣ ਗਈ ਸੀ।

ਇਸ ਇਤਿਹਾਸਕ ਲੋੜ ਨੂੰ ਸਿੱਖ ਗੁਰੂ ਸਾਹਿਬਾਨ ਨੇ ਪੂਰਾ ਕਰਨ ਦਾ ਯਤਨ ਕੀਤਾ। ਉਨ੍ਹਾਂ ਨੇ ਜੋ ਬਦਲ ਦਿੱਤਾ ਉਹ ਸਮਝੀਆਂ ਜਾਂਦੀਆਂ ਦੈਵੀ ਭਾਸ਼ਾਵਾਂ, ਸੰਸਕ੍ਰਿਤ ਅਤੇ ਅਰਬੀ ਤੋਂ ਬਗਾਵਤ ਸੀ। ਗੁਰੂ ਸਾਹਿਬਾਨ ਨੇ ਇਕ ਸਥਾਨਕ ਅਤੇ ਲੋਕ ਪ੍ਰਿਯ ਭਾਸ਼ਾ ਨੂੰ ਜੋ ਲਗਭਗ ਸਾਰੇ ਉਤਰ ਭਾਰਤੀ ਇਲਾਕਿਆਂ ਵਿਚ ਸਮਝੀ ਜਾਂਦੀ ਸੀ, ਆਪਣੇ ਚਿੰਤਨ ਦਾ ਮਾਧਿਅਮ ਬਣਾਇਆ। ਇਸ ਦਾ ਅਰਥ ਲੋਕਾਂ ਨੂੰ ਉਸ ਸੋਚ-ਪ੍ਰਣਾਲੀ ਅਤੇ ਸੰਸਕਾਰਾਂ ਤੋਂ ਤੋੜਨਾ ਸੀ ਜਿਸ ਨੂੰ ਬ੍ਰਾਹਮਣੀ ਪੰਡਿਤ ਵਰਗ, ਮੁਗ਼ਲ ਪ੍ਰਬੰਧ ਅਤੇ ਇਸ ਦੇ ਸਹਾਇਕ ਮੁੱਲਾਂ-ਮੁਲਾਣੇ ਆਪਣੇ ਸ਼ਾਸਨ ਅਤੇ ਪ੍ਰਭੁਤਾ ਲਈ ਵਰਤਦੇ ਸਨ। ਇਸ ਤੋਂ ਵੀ ਵੱਧ ਉਹ ਜਨ ਸਾਧਾਰਨ ਦੇ ਮਨ ਅਤੇ ਸਰੀਰ ਨੂੰ ਇਸ ਮਾਧਿਅਮ ਲਈ ਸੋਧਾਉਂਦੇ ਸਨ। ਇਸ ਪ੍ਰਭੁਤਾ ਨੂੰ ਤੋੜਨ ਲਈ ਵਿਰੋਧੀ ਪ੍ਰਭੁਤਾ ਜ਼ਰੂਰੀ ਸੀ।

ਵਿਰੋਧੀ-ਪ੍ਰਭੁਤਾ ਲਈ ਸੁਧਾਰੀ ਅਤੇ ਸਿਰਜਨਾਤਮਕ ਭਾਸ਼ਾ ਵਿਚ ਸੰਸਕ੍ਰਿਤ ਅਤੇ ਅਰਬੀ ਸੋਮਿਆਂ ਦੇ ਪਰਿਭਾਸ਼ਿਕ ਜਾਂ ਦਾਰਸ਼ਨਿਕ ਸ਼ਬਦ ਅਸਲ ਜਾਂ ਬਦਲੇ ਰੂਪ ਵਿਚ ਚੇਤੰਨ ਤੌਰ 'ਤੇ ਸ਼ਾਮਲ ਕੀਤੇ ਗਏ ਸਨ ਤਾਂ ਕਿ ਉਨ੍ਹਾਂ ਨੂੰ ਪੁਰਾਣੇ ਸੰਸਕਾਰਾਂ ਨਾਲੋਂ ਤੋੜ ਕੇ ਨਵੇਂ ਅਰਥ ਦਿੱਤੇ ਜਾ ਸਕਣ, ਨਵੇਂ ਮਨੋ-ਸਰੀਰਕ ਸੰਗਠਨ ਲਈ ਵਰਤਿਆ ਜਾ ਸਕੇ। ਵਿਰੋਧੀ-ਪ੍ਰਭੁਤਾ ਸਥਾਪਿਤ ਕਰਨ ਵਾਲੀ ਇਸ ਲੋਕ-ਪ੍ਰਿਯ ਭਾਸ਼ਾ ਅਤੇ ਇਸ ਦੇ ਦਰਸ਼ਨ ਨੂੰ ਫੈਲਾਉਣ ਨਾਲ ਜੋ ਵਰਗ ਪੈਦਾ ਹੋਇਆ ਉਹ ਇਕ ਨਵੀਂ ਸੰਗਤ (ਕਮਿਊਨਿਟੀ) ਸੀ। ਯੋਰਪ ਦੀਆਂ ਸਥਾਨਕ ਭਾਸ਼ਾਵਾਂ ਅਤੇ ਪ੍ਰਿੰਟ-ਇਨਕਲਾਬ ਦੇ ਬਰਾਬਰ ਉੱਤਰੀ ਭਾਰਤ ਜਾਂ ਪੰਜਾਬ ਵਿਚ ਪੰਜਾਬੀ ਭਾਸ਼ਾ ਦੀ ਸਥਾਪਤੀ ਅਤੇ ਮੌਖਿਕ ਜਾਂ ਹੱਥ ਲਿਖਤ ਗ੍ਰੰਥਾਂ ਰਾਹੀਂ ਨਵੀਂ ਚੇਤਨਤਾ ਦਾ ਸਿਰਜਣਾ ਸੀ ਜੋ ਬ੍ਰਾਹਮਣਵਾਦੀ ਇੱਕਵਾਦ ਅਤੇ ਸੁਲਤਾਨੀ ਕੁੱਲਵਾਦ ਨਾਲੋਂ ਤੋੜ ਕੇ ਇਕ ਭੂਗੋਲਿਕ ਇਤਿਹਾਸਿਕ ਖਿੱਤੇ ਦੀ ਪ੍ਰਤਿਭਾ ਅਨੁਸਾਰ ਲੋਕਾਂ ਦਾ ਨਵਾਂ ਸੰਗਠਨ ਰਚਣ ਦਾ ਯਤਨ ਸੀ।

ਗੁਰੂ ਨਾਨਕ ਦੇਵ ਜੀ ਤੋਂ ਗੁਰੂ ਗੋਬਿੰਦ ਸਿੰਘ ਦੇ ਸਮੇਂ ਤਕ ਇਸ ਨਵੀਂ ਕ੍ਰਾਂਤੀਕਾਰੀ ਭਾਸ਼ਾ ਪੰਜਾਬੀ ਅਤੇ ਇਸ ਵਿਚ ਪ੍ਰਗਟਾਏ ਗਏ ਗੁਰੂ ਦਰਸ਼ਨ ਅਤੇ ਭਗਤ ਬਾਣੀ ਤੋਂ ਪ੍ਰਭਾਵਿਤ ਜੋ ਸੰਗਤ ਤਿਆਰ ਹੋਈ, ਜਿਸ ਵਿਚ ਸਭ ਵਰਗਾਂ ਦੇ ਮੈਂਬਰ ਸ਼ਾਮਲ ਸਨ, ਪੰਜਾਬੀ ਕ਼ੌਮ ਬਣੀ। ਜੋ 'ਖ਼ਾਲਸਾ' ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ 1699 ਈਸਵੀ ਵਿਚ ਸਜਾਇਆ ਉਹ ਪੰਜਾਬੀ ਕ਼ੌਮ ਸੀ। ਇਸ ਦੀ ਪਹਿਲੀ ਵਾਰ 'ਖ਼ਾਲਸਾ' ਕਹਿ ਕੇ ਸਾਜਨਾ ਕੀਤੀ ਗਈ। 'ਸਿੰਘ', 'ਖ਼ਾਲਸਾ' ਪੰਜਾਬੀ ਕ਼ੌਮ ਦੇ ਹੀ ਆਧੁਨਿਕ ਨਾਂ ਸਨ। ਇਸ ਨਜ਼ਰ ਤੋਂ ਗੁਰੂ ਗ੍ਰੰਥ ਸਾਹਿਬ ਦਾ ਮਹੱਤਵ ਇਕ ਆਧੁਨਿਕ ਅਤੇ ਉੱਤਰ-ਆਧੁਨਿਕ ਗ੍ਰੰਥ ਵਜੋਂ ਹੈ। ਸਾਡੀ ਆਧੁਨਿਕਤਾ ਅਤੇ ਉੱਤਰ ਆਧੁਨਿਕਤਾ ਦਾ ਆਰੰਭ ਇਸੇ ਗ੍ਰੰਥ ਤੋਂ ਹੀ ਹੁੰਦਾ ਹੈ।

ਨਵੀਂ ਕ਼ੌਮ ਦਾ ਸ਼ਸਤਰੀਕਰਣ ਅਤੇ ਮੁਗ਼ਲ ਸਲਤਨਤ ਨਾਲ ਸੰਗਰਾਮ, ਪੰਜਾਬੀ ਕ਼ੌਮ ਦੀ ਸਵੈ-ਸਥਾਪਨਾ ਸੀ। ਇਸ ਦੇ ਦਰਸ਼ਨ ਵਿਚ ਸੁਲਤਾਨ ਕੇਂਦਰਿਤ ਪ੍ਰਬੰਧ ਅਤੇ ਅਰਥਚਾਰੇ, ਬ੍ਰਾਹਮਣੀ ਜਾਂ ਇਸਲਾਮੀ ਪ੍ਰਕਾਰ ਦੀ ਪ੍ਰੋਹਤ ਜਾਂ ਮੁੱਲਾਂ-ਮੰਡਲੀ ਦੀ ਕੋਈ ਥਾਂ ਨਹੀਂ ਸੀ। ਸਮੁੱਚੇ ਵਿਸ਼ਵ ਨੂੰ ਇਕ ਭਰਾਤਰੀਅਤਾ, ਸੁੰਦਰਤਾ ਅਤੇ ਸੰਗੀਤ ਦਾ ਵਿਸ਼ਵ ਮੰਨ ਕੇ ਭੂਗੋਲਿਕ-ਇਤਿਹਾਸਕ ਖਿੱਤੇ ਦੀ ਪ੍ਰਤਿਭਾ ਅਨੁਸਾਰ, ਵਿਸ਼ਵ ਅਨੁਭਵ ਅਤੇ ਸਥਾਨਕ ਸਥਿਤੀ ਦੇ ਕਰਮਸ਼ੀਲ ਸੰਯੋਗ ਨਾਲ ਉਤੇਜਿਤ ਭਾਸ਼ਾ ਸੰਗ ਜੋੜੀ ਸੰਗਤ ਨੂੰ ਸੰਗਰਾਮ ਰਾਹੀਂ ਇਕ ਆਜ਼ਾਦ ਅਤੇ ਰਾਜਨੀਤਕ ਪ੍ਰਭੁਤਾ ਵਾਲਾ ਰਾਜ ਦੇ ਕੇ ਪੱਕਾ ਕਰਨ ਦਾ ਯਤਨ ਕਰਨਾ ਸੀ। ਇਸ ਯਤਨ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਪੂਰੀਆਂ ਸੰਭਾਵਨਾਵਾਂ ਵਿਚ ਨਹੀਂ ਸਮਝਿਆ। ਨਹੀਂ ਤਾਂ ਖ਼ਾਲਸਾ ਰਾਜ ਦਾ ਢਾਂਚਾ ਹੋਰ ਬਣਦਾ।

ਬਰਤਾਨਵੀ ਸਾਮਰਾਜ ਨੇ 1849 ਵਿਚ ਪੰਜਾਬ ਉਤੇ ਕਬਜ਼ਾ ਕਰਕੇ ਵਿਗਸ ਰਹੇ ਕੌਮੀ ਪੰਜਾਬੀ ਰਾਜ ਨੂੰ ਢਾਹ ਲਾਈ। ਸਾਮਰਾਜੀ ਸਫਲਤਾ ਦਾ ਕਾਰਨ ਉਨ੍ਹਾਂ ਦਾ ਬਿਹਤਰ ਫੌਜੀ ਸੰਗਠਨ ਅਤੇ ਵਧੀਆ ਹਥਿਆਰ ਸਨ। ਪਿਛੋਂ ਉਨ੍ਹਾਂ ਨੇ ਨੀਤੀ ਵਰਤ ਕੇ ਆਪਣੇ ਸਾਮਰਾਜੀ ਅਤੇ ਅੰਤਰਰਾਸ਼ਟਰੀ ਪੂੰਜੀਵਾਦ ਨਾਲ ਜੋੜਨ ਵਾਸਤੇ ਬਣ ਰਹੀ ਪੰਜਾਬੀ ਕੌਮ ਨੂੰ ਚੇਤਨ ਤੌਰ 'ਤੇ ਬਖੇਰ ਦਿੱਤਾ। ਲੋਕਾਂ ਨੂੰ ਅੱਡ-ਅੱਡ ਸੰਪਰਦਾਵਾਂ ਅਤੇ ਫਿਰਕਿਆਂ ਵਿਚ ਵੰਡ ਦਿੱਤਾ। ਜਿਸ ਭਾਸ਼ਾ ਉਤੇ ਅਧਾਰਤ ਇਕ ਕੌਮੀ ਇਨਕਲਾਬ ਉਸਰ ਰਿਹਾ ਸੀ ਉਸ ਨੂੰ ਛੁਟਿਆ ਦਿੱਤਾ, ਜਾਂ ਕੇਵਲ ਇਕੋ ਫਿਰਕੇ ਦੀ ਜ਼ੁਬਾਨ ਹੋਣ ਦੀ ਗੱਲ ਤੋਰ ਦਿੱਤੀ ਗਈ। ਪੰਜਾਬੀ ਭਾਸ਼ਾ ਨੂੰ ਰਾਜ ਭਾਗ ਅਤੇ ਨਿਤਾਪ੍ਰਤੀ ਕਾਰ-ਵਿਹਾਰ ਵਿਚ ਨਾ ਵਰਤਨਾ, ਅੰਗਰੇਜ਼ੀ ਅਤੇ ਉਰਦੂ ਦਾ ਬੋਲਬਾਲਾ ਰੱਖਣਾ, ਪੰਜਾਬੀ ਕੌਮ ਦੀ ਬਣ ਰਹੀ ਵਿਲੱਖਣਤਾ ਅਤੇ ਇਸ ਦੇ ਸ਼ਸਤਰੀ ਭੂਤਕਾਲ ਨਾਲੋਂ ਤੋੜਨਾ ਸੀ। ਪੰਜਾਬ ਦਾ ਮੌਜੂਦਾ ਸੰਗਰਾਮ ਜਿਸ ਦੀ ਸਰਦਾਰੀ ਸਿੱਖ ਨੌਜਵਾਨਾਂ ਕੋਲ ਹੈ, ਅਸਲ ਵਿਚ ਪੰਜਾਬੀਆਂ ਨੂੰ ਉਸ ਇਨਕਲਾਬੀ ਭਾਸ਼ਾ ਨਾਲ ਮੁੜ ਜੋੜ ਕੇ ਉਸੇ ਪੰਜਾਬੀ ਕੌਮ ਦੀ ਰਾਜਨੀਤਕ ਪ੍ਰਭੁਤਾ ਜਾਂ ਅਜ਼ਾਦੀ ਨਾਲ ਸਥਾਪਨਾ ਕਰਨਾ ਹੈ ਜਿਸ ਦਾ ਸੁਪਨਾ ਗੁਰੂ ਸਾਹਿਬਾਨ ਨੇ ਲਿਆ ਸੀ ਪਰ ਇਤਿਹਾਸ ਨੇ ਪੂਰਾ ਨਾ ਹੋਣ ਦਿੱਤਾ। ਇਹ ਵੱਖਰੀ ਗੱਲ ਹੈ ਕਿ ਸਿੱਖ ਨੌਜਵਾਨਾਂ ਦੇ ਸੰਗਠਨ ਇਸ ਕਾਰਜ ਨੂੰ ਨਾ ਤਾਂ ਅਜੇ ਤਕ ਯੋਗ ਢੰਗ ਨਾਲ ਸਿੱਧਾਂਤਬੱਧ ਕਰ ਚੁੱਕੇ ਹਨ ਅਤੇ ਨਾ ਹੀ ਉਸ ਨਾਲ ਸਬੰਧਤ ਸਮੁੱਚੇ ਅਮਲ ਨੂੰ ਪੂਰੀ ਤਰ੍ਹਾਂ ਜ਼ਬਤ ਵਿਚ ਰੱਖ ਸਕੇ ਹਨ।

ਸਪੱਸ਼ਟ ਹੈ ਜੇ ਗੁਰੂ ਸਾਹਿਬਾਨ ਦੇ ਮਾਡਲ ਅਤੇ ਵਿਸ਼ਵ ਅਨੁਭਵ ਅਨੁਸਾਰ ਚੱਲਣਾ ਹੈ ਤਾਂ ਉਨ੍ਹਾਂ ਦੇ ਸੁਪਨੇ ਨੂੰ ਸਾਕਾਰ ਕਰਨ ਵਾਲੇ ਕਰਮ ਵਿਚ ਕਿਸੇ ਫਿਰਕਾਪ੍ਰਸਤੀ ਜਾਂ ਸੰਕੀਰਣਤਾ ਦੀ ਕੋਈ ਥਾਂ ਨਹੀਂ ਹੋ ਸਕਦੀ। ਇਹ ਕਰਮ ਇਕ ਮਾਡਲ ਕੌਮ ਦੀ ਸਥਾਪਨਾ ਲਈ ਜੂਝਣਾ ਹੈ ਜੋ ਜ਼ਿੰਦਗੀ ਨੂੰ ਸ਼ਾਇਰੀ, ਸੰਗੀਤ ਅਤੇ ਸੁੰਦਰਤਾ ਵਜੋਂ ਦੇਖਦੀ ਹੈ। ਦਮਨ ਅਤੇ ਭ੍ਰਸ਼ਟਤਾ ਨੂੰ ਨਾਸ਼ ਕਰਨਾ ਚਾਹੁੰਦੀ ਹੈ। ਇਸ ਕੌਮ ਨੂੰ ਸਭ ਤੋਂ ਵੱਡਾ ਰੂਪਕ ਜੋ ਗੁਰੂ ਸਾਹਿਬਾਨ ਨੇ ਦਿੱਤਾ ਹੈ, ਉਹ ਪ੍ਰੇਮ ਹੈ। ਪਰ ਇਸ ਪ੍ਰੇਮ ਨੂੰ ਜ਼ਿੰਦਗੀ ਦੇ ਸੰਗਠਨ ਵਿਚ ਸਾਕਾਰ ਕਰਨ ਲਈ ਜੰਗ ਵੀ ਇਸੇ ਦਾ ਹਿੱਸਾ ਹੈ। ਗੁਰੂ ਸਾਹਿਬਾਨ ਦੇ ਮਾਡਲ ਵਿਚ ਪ੍ਰੇਮ ਅਤੇ ਇਸ ਲਈ ਜੰਗ ਇਕੋ-ਕਰਮ ਦੇ ਦੋ ਪਹਿਲੂ ਹਨ। ਇਹ ਸੁਪਨਾ ਤਦ ਹੀ ਸਾਕਾਰ ਹੋ ਸਕਦਾ ਹੈ ਜੇ ਇਸ ਤੋਂ ਅਭਿੱਜ ਜਾਂ ਭੱਜੇ ਹੋਏ ਭਰਾਵਾਂ ਨੂੰ ਇਸ ਦੀ ਸੁੰਦਰਤਾ ਅਤੇ ਮਨੁੱਖਵਾਦ ਉਜਾਗਰ ਕਰਕੇ ਵਾਪਸ ਆਉਣ ਲਈ ਪ੍ਰੇਰਿਆ ਜਾ ਸਕੇ। ਇਕੱਠੇ ਜੂਝਣ ਲਈ ਤਿਆਰ ਕੀਤਾ ਜਾ ਸਕੇ। ਅੰਤਰਰਾਸ਼ਟਰੀ ਕਮਿਊਨਿਟੀਆਂ ਨੂੰ ਵੀ ਇਹ ਦੱਸਿਆ ਜਾ ਸਕੇ ਕਿ ਇਹ ਸੁਪਨਾ ਸਾਕਾਰ ਕਰਨ ਦੇ ਇੱਛੁਕ ਨਾ ਕਾਤਲ ਹਨ ਅਤੇ ਨਾ ਹੀ ਦੂਜਿਆਂ ਦੇ ਅਧਿਕਾਰ ਖੋਹਣ ਵਾਲੇ ਸਗੋਂ ਖੋਹੇ

ਗਏ ਮਨੁੱਖੀ ਅਧਿਕਾਰਾਂ ਨੂੰ ਵਾਪਸ ਦੁਆਉਣ ਵਾਲੇ ਮਨੁੱਖਵਾਦੀ ਹਨ। ਸੱਭਿਆਚਾਰਕ ਵਿਗਾੜਾਂ ਅਤੇ ਦਮਨ ਚਾਲਾਕੀ ਨਾਲ ਆਏ ਅੰਤਰਾਂ ਨੂੰ ਮਿਟਾਉਣ ਵਾਲੇ ਇਤਿਹਾਸ ਦੇ ਸ਼ਾਇਰ ਹਨ ਜਿਨ੍ਹਾਂ ਨੂੰ ਕੁਝ ਇਤਿਹਾਸਕ ਮਜਬੂਰੀਆਂ ਕਾਰਨ ਵਿਰੋਧ ਦਾ ਰਸਤਾ ਅਖਤਿਆਰ ਕਰਨਾ ਪਿਆ ਹੈ ਅਤੇ ਉਹ ਵਿਰੋਧ ਦਮਨਕਾਰੀ ਅਤੇ ਵਿਲੱਖਣਤਾ ਵਿਰੋਧੀ ਸ਼ਾਸਕ ਵਰਗ ਨਾਲ ਹੈ।

# ਪੂਰਨ ਆਜ਼ਾਦੀ ਦੇ ਅਰਥ

ਪੂਰਨ ਆਜ਼ਾਦੀ ਹਰ ਵਿਅਕਤੀ ਅਤੇ ਕੌਮ ਦਾ ਆਦਰਸ਼ ਹੈ ਜਿਸ ਲਈ ਉਹ ਸਦੀਆਂ ਤੋਂ ਜੂਝਦੇ ਆਏ ਹਨ। ਵੱਖ-ਵੱਖ ਇਤਿਹਾਸਿਕ ਤਜ਼ਰਬਿਆਂ ਤੋਂ ਲੋਕ ਆਪਣੇ ਜੀਵਨ ਅਤੇ ਸੰਸਥਾਵਾਂ ਨੂੰ ਅਜਿਹੇ ਰੂਪ ਵਿਚ ਢਾਲਦੇ ਰਹੇ ਹਨ ਜਿਨ੍ਹਾਂ ਨਾਲ ਪੂਰਨ ਆਜ਼ਾਦੀ ਪ੍ਰਾਪਤ ਹੋ ਸਕੇ।

ਆਜ਼ਾਦੀ ਉਨ੍ਹਾਂ ਰੁਕਾਵਟਾਂ ਦੀ ਅਣਹੋਂਦ ਹੈ ਜੋ ਵਿਅਕਤੀ ਅਤੇ ਕੌਮ ਨੂੰ ਆਪਣੀ ਮਨ-ਪਸੰਦ ਜੀਵਨ-ਸ਼ੈਲੀ ਤੋਂ ਰੋਕਦੀਆਂ ਹਨ। ਮੁੱਖ ਤੌਰ 'ਤੇ ਮਨੁੱਖ ਲਈ ਚਾਰ ਪ੍ਰਕਾਰ ਦੀਆਂ ਰੁਕਾਵਟਾਂ ਤੋਂ ਮੁਕਤੀ ਹਾਸਲ ਕਰਨੀ ਜ਼ਰੂਰੀ ਹੈ ਜੇ ਉਸ ਨੇ ਪੂਰਨ ਆਜ਼ਾਦੀ ਨਾਲ ਵਿਅਕਤੀਗਤ ਅਤੇ ਕੌਮੀ ਪੱਧਰ ਉਤੇ ਆਪਣੀ ਚੋਣ ਅਨੁਸਾਰ ਜੀਵਨ ਨੂੰ ਰੂਪ ਦੇਣਾ ਹੈ। ਉਹ ਚਾਰ ਕਿਸਮ ਦੀਆਂ ਰੁਕਾਵਟਾਂ ਹਨ:

1. ਪ੍ਰਕਿਰਤਕ, 2. ਸਮਾਜਿਕ, 3. ਰਾਜਨੀਤਕ, 4. ਚਿੰਨ੍ਹ-ਵਿਧਾਨਕ।

ਪ੍ਰਕਿਰਤਕ ਰੁਕਾਵਟਾਂ ਉਹ ਹਨ ਜੋ ਕੁਦਰਤ ਦੀਆਂ ਸ਼ਕਤੀਆਂ ਨਾਲ ਸਬੰਧਿਤ ਹਨ। ਜਿਵੇਂ ਮੀਂਹ, ਹਨੇਰੀ, ਤੂਫਾਨ, ਅੱਗ ਆਦਿ। ਇਕੱਠੇ ਹੋ ਕੇ ਜੂਝਣ ਨਾਲ ਮਨੁੱਖ ਨੇ ਕੁਦਰਤ ਦੀਆਂ ਇਨ੍ਹਾਂ ਸ਼ਕਤੀਆਂ ਉਤੇ ਅਧਿਕਾਰ ਪ੍ਰਾਪਤ ਕਰ ਲਿਆ ਹੈ। ਅਜਿਹਾ ਵਿਗਿਆਨ ਉਸਾਰ ਲਿਆ ਹੈ ਜਿਸ ਨਾਲ ਇਨ੍ਹਾਂ ਸ਼ਕਤੀਆਂ ਨੂੰ ਮਨੁੱਖੀ ਹਿੱਤਾਂ ਲਈ ਵਰਤਿਆ ਜਾ ਸਕੇ। ਕੁਦਰਤ ਦੇ ਨੇਮਾਂ ਨੂੰ ਵਰਤ ਕੇ ਬਿਜਲੀ, ਜਹਾਜ਼, ਮਸ਼ੀਨਾਂ ਆਦਿ ਬਣਾ ਲਏ ਹਨ। ਭਾਵੇਂ ਪੱਛਮ ਦੇ ਕੁਝ ਚਿੰਤਕ ਜਿਵੇਂ ਕਿ ਮਾਰਕੂਜ਼ੇ ਔਰਟੈਗਾ ਆਦਿ ਇਹ ਵੀ ਕਹਿੰਦੇ ਹਨ ਕਿ ਕੁਦਰਤ ਦੀਆਂ ਸ਼ਕਤੀਆਂ ਨੂੰ ਮਸ਼ੀਨ ਵਿਚ ਬਦਲਣ ਨਾਲ ਮਸ਼ੀਨ ਦੀ ਕੁਵਰਤੋਂ ਵੀ ਹੋਈ ਹੈ ਜਿਸ ਨਾਲ ਪੱਛਮੀ ਸੱਭਿਅਤਾ ਵਿਚ ਮਨੁੱਖ ਨੂੰ ਮਸ਼ੀਨ ਦੇ ਵੱਸ ਕਰ ਦਿੱਤਾ ਗਿਆ ਹੈ ਤਦ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮਸ਼ੀਨੀਕਰਨ ਨਾਲ ਮਨੁੱਖ ਨੇ ਕੁਦਰਤ ਦੀਆਂ ਸ਼ਕਤੀਆਂ ਉਤੇ ਕਾਫੀ ਅਧਿਕਾਰ ਪ੍ਰਾਪਤ ਕੀਤਾ ਹੈ। ਇਸ ਨਾਲ ਉਸ ਕੋਲ ਵਿਹਲ ਵੀ ਵਧੀ ਹੈ ਆਪਣੀਆਂ ਇੱਛਾਵਾਂ ਅਨੁਸਾਰ ਜੀਵਨ ਸੰਗਠਿਤ ਕਰਨ ਲਈ।

ਅਫਰੀਕਾ, ਏਸ਼ੀਆ ਅਤੇ ਮੱਧ ਪੂਰਬ ਦੇ ਜੋ ਦੇਸ਼ ਵਿਗਿਆਨ ਅਤੇ ਮਸ਼ੀਨੀਕਰਨ ਵਿਚ ਪਿੱਛੇ ਹਨ, ਉਥੋਂ ਦੇ ਵਿਅਕਤੀ ਅਤੇ ਕੌਮਾਂ ਨਿਸਚੇ ਹੀ ਕੁਦਰਤ ਦੀਆਂ ਅਥਾਹ ਬੇਲਗਾਮ ਸ਼ਕਤੀਆਂ ਨੂੰ ਆਪਣੀ ਆਜ਼ਾਦੀ ਉਤੇ ਇਕ ਬੰਧਨ ਸਮਝਦੇ ਹਨ। ਇਸ ਉਦੇਸ਼ ਲਈ ਵਿਗਿਆਨ, ਤਕਨਾਲੋਜੀ ਅਤੇ ਪੂੰਜੀ ਦੀ

ਪ੍ਰਾਪਤੀ ਲਈ ਉਨ੍ਹਾਂ ਦੇਸ਼ਾਂ ਨੂੰ ਕਈ ਪ੍ਰਕਾਰ ਦੀਆਂ ਪ੍ਰਕ੍ਰਿਆਵਾਂ ਵਿਚੋਂ ਲੰਘਣਾ ਪੈਂਦਾ ਹੈ। ਕਈ ਵਾਰ ਆਪਣੇ ਕੌਮੀ ਹਿੱਤ ਵੀ ਵਾਰਨੇ ਪੈਂਦੇ ਹਨ ਤਾਂ ਕਿ ਭਵਿੱਖ ਦੀ ਆਜ਼ਾਦੀ ਸੁਰੱਖਿਅਤ ਹੋ ਸਕੇ।

ਸਮਾਜਕ ਰੁਕਾਵਟਾਂ ਉਹ ਹਨ ਜੋ ਵਿਅਕਤੀ ਆਪਣੀ ਕੌਮ ਦੇ ਸਮਾਜਿਕ ਸੰਗਠਨ ਕਾਰਨ ਅਨੁਭਵ ਕਰਦਾ ਹੈ। ਇਸ ਵਿਚ ਆਰਥਿਕ ਬਣਤਰ ਅਤੇ ਉਹ ਸਭ ਸੰਸਥਾਵਾਂ ਸ਼ਾਮਲ ਹਨ ਜੋ ਵੱਖ-ਵੱਖ ਵਿਅਕਤੀਆਂ ਅਤੇ ਵਰਗਾਂ ਨੂੰ ਉਤਪਾਦਨ ਰਿਸ਼ਤਿਆਂ ਵਿਚ ਬੰਨ੍ਹਦੀਆਂ ਹਨ ਅਤੇ ਉਨ੍ਹਾਂ ਨੂੰ ਵਿਸ਼ੇਸ਼ ਨਿਯਮ ਸਵੀਕਾਰ ਕਰਨ ਲਈ ਤਿਆਰ ਕਰਦੀਆਂ ਹਨ। ਹਰ ਇਤਿਹਾਸਕ ਪੜਾਅ ਉਤੇ ਇਕ ਸਮਾਜ ਆਪਣੀ ਕੌਮ ਜਾਂ ਕੌਮਾਂ ਲਈ ਇਕ ਯੋਗ ਆਰਥਿਕ ਅਤੇ ਹੋਰ ਲੋੜੀਂਦੇ ਸੰਸਥਕ ਸੰਗਠਨ ਰਚਦਾ ਹੈ। ਇਹ ਸੰਗਠਨ ਹਰ ਵਿਅਕਤੀ ਲਈ ਉਸ ਦੇ ਵਰਗ ਮੁਤਾਬਕ ਹੀ ਆਜ਼ਾਦੀ ਦਿੰਦੇ ਹਨ। ਜਿਵੇਂ ਜਾਗੀਰਦਾਰੀ ਸਮਾਜ ਵਿਚ ਮੱਧ-ਵਰਗ, ਕਿਸਾਨੀ ਅਤੇ ਬੇਜ਼ਮੀਨੇ ਕਾਮਿਆਂ ਲਈ ਵੱਧਣ-ਫੁੱਲਣ ਦੀ ਆਜ਼ਾਦੀ ਇਹ ਸੰਗਠਨ ਨਹੀਂ ਦਿੰਦੇ। ਕੇਵਲ ਰਾਜਿਆਂ, ਜਾਗੀਰਦਾਰਾਂ ਜਾਂ ਵੱਡੇ ਜ਼ਿਮੀਦਾਰਾਂ ਕੋਲ ਹੀ ਆਪਣੀ ਮਨ-ਪਸੰਦ ਜੀਵਨ-ਸ਼ੈਲੀ ਰਚਣ ਦੀ ਆਜ਼ਾਦੀ ਹੁੰਦੀ ਹੈ। ਪੂੰਜੀਪਤੀ ਪ੍ਰਬੰਧਾਂ ਵਿਚ ਇਹ ਸੁਵਿਧਾ ਕੇਵਲ ਪੂੰਜੀਪਤੀ ਵਰਗ ਕੋਲ ਹੀ ਹੁੰਦੀ ਹੈ। ਮੱਧ-ਵਰਗ ਕਿਸਾਨੀ, ਕਾਮੇ, ਬੁੱਧੀਮਾਨ ਅਤੇ ਔਰਤਾਂ ਦੀ ਆਜ਼ਾਦੀ ਸੀਮਤ ਹੁੰਦੀ ਹੈ। ਜੇ ਉਹ ਪ੍ਰਧਾਨ ਪੂੰਜੀਪਤੀ ਵਰਗ ਦੀਆਂ ਕੀਮਤਾਂ ਮੰਨਣ ਅਤੇ ਉਨ੍ਹਾਂ ਦੇ ਸਿੱਧੇ ਜਾਂ ਅਸਿੱਧੇ ਪਰਚਾਰਕ ਬਣਨਾ ਮੰਨ ਲੈਣ ਤਾਂ ਉਨ੍ਹਾਂ ਨੂੰ ਵੀ ਸੁ੍ਰਵਿਧਾਵਾਂ ਮਿਲ ਸਕਦੀਆਂ ਹਨ, ਨਹੀਂ ਤਾਂ ਉਨ੍ਹਾਂ ਦੀ ਆਜ਼ਾਦੀ ਸੀਮਤ ਰਹੇਗੀ। ਸਮਾਜਵਾਦੀ ਪ੍ਰਬੰਧਾਂ ਉਤੇ ਇਹ ਗੱਲ ਲਾਗੂ ਨਹੀਂ ਹੁੰਦੀ ਕਿਉਂਕਿ ਉਥੇ ਵਰਗ ਸੰਗਠਨਾਂ ਤੋਂ ਮੁਕਤੀ ਹਾਸਲ ਕਰ ਲਈ ਗਈ ਹੈ ਜਾਂ ਉਹ ਸਮਾਜ ਇਸ ਅਮਲ ਵਿਚੋਂ ਲੰਘ ਰਹੇ ਹਨ।

ਚੀਨ ਵਿਚ ਕ੍ਰਾਂਤੀ ਤੋਂ ਪਿਛੋਂ ਜੋ ਵਿਸ਼ੇਸ਼ ਸੁਵਿਧਾਵਾਂ ਨਾਲ ਜੁੜੇ ਪੁਰਾਣੇ ਅੰਸ਼ ਅਜੇ ਬਾਕੀ ਸਨ ਉਨ੍ਹਾਂ ਨੂੰ 'ਸੱਭਿਆਚਾਰਕ ਇਨਕਲਾਬ' ਰਾਹੀਂ ਸਮਾਪਤ ਕਰਨ ਦਾ ਯਤਨ ਕੀਤਾ ਗਿਆ। ਰੂਸ ਵਿਚ ਅਜਿਹੇ ਅੰਸ਼ਾਂ ਦੀ ਮੁਕੰਮਲ ਸਮਾਪਤੀ ਲਈ ਯਤਨ ਕੀਤੇ ਜਾ ਰਹੇ ਹਨ। ਸਮਾਜਵਾਦੀ ਪ੍ਰਬੰਧਾਂ ਵਿਚ ਉਨ੍ਹਾਂ ਦੀਆਂ ਊਣਾਂ ਦੇ ਬਾਵਜੂਦ ਵਿਅਕਤੀ ਅਤੇ ਵੱਖ-ਵੱਖ ਕੌਮੀਅਤਾਂ ਨੂੰ ਲੋਟੂ ਆਰਥਿਕਤਾ ਅਤੇ ਲੋਟੂ ਸੰਸਥਾਵਾਂ ਤੋਂ ਮੁਕਤ ਕੀਤਾ ਗਿਆ ਹੈ; ਇਸ ਲਈ ਉਨ੍ਹਾਂ ਨੂੰ ਆਪਣੀਆਂ ਜੀਵਨ-ਸ਼ੈਲੀਆਂ ਰਚਣ ਦੀ ਮੁਕਾਬਲਤਨ ਵੱਧ ਖੁੱਲ੍ਹ ਹੈ। ਪੱਛਮ ਦੇ ਪੂੰਜੀਵਾਦੀ ਦੇਸ਼ਾਂ ਅਮਰੀਕਾ, ਫਰਾਂਸ, ਬਰਤਾਨੀਆ ਆਦਿ ਵਿਚ ਸਹੀ ਅਜ਼ਾਦੀ ਕੇਵਲ ਉਤਪਾਦਨ ਰਿਸ਼ਤਿਆਂ ਦੀ ਮਾਲਕ ਜਮਾਤ ਨੂੰ ਹੀ ਹਾਸਲ ਹੈ। ਮੱਧ-ਵਰਗ, ਕਾਮੇ, ਕਿਸਾਨ, ਬੁੱਧੀਮਾਨ ਅਤੇ ਔਰਤਾਂ ਭਾਵੇਂ ਕਹਿਣ ਨੂੰ 'ਸੁਤੰਤਰ' ਹਨ ਪਰ ਉਨ੍ਹਾਂ ਉਤੇ ਮੁਨਾਫਾਖੋਰ ਆਰਥਿਕਤਾ ਦੀਆਂ ਲਾਈਆਂ ਹੋਈਆਂ

ਅਸਿੱਧੀਆਂ ਰੋਕਾਂ ਹਨ। ਉਦਾਹਰਣ ਦੇ ਤੌਰ 'ਤੇ ਇਕ ਕਾਮਾ ਨਿਰਲੁੱਟ ਫੈਕਟਰੀ ਵਿਚ ਕੰਮ ਨਹੀਂ ਕਰ ਸਕਦਾ ਕਿਉਂਕਿ ਅਜਿਹੀ ਕੋਈ ਫੈਕਟਰੀ ਪੂੰਜੀਵਾਦੀ ਸਮਾਜ ਵਿਚ ਹੁੰਦੀ ਹੀ ਨਹੀਂ। ਉਸ ਨੂੰ ਆਪਣੀ ਮਿਹਨਤ ਦਾ ਕੁਝ ਹਿੱਸਾ ਹੀ ਮਿਲ ਸਕਦਾ ਹੈ। ਇਵੇਂ ਹੀ ਖੇਤ ਵਿਚ ਕੰਮ ਕਰਨ ਵਾਲਾ ਮਜ਼ਦੂਰ ਵੀ ਪੂਰੀ ਉਜਰਤ ਹਾਸਲ ਨਹੀਂ ਕਰ ਸਕਦਾ ਕਿਉਂਕਿ ਉਸ ਦੇ ਮਾਲਕ ਜ਼ਿਮੀਦਾਰ ਨੇ ਨਫਾ ਕਮਾਉਣਾ ਹੈ। ਇਵੇਂ ਹੀ ਔਰਤ ਨੂੰ ਉਥੇ ਉਤਪਾਦਨ ਰਿਸ਼ਤਿਆਂ ਦਾ ਭਾਈਵਾਲ ਨਹੀਂ ਬਣਾਇਆ ਜਾ ਸਕਦਾ ਕਿਉਂਕਿ ਪੂੰਜੀਵਾਦੀ ਪ੍ਰਬੰਧ ਦਾ ਮੁਨਾਫਾ ਉਸ ਦੇ ਵਿਸ਼ਵਾਸ ਅਨੁਸਾਰ ਮਰਦ-ਪ੍ਰਧਾਨਗੀ ਅਤੇ ਸਖ਼ਤ ਮਿਹਨਤ ਨਾਲ ਹੀ ਵਧਦਾ ਹੈ

ਮੁਨਾਫਾਖੋਰ ਸਮਾਜਾਂ ਦੀ ਆਰਥਿਕਤਾ ਆਪਣੀਆਂ ਚੀਜ਼ਾਂ ਵੇਚਣ ਲਈ ਅੰਤਰਰਾਸ਼ਟਰੀ ਪੱਧਰ ਉਤੇ ਬਾਕੀ ਘੱਟ ਵਿਕਸਿਤ ਦੇਸ਼ਾਂ ਨਾਲ ਸਬੰਧ ਜੋੜਦੀ ਹੈ। ਉਨ੍ਹਾਂ ਨੂੰ ਮੰਡੀ ਬਣਾਉਣ ਲਈ ਉਥੋਂ ਦੇ ਪ੍ਰਧਾਨ ਵਰਗ ਨੂੰ ਲਾਲਚ ਦੇ ਕੇ ਆਪਣੇ ਨਾਲ ਜੋੜਦੀ ਹੈ। ਆਪਣੇ ਹਿੱਤਾਂ ਦੀ ਪੂਰਤੀ ਕਰਵਾਉਣ ਲਈ ਉਥੋਂ ਦੇ ਲੋਕਾਂ ਦੀ ਆਜ਼ਾਦੀ ਸੀਮਤ ਕਰਦੀ ਹੈ। ਸਮਾਜਿਕ-ਆਰਥਿਕ ਰੁਕਾਵਟਾਂ ਨੂੰ ਦੂਰ ਕਰਨ ਲਈ ਲੋਟੂ, ਮੁਨਾਫਾਖੋਰ ਅਤੇ ਵਰਗਗਤ ਸੰਗਠਨਾਂ ਤੋਂ ਮੁਕਤੀ ਹਾਸਲ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। "ਰਾਜੇ, ਸ਼ੀਂਹ, ਮੁਕੱਦਮ, ਕੁੱਤੇ" ਜਾਂ ਪੂੰਜੀਪਤੀਆਂ ਤੋਂ ਛੁਟਕਾਰਾ ਕੇਵਲ ਕ੍ਰਾਂਤੀ ਹੀ ਦੁਆ ਸਕਦੀ ਹੈ ਜਦੋਂ ਵੀ ਲੋਕ ਇਸ ਲਈ ਤਿਆਰ ਹੋਣ।

ਰਾਜਨੀਤਕ ਰੁਕਾਵਟਾਂ ਉਹ ਹਨ ਜੋ ਰਾਜਨੀਤੀ ਚਲਾਉਣ ਵਾਲਿਆਂ ਵਲੋਂ ਪਾਈਆਂ ਜਾਂਦੀਆਂ ਹਨ, ਬੁਨਿਆਦੀ ਤੌਰ 'ਤੇ ਸਰਕਾਰ ਚਲਾਉਣ ਵਾਲੀ ਜਮਾਤ ਵਲੋਂ। ਜੋ ਵਰਗ ਸਰਕਾਰ ਕਾਬੂ ਕਰਦਾ ਹੈ ਉਹ ਆਪਣੀ ਪ੍ਰਭੁਤਾ ਵਧਾਉਣ ਲਈ ਸ਼ਕਤੀ ਦੀ ਵਰਤੋਂ ਕਰਦਾ ਹੈ। ਜੋ ਸੰਸਥਾਵਾਂ, ਆਰਥਿਕਤਾ ਜਾਂ ਯੋਜਨਾਵਾਂ ਬਣਾਈਆਂ ਜਾਂਦੀਆਂ ਹਨ ਉਹ ਕੇਵਲ ਆਪਣੀ ਪ੍ਰਭੁਤਾ ਕਾਇਮ ਰੱਖਣ ਲਈ। ਅਧਿਕਾਰ ਹੇਠ ਆਉਣ ਵਾਲੀਆਂ ਜਮਾਤਾਂ ਜਾਂ ਲੋਕਾਂ ਨੂੰ ਆਜ਼ਾਦੀ ਕੇਵਲ ਏਸ ਪਾਸਾਰ ਵਿਚ ਆਉਣ ਦੀ ਹੀ ਹੁੰਦੀ ਹੈ। ਜੇ ਉਹ ਵਿਦਰੋਹ ਕਰਨ ਤਾਂ ਪ੍ਰਧਾਨ ਰਾਜਨੀਤਕ ਵਰਗ ਉਹਨਾਂ ਦੇ ਵਿਦਰੋਹ ਨੂੰ ਕੁਚਲਦਾ ਹੈ, ਜਾਇਜ਼ ਜਾਂ ਨਜਾਇਜ਼ ਢੰਗਾਂ ਨਾਲ। ਜੋ ਵਰਗ ਸੱਤਾਧਾਰੀ ਹੁੰਦਾ ਹੈ ਉਸੇ ਦੀਆਂ ਕਦਰਾਂ ਹੀ ਚਲਦੀਆਂ ਹਨ। ਵਿਰੋਧੀ ਕਦਰਾਂ ਵਾਲੇ ਵਰਗਾਂ ਨੂੰ ਘੋਲ ਕਰਨਾ ਪੈਂਦਾ ਹੈ ਜਦੋਂ ਤਕ ਉਹ ਜਿੱਤ ਨਾ ਜਾਣ। ਪੂਰਨ ਆਜ਼ਾਦੀ ਕੇਵਲ ਸੱਤਾਧਾਰੀ ਜਾਂ ਰਾਜਨੀਤਕ ਪ੍ਰਭੁਤਾ ਵਾਲੇ ਸਰਕਾਰੀ ਵਰਗ ਕੋਲ ਹੀ ਹੁੰਦੀ ਹੈ ਪਰ ਉਹ ਆਪਣਾ ਕੰਮ-ਕਾਜ ਚਲਾਉਣ ਲਈ ਸਭ ਮਾਧਿਅਮਾਂ ਦੀ ਵਰਤੋਂ ਕਰ ਕੇ ਆਮ ਲੋਕਾਂ ਨੂੰ ਆਜ਼ਾਦ ਹੋਣ ਦਾ ਭਰਮ ਪਾਈ ਰੱਖਦਾ ਹੈ। ਪੂੰਜੀਪਤੀ ਪ੍ਰਬੰਧਾਂ ਵਿਚ ਇਹ ਭਰਮ, ਲਚਕੀਲੀ ਆਰਥਿਕਤਾ, ਵੱਧ ਪ੍ਰਾਪਤ ਪੂੰਜੀ, ਨੌਕਰੀਆਂ, ਵਿਅਕਤੀਗਤ

ਆਜ਼ਾਦੀ ਰਾਹੀਂ ਪਾਇਆ ਜਾਂਦਾ ਹੈ। ਜੇ ਕੋਈ ਵਿਅਕਤੀ ਵਿਰੋਧੀ ਨਿਰਲੁੱਟ ਜਾਂ ਬਰਾਬਰੀ ਵਾਲੀਆਂ ਕੀਮਤਾਂ ਦੇ ਧਾਰਨੀ ਹੋਣ ਤਾਂ ਉਨ੍ਹਾਂ ਨੂੰ ਇਹ ਪ੍ਰਬੰਧ ਸੱਤਾ ਵਿਚ ਆਉਣ ਦੀ ਆਜ਼ਾਦੀ ਨਹੀਂ ਦਿੰਦਾ। ਇਸ ਪ੍ਰਕਾਰ ਦੇ ਵਿਅਕਤੀ ਦੀ ਖੁੱਲ੍ਹ ਅਤੇ ਸਫਲਤਾ ਉਤੇ ਸਿੱਧੇ ਅਤੇ ਟੇਢੇ ਹਰ ਕਿਸਮ ਦੇ ਪ੍ਰਤੀਬੰਧ ਹੁੰਦੇ ਹਨ। ਪ੍ਰਚਾਰ ਮਾਧਿਅਮਾਂ ਨੂੰ ਵਰਤ ਕੇ ਪ੍ਰਭੁਤਾ ਵਾਲਾ ਸ਼ਾਸਕ ਵਰਗ ਅਜਿਹੇ ਵਿਅਕਤੀਆਂ ਨੂੰ ਅਸਫਲ ਕਰਨ ਲਈ ਜ਼ਮੀਨ ਤਿਆਰ ਕਰਦਾ ਰਹਿੰਦਾ ਹੈ। ਇਨ੍ਹਾਂ ਰਾਜਨੀਤਕ ਰੁਕਾਵਟਾਂ ਨੂੰ ਦੂਰ ਕਰਨ ਲਈ ਸੰਗਠਿਤ ਤਬਦੀਲੀ ਦੀ ਲੋੜ ਹੁੰਦੀ ਹੈ। ਇਨ੍ਹਾਂ ਨੂੰ ਵਿਅਕਤੀਗਤ ਪੱਧਰ 'ਤੇ ਕੀਤੇ ਯਤਨਾਂ ਨਾਲ ਨਹੀਂ ਹਟਾਇਆ ਜਾ ਸਕਦਾ।

ਪੂਰਨ ਆਜ਼ਾਦੀ ਲਈ ਚਿੰਨ੍ਹ-ਵਿਧਾਨਕ ਰੁਕਾਵਟਾਂ ਤੋਂ ਮੁਕਤੀ ਹਾਸਲ ਕਰਨੀ ਵੀ ਜ਼ਰੂਰੀ ਹੈ। ਚਿੰਨ੍ਹ-ਵਿਧਾਨਕ ਰੁਕਾਵਟਾਂ ਉਹ ਹਨ ਜੋ ਆਪਣਾ ਚਿੰਨ੍ਹ-ਵਿਧਾਨ ਬਣਾਉਣ ਦੇ ਰਾਹ ਵਿਚ ਆਉਂਦੀਆਂ ਹਨ। ਕੋਈ ਵਿਅਕਤੀ ਜਾਂ ਕੌਮ ਆਪਣੇ ਚਿੰਨ੍ਹਾਂ ਤੋਂ ਬਿਨਾਂ ਅੱਗੇ ਨਹੀਂ ਵੱਧ ਸਕਦੀ। ਇਤਿਹਾਸਕ ਅਨੁਭਵ ਅਤੇ ਪ੍ਰਾਪਤੀਆਂ ਦੇ ਅਧਾਰ ਉਤੇ ਇਹ ਵਿਧਾਨ ਬਣਾਇਆ ਜਾਂਦਾ ਹੈ। ਇਸ ਵਿਚ ਜ਼ਿੰਦਗੀ ਨੂੰ ਦੇਖਣ ਦਾ ਤਰੀਕਾ ਝਲਕਦਾ ਹੈ। ਭੂਤ, ਵਰਤਮਾਨ ਅਤੇ ਭਵਿੱਖ ਨੂੰ ਇਕ ਵਿਆਖਿਆ ਵਿਚ ਪਰੋਇਆ ਜਾਂਦਾ ਹੈ। ਚਿੰਨ੍ਹ ਵਿਅਕਤੀ ਅਤੇ ਕੌਮ ਦੇ ਸੁਪਨੇ, ਸਮਾਜ ਸੰਗਠਨ ਅਤੇ ਨਿੱਤਾਪ੍ਰਤੀ ਆਚਾਰ ਆਦਿ ਨੂੰ ਨਿਸ਼ਚਿਤ ਕਰਦੇ ਹਨ। ਹਰ ਇਤਿਹਾਸਕ ਪੜਾਅ ਉਤੇ ਇਹ ਚਿੰਨ੍ਹ ਬਦਲਦੇ ਹਨ। ਨਵੇਂ ਚਿੰਨ੍ਹਾਂ ਦੀ ਰਚਨਾ ਨਵੇਂ ਪੜਾਅ ਵੱਲ ਇਸ਼ਾਰਾ ਕਰਦੀ ਹੈ। ਜਦੋਂ ਇਕ ਜੀਵਨ-ਸ਼ੈਲੀ ਉਸ ਨਾਲ ਸਬੰਧਿਤ ਉਤਪਾਦਨ ਰਿਸ਼ਤੇ ਅਤੇ ਆਰਥਿਕਤਾ ਆਪਣਾ ਗੌਰਵ ਖਤਮ ਕਰ ਬਹਿੰਦੇ ਹਨ ਤਾਂ ਨਵੇਂ ਚਿੰਨ੍ਹ ਉਭਰਦੇ ਹਨ। ਇਨ੍ਹਾਂ ਦੀ ਰਚਨਾ ਇਤਿਹਾਸ ਨੂੰ ਅੱਗੇ ਲੈ ਜਾਣ ਵਾਲਾ ਵਰਗ ਕਰਦਾ ਹੈ। ਜਿਵੇਂ ਸਿੱਖ ਗੁਰੂ ਸਾਹਿਬਾਨ ਨੇ ਬ੍ਰਾਹਮਣਵਾਦ ਅਤੇ ਬਾਦਸ਼ਾਹ ਦੁਆਲੇ ਕੇਂਦਰਿਤ ਪ੍ਰਬੰਧ ਦੇ ਚਿੰਨ੍ਹਾਂ ਦੇ ਉਲਟ ਆਪਣੇ ਚਿੰਨ੍ਹ ਉਸਾਰੇ : ਸੱਚਾ ਪਾਤਸ਼ਾਹ, ਸੰਗਤ, ਗੁਰਮੁਖ, ਮਨਮੁਖ ਆਦਿ।

ਗੁਰੂ ਸਾਹਿਬਾਨ ਦੇ ਇਹ ਚਿੰਨ੍ਹ ਕੇਵਲ ਦਰਸ਼ਨ ਹੀ ਨਹੀਂ ਸਗੋਂ ਇਕ ਪੂਰੇ ਸੱਭਿਆਚਾਰ ਅਤੇ ਜੀਵਨ ਸ਼ੈਲੀ ਦਾ ਨਕਸ਼ਾ ਸਨ। ਇਨ੍ਹਾਂ ਵਿਚ ਜ਼ਿੰਦਗੀ ਨੂੰ ਨਵੇਂ ਸਿਰਿਓਂ ਸੰਗਠਿਤ ਕਰਨ ਦੀ ਵਿਉਂਤ ਸੀ। ਸਮਕਾਲੀ ਪ੍ਰਬੰਧ ਨਾਲ ਟੱਕਰ ਦੀ ਇਕ ਯੋਜਨਾ ਸੀ। ਜਦੋਂ ਇਨ੍ਹਾਂ ਚਿੰਨ੍ਹਾਂ ਉਤੇ ਅਧਾਰਤ ਜੀਵਨ-ਸ਼ੈਲੀ ਸਾਹਮਣੇ ਆਉਣ ਲੱਗੀ ਤਾਂ ਇਹ ਟੱਕਰ ਰਾਜਨੀਤਕ ਵੀ ਹੋ ਗਈ।

ਹਰ ਪ੍ਰਬੰਧ ਦੀ ਪ੍ਰਧਾਨ ਜਮਾਤ ਆਪਣੇ ਚਿੰਨ੍ਹਾਂ ਦਾ ਪ੍ਰਚਾਰ ਕਰਦੀ ਹੈ ਅਤੇ ਇਨ੍ਹਾਂ ਚਿੰਨ੍ਹਾਂ ਨੂੰ ਵਧਾਉਣ ਦੇ ਯਤਨ ਵਿਚ ਲੱਗੀ ਰਹਿੰਦੀ ਹੈ। ਇਸ ਉਦੇਸ਼ ਲਈ ਉਹ ਪ੍ਰਾਪਤ ਮਾਧਿਅਮਾਂ ਦੀ ਪੂਰੀ ਵਰਤੋਂ ਕਰਦੀ ਹੈ।

ਲੋਕਾਂ ਦੇ ਮਨ ਅਤੇ ਭਾਵਾਂ ਉਤੇ ਅਧਿਕਾਰ ਰੱਖਣ ਲਈ ਇਹ ਚਿੰਨ੍ਹ ਪ੍ਰਬੰਧ ਜ਼ਰੂਰੀ ਹੁੰਦੇ ਹਨ। ਇਨ੍ਹਾਂ ਦੀ ਵਰਤੋਂ ਨਾਲ ਹੀ ਹਰ ਵਿਅਕਤੀ ਅਤੇ ਵੱਖ-ਵੱਖ ਜਮਾਤਾਂ ਦੀ ਚੋਣ ਨੂੰ ਨਿਸ਼ਚਿਤ ਕੀਤਾ ਜਾਂਦਾ ਹੈ। ਆਜ਼ਾਦੀ ਉਤੇ ਪ੍ਰਬੰਧ ਨੂੰ ਹਾਵੀ ਰੱਖਣ ਲਈ ਸੀਮਾਵਾਂ ਲਾਈਆਂ ਜਾਂਦੀਆਂ ਹਨ। ਬਹੁਤੀ ਵਾਰ ਇਨ੍ਹਾਂ ਸੀਮਾਵਾਂ ਦਾ ਵਿਅਕਤੀਆਂ ਨੂੰ ਆਪ ਵੀ ਗਿਆਨ ਨਹੀਂ ਹੁੰਦਾ। ਉਦਾਹਰਣ ਦੇ ਤੌਰ 'ਤੇ ਪੂੰਜੀਵਾਦੀ ਪ੍ਰਬੰਧਾਂ ਨੂੰ ਕੰਟਰੋਲ ਕਰਨ ਵਾਲੀ ਜਮਾਤ, ਜਾਇਦਾਦ, ਪੂੰਜੀ ਅਤੇ ਮੁਨਾਫੇ ਨੂੰ ਇੱਜ਼ਤ ਅਤੇ ਸਮਾਜਿਕ ਗੌਰਵ ਦੇ ਚਿੰਨ੍ਹ ਬਣਾਉਂਦੀ ਹੈ। ਸਾਹਿਤ ਵਿਚ ਇਨ੍ਹਾਂ ਦੀ ਪ੍ਰਾਪਤੀ ਕਰਨ ਵਾਲੇ ਨਾਇਕ ਬਣਦੇ ਹਨ। ਨਤੀਜੇ ਵਜੋਂ ਇਸਤਰੀ-ਮਰਦ ਦੇ ਰਿਸ਼ਤੇ ਅਤੇ ਸੋਚ ਇਨ੍ਹਾਂ ਚਿੰਨ੍ਹਾਂ ਦੁਆਲੇ ਘੁੰਮਣ ਲੱਗਦੀ ਹੈ ਅਤੇ ਉਹ ਆਪਣਾ ਵਿਹਾਰ ਅਤੇ ਆਦਰਸ਼ ਇਨ੍ਹਾਂ ਨਾਲ ਸਬੰਧਤ ਕਰ ਲੈਂਦੇ ਹਨ। ਇਸ ਨਾਲ ਪੂੰਜੀਪਤੀ ਪ੍ਰਬੰਧ ਨੂੰ ਪੱਕਿਆਂ ਅਤੇ ਕਰਮਸ਼ੀਲ ਹੋਣ ਵਿਚ ਸਹਾਇਤਾ ਮਿਲਦੀ ਹੈ। ਪੂੰਜੀਵਾਦ ਇਸ ਤਰ੍ਹਾਂ ਵਿਅਕਤੀਗਤ ਆਜ਼ਾਦੀ ਦਾ ਭਰਮ ਦੇ ਕੇ ਇਨ੍ਹਾਂ ਚਿੰਨ੍ਹਾਂ ਰਾਹੀਂ ਆਜ਼ਾਦੀ ਉਤੇ ਸੀਮਾ ਲਾ ਦਿੰਦਾ ਹੈ। ਵਿਅਕਤੀ ਆਪਣੀ ਦਿਸ਼ਾ ਅਤੇ ਕਿੱਤੇ ਦੀ ਚੋਣ ਇਨ੍ਹਾਂ ਚਿੰਨ੍ਹਾਂ ਦੁਆਲੇ ਹੀ ਕਰਦੇ ਹਨ। ਨਵੀਂ ਜੀਵਨ-ਸ਼ੈਲੀ ਰਚਣ ਵਾਲੇ ਵਿਅਕਤੀਆਂ, ਜਮਾਤਾਂ ਜਾਂ ਕੌਮਾਂ ਨੂੰ ਆਪਣੀ ਲੜਾਈ ਚਿੰਨ੍ਹ-ਵਿਧਾਨਕ ਪੱਧਰ ਉਤੇ ਵੀ ਲੜਨੀ ਪੈਂਦੀ ਹੈ। ਉਨ੍ਹਾਂ ਨੂੰ ਆਪਣੇ ਆਦਰਸ਼ਾਂ ਅਤੇ ਅਨੁਭਵ ਮੁਤਾਬਕ ਨਵੇਂ ਚਿੰਨ੍ਹ ਉਸਾਰਨੇ ਜ਼ਰੂਰੀ ਹਨ, ਨਹੀਂ ਤਾਂ ਉਨ੍ਹਾਂ ਦੀ ਆਜ਼ਾਦੀ ਉਤੇ ਪ੍ਰਧਾਨ ਸ਼ਾਸਕ ਵਰਗ ਵਲੋਂ ਪਹਿਰਾ ਲੱਗਿਆ ਰਹੇਗਾ।

ਇਸ ਚਰਚਾ ਦਾ ਤੱਤ ਇਹ ਹੈ ਕਿ ਹਰ ਉਸ ਵਿਅਕਤੀ, ਜਮਾਤ ਜਾਂ ਕੌਮ ਨੂੰ, ਜੋ ਪੂਰੀ ਆਜ਼ਾਦੀ ਲਈ ਜੂਝ ਰਹੀ ਹੈ, ਇਹ ਲੜਾਈ ਚਾਰ ਪੱਧਰਾਂ ਉਤੇ ਲੜਨੀ ਪੈਂਦੀ ਹੈ। ਪ੍ਰਕਿਰਤੀ ਨਾਲ ਨਵਾਂ ਵਿਗਿਆਨ ਅਪਣਾ ਕੇ, ਸਮਾਜਿਕ-ਆਰਥਿਕ ਤਾਕਤਾਂ ਨਾਲ ਨਵੀਂ ਵਿਕਾਸਵਾਦੀ ਆਰਥਿਕਤਾ ਅਪਣਾ ਕੇ, ਰਾਜਨੀਤਕ ਪ੍ਰਭੁਤਾ ਵਾਲੀਆਂ ਤਾਕਤਾਂ ਨਾਲ ਆਪਣੀ ਪ੍ਰਭੁੱਤਾ ਲਈ ਯੋਜਨਾ ਜਾਂ ਟੱਕਰ ਉਭਾਰ ਕੇ, ਵਕਤੀ ਚਿੰਨ੍ਹ-ਵਿਧਾਨ ਨਾਲ ਆਪਣਾ ਨਵਾਂ ਚਿੰਨ੍ਹ-ਪ੍ਰਬੰਧ ਉਸਾਰ ਕੇ। ਜੇ ਕੋਈ ਵਿਅਕਤੀ ਅਤੇ ਕੌਮ ਇਹ ਚਾਰ ਪੱਧਰੀ ਲੜਾਈ ਨਹੀਂ ਲੜ ਸਕਦੇ ਤਾਂ ਉਨ੍ਹਾਂ ਨੂੰ ਪੂਰਨ ਆਜ਼ਾਦੀ ਨਹੀਂ ਪ੍ਰਾਪਤ ਹੋ ਸਕਦੀ। ਉਹ ਕੇਵਲ ਵਕਤ ਦੇ ਪ੍ਰਧਾਨ ਵਰਗ ਦੇ ਕਿਸੇ ਨਾ ਕਿਸੇ ਰੂਪ ਵਿਚ ਅੰਗ ਹੋ ਕੇ ਹੀ ਗੁਜ਼ਾਰਾ ਕਰਨਗੇ।

# ਲੋਕਤੰਤਰ, ਵਿਲੱਖਣਤਾ ਅਤੇ ਮਨੁੱਖੀ ਅਧਿਕਾਰ

ਲੋਕਤੰਤਰ ਦਾ ਪ੍ਰਵਚਨ ਅਤੇ ਅਭਿਆਸ ਬਹੁਤ ਤੇਜ਼ੀ ਨਾਲ ਅੱਗੇ ਵੱਧ ਰਹੇ ਹਨ। 'ਐਨਸਾਈਕਲੋਪੀਡੀਆ ਬਰਿਟੈਨਿਕਾ' ਦੀ ਸਨਾਤਨੀ ਪ੍ਰੀਭਾਸ਼ਾ ਅਨੁਸਾਰ ਲੋਕਤੰਤਰ 'ਲੋਕਾਂ ਦਾ ਰਾਜ' ਹੈ ਅਤੇ 'ਐਨਸਾਈਕਲੋਪੀਡੀਆ ਅਮੈਰੀਕਾਨਾ' ਦੀ ਨਵ-ਸਨਾਤਨੀ ਅਤੇ ਬਹੁ-ਗਿਣਤੀ ਦਾ ਪੱਖ ਲੈਣ ਵਾਲੀ ਪ੍ਰੀਭਾਸ਼ਾ ਅਨੁਸਾਰ ਲੋਕ ਰਾਜ "ਸ਼ਾਸਿਤ ਪ੍ਰੌੜ ਮਨੁੱਖਾਂ ਦੀ ਬਹੁਗਿਣਤੀ ਦਾ ਆਜ਼ਾਦਾਨਾ ਤੌਰ 'ਤੇ ਸੰਮਤੀ ਦੇਣਾ" ਹੈ। ਹੁਣ ਲੋਕਤੰਤਰ ਦਾ ਪ੍ਰਵਚਨ ਜਾਂ ਇਸ ਬਾਰੇ ਵਿਚਾਰ ਵਟਾਂਦਰਾ ਇਸ ਤੋਂ ਅੱਗੇ 'ਬਹੁ-ਧੁਨੀ' ਵੱਲ ਵੱਧ ਗਿਆ ਹੈ। ਇਸ ਦਾ ਅਰਥ ਹੈ ਕਿ ਹੁਣ ਲੋਕਤੰਤਰ ਉਸ ਪ੍ਰਬੰਧ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਲੋਕਾਂ ਦੀਆਂ ਸੁਤੰਤਰ ਧੁਨੀਆਂ ਜਾਂ ਆਵਾਜ਼ਾਂ ਆਪਣੀ ਬਹੁ-ਪੱਖਤਾ ਅਤੇ ਵਿਰੋਧ ਵਿਚ ਪ੍ਰਕਾਸ਼ ਕਰ ਰਹੀਆਂ ਹੋਣ। ਇਸ ਪ੍ਰਬੰਧ ਵਿਚ ਸੱਭਿਅਤਾ ਦਾ ਪਿਛੋਕੜ ਇੰਨਾ ਪੱਕਾ ਹੁੰਦਾ ਹੈ ਕਿ ਇਹ ਆਵਾਜ਼ਾਂ ਸਹਿਜੇ ਹੀ ਆਪਣੇ-ਆਪ ਨੂੰ ਪੱਕਾ ਕਰ ਲੈਂਦੀਆਂ ਹਨ ਅਤੇ ਇਕ ਦੂਜੇ ਤੋਂ ਪ੍ਰਭਾਵਿਤ ਵੀ ਕਰ ਲੈਂਦੀਆਂ ਹਨ। ਇਸ ਪ੍ਰਬੰਧ ਵਿਚ ਘੱਟ-ਗਿਣਤੀ ਵਾਲੀ ਗੁੰਝਲ ਜਾਂ ਬਹੁ-ਗਿਣਤੀ ਵਾਲੀ ਗੁੰਝਲ ਦੀ ਅਣਹੋਂਦ ਹੁੰਦੀ ਹੈ। ਸਮਾਜ ਦੇ ਸਭ ਮੈਂਬਰ ਇਕ ਦੂਜੇ ਨੂੰ ਕਹਿਣ ਸੁਣਨ ਅਤੇ ਭਾਈਚਾਰੇ ਨੂੰ ਅੱਗੇ ਲੈ ਜਾਣ ਲਈ ਹੀ ਉਤਸੁਕ ਹੁੰਦੇ ਹਨ। ਇਹ ਗੱਲ ਇਸ ਤਰ੍ਹਾਂ ਵੀ ਕਹੀ ਜਾ ਸਕਦੀ ਹੈ ਕਿ ਪ੍ਰਮਾਣਿਕ ਲੋਕਤੰਤਰ ਪਰ ਜਾਂ ਵਿਲੱਖਣ ਦੀ ਚੇਤਨਤਾ ਦੁਆਲੇ ਕੰਮ ਕਰਦਾ ਹੈ। ਇਹ ਪਰ ਜਾਂ ਦੂਜੇ ਨੂੰ ਨਾ ਹੀ ਜਜ਼ਬ ਕਰਨ ਲਈ ਤਿਆਰ ਕਰਦਾ ਹੈ ਅਤੇ ਨਾ ਹੀ ਉਨਤੀ ਜਾਂ ਪ੍ਰਫੁੱਲਤਾ ਲਈ ਜਜ਼ਬ ਕਰਨ ਨੂੰ ਜ਼ਰੂਰੀ ਸਮਝਦਾ ਹੈ ਸਗੋਂ ਦੂਜੇ ਨੂੰ ਸਵੀਕਾਰ ਕਰਨ ਅਤੇ ਉਸ ਤੋਂ ਪ੍ਰਭਾਵਿਤ ਹੋਣ ਨੂੰ ਇਕ ਲੋਕਰਾਜ ਵਿਚ, ਅੱਗੇ ਜਾਣ ਲਈ ਸਹਾਇਤਾ ਸਮਝਿਆ ਜਾਂਦਾ ਹੈ।

ਵੀਹਵੀਂ ਸਦੀ ਦੇ ਦੂਜੇ ਅੱਧ ਵਿਚ ਸੋਚ ਕਾਫੀ ਬਦਲੀ ਹੈ। ਵਿਸ਼ੇਸ਼ ਕਰ ਕੇ 1960 ਤੋਂ ਪਿਛੋਂ ਵੀਅਤਨਾਮ ਦੀ ਜੰਗ, ਫਰਾਂਸ ਵਿਚ ਵਿਦਿਆਰਥੀਆਂ ਦਾ ਪ੍ਰੋਟੈਸਟ, ਅਮਰੀਕਾ ਵਿਚ ਕਾਲਿਆਂ ਦੀ ਲਹਿਰ, ਫਲਸਤੀਨੀਆਂ ਤੇ ਯਹੂਦੀਆਂ ਦੀ ਸਵੈ-ਸਥਾਪਤੀ, ਇਨ੍ਹਾਂ ਸਭ ਘਟਨਾਵਾਂ ਨੇ ਪਹਿਲਾਂ ਵਾਂਗ ਸਾਂਝ ਦੇ ਨੁਕਤਿਆਂ ਨੂੰ ਲੱਭਣ ਦੀ ਥਾਂ, ਵਿਲੱਖਣਤਾ ਉਤੇ ਜ਼ੋਰ ਵਧਾ ਦਿੱਤਾ ਹੈ। ਕਿਉਂਕਿ ਹੁਣ ਇਹ ਪਤਾ ਲੱਗ ਗਿਆ ਹੈ ਕਿ 'ਸਾਂਝ' ਦੇ ਦਾਰਸ਼ਨਿਕ ਵਸਤਰਾਂ ਪਿਛੇ ਇਕ ਸ਼ਾਸਕ ਵਰਗ ਦੀ ਰਾਜਨੀਤਕ ਇੱਛਾ ਛੁਪੀ ਹੋਈ ਹੋ ਸਕਦੀ ਹੈ ਜਿਸ ਦਾ ਮੰਤਵ ਦੂਜੇ ਨੂੰ ਜਜ਼ਬ ਕਰਨਾ ਜਾਂ ਉਸ ਦੀ ਵਿਲੱਖਣਤਾ ਛੁਡਾਉਂਦਾ ਹੋਵੇ।

ਤੱਥ ਇਹ ਹੈ ਕਿ ਵਿਲੱਖਣਤਾ ਅਤੇ ਇਸ ਦੀ ਪ੍ਰਫੁੱਲਤਾ ਲਈ ਪਛਾਣ ਉਤੇ ਬਲ ਦਾ ਆਰੰਭ ਉਸ ਵੇਲੇ ਹੀ ਹੋ ਗਿਆ ਸੀ ਜਦੋਂ ਲੈਨਿਨ ਨੇ ਸਟਾਲਿਨ ਨੂੰ ਰੂਸ ਵਿਚ ਕੌਮੀ ਪ੍ਰਸ਼ਨ ਬਾਰੇ ਇਕ ਲੇਖ ਲਿਖਣ ਨੂੰ ਆਖਿਆ ਸੀ। ਇਨਕਲਾਬ ਤੋਂ ਪਿਛੋਂ ਲੈਨਿਨ ਨੇ ਸੋਵੀਅਤ ਗਣਰਾਜਾਂ ਨੂੰ ਕੌਮਾਂ ਦੇ ਘਰਾਂ ਵਜੋਂ ਸੰਗਠਿਤ ਕੀਤਾ। ਉਸ ਦੀ ਦਲੀਲ ਇਹ ਸੀ ਕਿ ਆਪਣੇ ਵਿਲੱਖਣ ਸੋਚ ਪ੍ਰਬੰਧਾਂ ਅਤੇ ਸੱਭਿਆਚਾਰਾਂ ਵਿਚ ਪ੍ਰਫੁੱਲਤ ਹੋ ਕੇ ਇਹ ਕੌਮਾਂ ਇਕ ਨਵੇਂ ਬਹੁ ਕੌਮੀ ਮਨੁੱਖ ਦੀ ਸਿਰਜਣਾ ਕਰਨਗੀਆਂ। ਉਸ ਦਾ ਤਜ਼ਰਬਾ ਅਧੂਰਾ ਰਹਿ ਗਿਆ ਕਿਉਂਕਿ ਉਸ ਨੇ ਭਵਿੱਖ ਲਈ ਗੌਰਵ ਰੱਖਣ ਵਾਲੀ ਆਪਣੀ ਯੋਜਨਾ ਵਿਚ ਇਕ ਗਲਤੀ ਕੀਤੀ। ਉਹ ਗਲਤੀ ਉਸ ਦਾ ਇਹ ਵਿਸ਼ਵਾਸ਼ ਸੀ ਕਿ ਕੌਮੀ ਵਿਲੱਖਣਤਾ ਦਾ ਭਾਵ ਇਕ 'ਬੁਰਜੂਆ' ਭਾਵ ਹੀ ਸੀ ਜੋ ਨਿਸ਼ਚੇ ਹੀ ਮਿੱਟ ਜਾਵੇਗਾ ਅਤੇ ਇਹ ਕੇਂਦਰ ਮੁਖੀ ਕਮਿਊਨਿਸਟ ਪਾਰਟੀ ਨਾਲ ਸਹਿਜੇ ਹੀ ਚੱਲ ਸਕੇਗਾ। ਪਰ ਕੌਮੀ ਵਿਲੱਖਣਤਾ ਦੇ ਨਿਆਇੰ ਅਤੇ ਵਿਚਾਰ-ਪ੍ਰਬੰਧ 'ਤੇ ਅਧਾਰਿਤ ਕਮਿਊਨਿਸਟ ਪਾਰਟੀ ਨੇ ਅੱਗੋਂ ਜਾਂ ਪਿਛੋਂ ਇਕ ਦਿਨ ਟਕਰਾਉਣਾ ਹੀ ਸੀ।

ਪਿਛਲੇ ਸਮੇਂ ਵਿਚ ਯੂਰਪੀ ਅਤੇ ਅਮਰੀਕੀ ਪੂੰਜੀਵਾਦੀ ਪ੍ਰਬੰਧਾਂ ਵਿਚ ਕਾਫੀ ਲਚਕ ਆਈ ਹੈ। ਇਹ ਪ੍ਰਬੰਧ ਆਪਣੇ ਇਸ ਕੱਟੜਪੰਥੀ ਵਿਸ਼ਵਾਸ ਵਿਚੋਂ ਅੱਗੇ ਨਿਕਲੇ ਹਨ ਕਿ ਵਿਕਾਸ ਕੇਵਲ ਨਵੀਨ ਕਾਢ, ਸੰਗਠਨ, ਮਾਰਕੀਟ ਸ਼ਕਤੀਆਂ ਨੂੰ ਤੀਬਰ ਕਰਨ ਅਤੇ ਮੁਕਾਬਲਾ ਵਧਾਉਣ ਨਾਲ ਹੀ ਸੰਭਵ ਹੈ। ਹੁਣ ਇਹ 'ਲਚਕ' ਅਤੇ 'ਸਥਾਨਕ' ਅੰਸ਼ਾਂ ਅਤੇ ਸੋਚਾਂ ਨੂੰ ਵੀ ਸਨਾਤਨੀ ਪੂੰਜੀਵਾਦੀ ਢੰਗਾਂ ਨਾਲ ਜੋੜ ਕੇ ਪ੍ਰਬੰਧ ਨੂੰ ਨਵੇਂ ਸਾਂਚੇ ਵਿਚ ਢਾਲਣ ਲਈ ਤਿਆਰ ਹੋ ਗਏ ਹਨ। ਇਸ ਦਾ ਅਰਥ ਇਹ ਹੈ ਕਿ ਕੇਨਸ ਦਾ ਮਾਡਲ ਤੇਜ਼ੀ ਨਾਲ ਬਦਲ ਰਿਹਾ ਹੈ। ਹੁਣ ਇਹ ਯਕੀਨ ਬਣ ਰਿਹਾ ਹੈ ਕਿ ਭੂਗੋਲ ਅਤੇ ਇਤਿਹਾਸ ਤੋਂ ਪ੍ਰਭਾਵਿਤ ਸੋਚ-ਪ੍ਰਬੰਧ ਅਤੇ 'ਸਥਾਨਕ' ਰੰਗ ਵਾਲੇ ਮਾਡਲ ਪ੍ਰਬੰਧ ਨੂੰ ਵੱਧ ਕਾਰਗਰ ਬਣਾਉਣ ਵਿਚ ਸਹਾਇਕ ਹੁੰਦੇ ਹਨ। ਕੁਝ ਆਰਥਿਕ ਅਤੇ ਰਾਜਨੀਤਕ ਰੱਦੋ-ਬਦਲ ਜਾਂ ਮੁੱਖ ਧਾਰਾ ਦੀ ਸੋਚ ਵਿਚ ਵਿਚਾਰਧਾਰਕ ਤਬਦੀਲੀਆਂ, ਪਾਸੇ ਉਤੇ ਪਏ ਅੱਡ ਵਿਕਾਸ ਕਰ ਰਹੇ ਉਪ-ਖਿੱਤਿਆਂ ਦੀ ਸ਼ਕਤੀ ਨੂੰ ਨਾਲ ਲੈਣ ਵਿਚ ਮਦਦ ਕਰ ਸਕਦੀਆਂ ਹਨ। ਅਜਿਹੇ ਉਪ-ਖਿੱਤਿਆਂ ਵਿਚ ਮੌਜੂਦ ਵਿਸ਼ੇਸ਼ੀਕਰਣ ਪਰ ਅੱਡਰੇ ਕਿਰਦਾਰ ਵਾਲੀ ਕੰਮ-ਸ਼ਕਤੀ ਨੂੰ ਵਰਤ ਸਕਣ ਵਿਚ ਹੀ ਹੁਣ ਜਪਾਨੀ ਪੂੰਜੀਵਾਦ ਦੀ ਕਾਮਯਾਬੀ ਸਮਝੀ ਜਾ ਰਹੀ ਹੈ।

ਸੰਖੇਪ ਵਿਚ ਕਿਸੇ ਪ੍ਰਬੰਧ ਦਾ ਪਤਨ, ਬਚਾਉ ਜਾ ਤਰੱਕੀ ਹੁਣ ਇਸ ਗੱਲ ਉਤੇ ਨਿਰਭਰ ਹੈ ਕਿ ਉਹ ਦੂਜੇ ਦੀ ਵਿਲੱਖਣਤਾ ਨੂੰ ਕਿਸ ਹੱਦ ਤਕ ਪਛਾਣ ਕੇ ਨਾਲ ਲੈ ਸਕਦਾ ਹੈ। ਇਹ ਵਿਲੱਖਣਤਾ ਅਤੇ ਹਸਤੀ ਅੰਤਰ-ਨਿਰਭਰ ਜਾਂ ਵਟਾਂਦਰੇ ਉਤੇ ਅਧਾਰਿਤ ਜ਼ਰੂਰ ਹੈ ਪਰ ਪੂਰੇ ਤੌਰ 'ਤੇ ਦੂਜੇ ਉਤੇ ਜੀਵਤ ਨਹੀਂ। ਇਹ ਗੱਲ

ਇਕ ਵਿਅਕਤੀ, ਸੰਘ, ਸੱਭਿਆਚਾਰਕ ਜਾਂ ਖਿੱਤੇ ਸਭ ਬਾਰੇ ਸੱਚ ਹੈ। ਇਸ ਤਰ੍ਹਾਂ ਮਨੋਵਿਗਿਆਨਕ, ਸੱਭਿਆਚਾਰਕ ਅਤੇ ਭੌਤਿਕ ਜਾਂ ਸਰੀਰਕ ਖਿੱਤੇ ਜੋ ਭੂਗੋਲਿਕ, ਇਤਿਹਾਸਕ ਅਤੇ ਕੁਦਰਤੀ ਅਚਾਰ ਵਾਲੇ ਹਨ, ਕਾਫੀ ਹਦ ਤਕ ਸਥਾਈ ਹਨ ਘੱਟੋ-ਘੱਟ ਅਗਲੀ ਵੱਡੀ ਤਬਦੀਲੀ ਵਾਪਰਨ ਤਕ। ਇਹ ਗੱਲ ਆਈਨਸਟਾਈਨ ਅਤੇ ਮਾਰਕਸ ਦੇ ਵਿਚਾਰਾਂ ਨੂੰ ਜੋੜਨ ਨਾਲ ਵੱਧ ਸਪੱਸ਼ਟ ਹੋ ਜਾਂਦੀ ਹੈ ਅਤੇ ਚੰਗੀ ਤਰ੍ਹਾਂ ਸਮਝੀ ਜਾ ਸਕਦੀ ਹੈ।

ਜਿਉਂ-ਜਿਉਂ ਮੁਕਾਬਲਾ ਵੱਧ ਰਿਹਾ ਹੈ ਅਤੇ ਲੋਕਾਂ ਦੇ ਵੱਧ ਅਮੀਰ ਹੋਣ ਅਤੇ ਜੀਵਨ ਨੂੰ ਬਹੁਤੇ ਪੱਖਾਂ ਤੋਂ ਸੰਤੋਖ ਦੇਣ ਵਾਲਾ ਬਣਾਉਣ ਦੀ ਇੱਛਾ ਪ੍ਰਬਲ ਹੋ ਰਹੀ ਹੈ, ਹਰ ਪ੍ਰਬੰਧ ਤੇਜ਼ੀ ਨਾਲ ਤਰੱਕੀ ਕਰਨ ਵਾਸਤੇ ਮਜ਼ਬੂਰ ਹੋ ਰਿਹਾ ਹੈ। ਹਰ ਪ੍ਰਬੰਧ ਦਾ ਰਾਜ-ਵਰਗ ਵੀ ਆਪਣੀ ਪ੍ਰਭੁਤਾ ਕਾਇਮ ਰੱਖਣ ਅਤੇ ਵਿਕਾਸ ਨੂੰ ਤਿੱਖਾ ਕਰਨ ਲਈ ਕਾਹਲ ਵਿਚ ਹੈ। ਖਾਸ ਕਰਕੇ ਉਨ੍ਹਾਂ ਵਿਕਸਿਤ ਹੋ ਰਹੇ ਦੇਸ਼ਾਂ ਵਿਚ ਜਿਨ੍ਹਾਂ ਨੇ ਅਜੇ ਬਹੁਤਾ ਪੈਂਡਾ ਤੈਅ ਕਰਨਾ ਹੈ, ਸ਼ਾਸਕ ਵਰਗ ਇਸ ਕਾਹਲ ਵਿਚ ਬੇਨਿਯਮਾਂ ਅਤੇ ਬੇਕਿਰਕ ਵੀ ਹੋ ਰਿਹਾ ਹੈ ਅਤੇ ਦੂਜੇ ਦੀ ਵਿਲੱਖਣਤਾ ਨੂੰ ਵਿਕਾਸ ਦੇ ਨਾਂ ਉਤੇ ਦਰੜ ਕੇ ਅੱਗੇ ਜਾਣਾ ਚਾਹੁੰਦਾ ਹੈ।

ਮਨੁੱਖੀ ਅਧਿਕਾਰ ਸੰਗਠਨਾਂ ਨੇ ਅੱਜ ਇਸ ਸਥਿਤੀ ਵਿਚ ਕੰਮ ਕਰਨਾ ਹੈ ਜਿਥੇ ਵਿਲੱਖਣਤਾ ਨੂੰ ਇਕਵਾਦੀ ਅਤੇ ਕਾਹਲ ਵਿਚ ਕੰਮ ਕਰ ਰਹੇ ਰਾਜ ਦੇ ਹਮਲੇ ਤੋਂ ਬਚਾਉਣਾ ਵੱਡਾ ਪ੍ਰਸ਼ਨ ਹੈ। ਸਭ ਮੁਕਤੀ ਲਹਿਰਾਂ ਜੋ ਸਮਕਾਲੀ ਸਵੈ-ਚੇਤਨਤਾ ਤੋਂ ਪ੍ਰਭਾਵਿਤ ਹਨ, ਇਸ ਵਿਲੱਖਣਤਾ ਨੂੰ ਖਤਮ ਕਰਨ ਵਾਲੇ ਇੱਕਵਾਦ ਵਿਰੁੱਧ ਕੀਤੇ ਗਏ ਸੰਗਠਿਤ ਜਤਨ ਹਨ ਭਾਵੇਂ ਕਈ ਵਾਰ ਇਨ੍ਹਾਂ ਲਹਿਰਾਂ ਦੇ ਮੰਤਵ ਕੁਝ ਧੁੰਦਲੇ ਹੀ ਕਿਉਂ ਨਾ ਨਜ਼ਰ ਆਉਣ। ਜੋ ਰਾਜ, ਆਧੁਨਿਕ ਬਣਾਉਣ ਵਾਲੀਆਂ ਸ਼ਕਤੀਆਂ ਨੂੰ ਬਿਨਾਂ ਕਿਸੇ ਭਵਿੱਖਪੱਖੀ ਦਿਸ਼ਾ ਅਤੇ ਸੱਭਿਆਚਾਰਕ ਹੋਂਦ ਮੁੱਖੀ ਮਾਮਲਿਆਂ ਨੂੰ ਵਿਚਾਰਨ ਤੋਂ ਬਿਨਾ ਖੁੱਲ੍ਹ ਦੇ ਦਿੰਦੇ ਹਨ, ਉਹ ਵਿਲੱਖਣ ਕੌਮੀਅਤਾਂ ਅਤੇ ਕੌਮਾਂ ਵਿਚ ਤਿੱਖਾ ਪ੍ਰਤੀਕਰਮ ਅਤੇ ਅਣਸੁਰੱਖਿਆ ਦੀ ਭਾਵਨਾ ਜਗਾਉਂਦੇ ਹਨ। ਫਿਰ ਇਸ ਸਥਿਤੀ ਨੂੰ ਨਜਿੱਠਣ ਲਈ ਰਾਜ ਵੱਲੋਂ ਜਦ ਵਿਲੱਖਣਤਾ-ਚੇਤਨ ਲਹਿਰਾਂ ਵਿਰੁੱਧ ਫੌਜੀ ਤਾਕਤ ਦੀ ਵਰਤੋਂ ਹੁੰਦੀ ਹੈ ਤਾਂ ਮਾਮਲਾ ਹੋਰ ਗੁੰਝਲਦਾਰ ਬਣ ਜਾਂਦਾ ਹੈ। ਇਸ ਨਾਲ ਲੋਕਾਂ ਵਿਚ 'ਮੁੱਖ-ਧਾਰਾ' ਨਾਲੋਂ ਟੁੱਟਣ ਦੀ ਬਿਰਤੀ, ਚਿੰਤਾ ਅਤੇ ਖੂਨਖਰਾਬਾ ਵੱਧਦੇ ਹਨ।

ਇਸ ਸਥਿਤੀ ਵਿਚ ਠੀਕ ਕੰਮ ਕਰਨ ਲਈ ਇਕ ਮਨੁੱਖੀ ਅਧਿਕਾਰ ਸੰਗਠਨ ਨੂੰ ਇਕ ਪ੍ਰਤੀਕਰਮ ਲਹਿਰ ਅਤੇ ਮੁਕਤੀ ਲਹਿਰ ਵਿਚ ਫਰਕ ਕਰਨਾ ਪਵੇਗਾ। ਪ੍ਰਤੀਕਰਮ ਲਹਿਰ ਰਾਜ ਦੀ ਕਿਸੇ ਜ਼ਿਆਦਤੀ ਜਾਂ

ਲਾਪਰਵਾਹੀ ਕਾਰਨ ਪੈਦਾ ਹੁੰਦੀ ਹੈ। ਜਿਵੇਂ ਮੰਡਲ ਕਮਿਸ਼ਨ ਦੀਆਂ ਸਿਫਾਰਸ਼ਾਂ ਅਤੇ ਉਨ੍ਹਾਂ ਨੂੰ ਲਾਗੂ ਕਰਨ ਬਾਰੇ ਚੱਲੀ ਵਿਦਿਆਰਥੀ ਲਹਿਰ ਜਾਂ ਕਿਸੇ ਨੀਤੀ ਜਾਂ ਬਿੱਲ ਬਾਰੇ ਪਿਛਲੇ ਸਮੇਂ-ਸਮੇਂ ਸਿਰ ਚੱਲੀਆਂ ਕਿਰਤੀ ਅਤੇ ਕਿਸਾਨ ਲਹਿਰਾਂ। ਪਰ ਮੁਕਤੀ ਲਹਿਰ ਉਹ ਹੈ ਜੋ ਰਾਜ ਵਿਰੁੱਧ ਇਸ ਲਈ ਚੱਲਦੀ ਹੈ ਕਿ ਉਹ ਉਨ੍ਹਾਂ ਵਿਲੱਖਣਤਾਵਾਂ ਨੂੰ ਖਤਮ ਕਰ ਰਿਹਾ ਹੈ ਜੋ ਸੱਭਿਆਚਾਰਕ ਅਤੇ ਜਾਤੀਗਤ (ਨਸਲੀ) ਅੰਤਰਾਂ ਨਾਲ ਸਬੰਧਤ ਹਨ। ਜਾਂ ਉਨ੍ਹਾਂ ਸੱਭਿਆਚਾਰਕ ਅਤੇ ਕੌਮੀ ਸਮੂਹਾਂ ਦੀਆਂ ਲਹਿਰਾਂ ਜੋ ਸਮਝਦੇ ਹਨ ਕਿ ਪ੍ਰਧਾਨ ਰਾਜ ਵਰਗ ਵਲੋਂ ਉਨ੍ਹਾਂ ਨੂੰ ਲੁੱਟਿਆ ਅਤੇ ਅਣਚਾਹੀ ਪ੍ਰਭੁਤਾ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਇਕ ਮਨੁੱਖੀ ਅਧਿਕਾਰ ਸੰਗਠਨ ਨੇ ਇਕ ਪ੍ਰਤੀਕਰਮ ਲਹਿਰ ਨਾਲ ਕੇਵਲ ਹਮਦਰਦੀ ਜਿਤਾਉਣੀ ਹੁੰਦੀ ਹੈ, ਇਹ ਧਿਆਨ ਵਿਚ ਰੱਖ ਕੇ ਕਿ ਲਹਿਰ ਦਾ ਗੁੱਸਾ ਰਾਜ ਦੀ ਕਿਸ ਜ਼ਿਆਦਤੀ ਅਤੇ ਲਾਪ੍ਰਵਾਹੀ ਵਿਰੁੱਧ ਹੈ, ਉਸ ਦੀ ਪ੍ਰਕਿਰਤੀ ਕੀ ਹੈ ਅਤੇ ਰਾਜ ਦੀ ਮਨੁੱਖੀ ਅਧਿਕਾਰਾਂ ਬਾਰੇ ਸਮੁੱਚੀ ਪ੍ਰਵਾਹ ਕਿੰਨੀ ਕੁ ਪ੍ਰਮਾਣਿਕ ਹੈ। ਪਰ ਅਧਿਕਾਰ ਸੰਗਠਨ ਨੇ ਇਕ ਮੁਕਤੀ ਲਹਿਰ ਨਾਲ ਹਮਦਰਦੀ ਤੋਂ ਅੱਗੇ ਜਾ ਕੇ ਆਪਣੇ ਆਪ ਨੂੰ ਜੋੜਨਾ ਹੁੰਦਾ ਹੈ, ਉਸ ਦੇ ਅਨੁਭਵ ਵਿਚ ਸ਼ਾਮਲ ਹੋਣਾ ਹੁੰਦਾ ਹੈ।

ਇਕ ਮੁਕਤੀ ਲਹਿਰ ਨਾਲ ਜੁੜਨ ਜਾਂ ਉਸ ਦੇ ਅਨੁਭਵ ਵਿਚ ਸ਼ਾਮਲ ਹੋਣ ਦਾ ਅਰਥ ਉਸ ਦੇ ਹੱਕ ਵਿਚ ਪੁਜ਼ੀਸ਼ਨ ਲੈਣਾ ਹੈ, ਲਹਿਰ ਦੇ ਲੋਕਾਂ ਤੋਂ ਜੋ ਆਜ਼ਾਦੀਆਂ ਅਤੇ ਅਧਿਕਾਰ ਖੋਹੇ ਗਏ ਹਨ ਉਨ੍ਹਾਂ ਨੂੰ ਸਾਹਮਣੇ ਲਿਆਉਣਾ ਹੈ। ਇਸ ਮੰਤਵ ਲਈ ਰਿਪੋਰਟਾਂ ਲਿਖਣੀਆਂ, ਮੀਟਿੰਗਾਂ ਨੂੰ ਸੰਬੋਧਨ ਕਰਨਾ, ਲਹਿਰ ਦੇ ਕਰਮੀਆਂ ਨੂੰ ਮਿਲਵਰਤਨ ਦੇਣਾ ਇਸ ਕ੍ਰਿਆ ਦਾ ਹਿੱਸਾ ਹਨ। ਪਰ ਨਾਲ ਹੀ ਅਧਿਕਾਰ ਸੰਗਠਨ ਦੀ ਇਹ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਮੁਕਤੀ ਲਹਿਰ ਦੇ ਲੋਕਾਂ ਨੂੰ ਵਿਰੋਧੀ ਧਿਰ ਦੇ ਮਨੁੱਖੀ ਅਧਿਕਾਰਾਂ ਬਾਰੇ ਵੀ ਸੁਚੇਤ ਰੱਖੇ। ਜੇ ਮੁਕਤੀ ਲਹਿਰ ਵੱਲੋਂ ਕੋਈ ਜ਼ਿਆਦਤੀ ਹੋਈ ਹੈ ਜਾਂ ਸੰਭਵ ਹੈ, ਉਸ ਵੱਲ ਵੀ ਧਿਆਨ ਦਿਵਾਏ।

ਸਾਰੇ ਵਿਸ਼ਵ ਵਿਚ ਹੀ ਰਾਜ ਤਣ ਜਾਂਦੇ ਹਨ ਜਦੋਂ ਮਨੁੱਖੀ ਅਧਿਕਾਰ ਸੰਗਠਨ ਆਪਣੇ-ਆਪ ਨੂੰ ਮੁਕਤੀ ਲਹਿਰਾਂ ਨਾਲ ਜੋੜ ਲੈਂਦੇ ਹਨ- ਉਨ੍ਹਾਂ ਦੇ ਅਨੁਭਵ ਵਿਚ ਸ਼ਾਮਲ ਹੋ ਜਾਂਦੇ ਹਨ। ਇਕ ਤਾਜ਼ੀ ਮਿਸਾਲ ਭਾਰਤ ਦੇ ਪ੍ਰਧਾਨ ਮੰਤਰੀ ਅਤੇ ਕੁਝ ਫੌਜੀ ਜਰਨੈਲਾਂ ਵੱਲੋਂ ਉਨ੍ਹਾਂ ਮਨੁੱਖੀ ਅਧਿਕਾਰ ਸੰਗਠਨਾਂ ਦੀ ਅਲੋਚਨਾ ਹੈ ਜਿਨ੍ਹਾਂ ਨੇ ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਦੇ ਖਾੜਕੂ ਅਤੇ ਹੋਰ ਲੋਕਾਂ ਉਤੇ ਰਾਜ ਦੇ ਦਮਨ, ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਹਿਰਾਸਤ ਵਿਚ ਰੱਖਣ ਅਤੇ ਮੌਤ ਦੇ ਘਾਟ ਉਤਾਰਨ ਵਿਰੁੱਧ ਅਵਾਜ਼ ਉਠਾਈ ਹੈ।

ਇਕ ਰਾਜ ਲਈ, ਮਨੁੱਖੀ ਅਧਿਕਾਰ ਸੰਗਠਨ ਦੀ ਅਲੋਚਨਾ ਕਰਨ ਦਾ ਕੁਝ ਹੱਕ ਹੈ ਜੇ ਸੰਗਠਨ ਆਪਣੇ-ਆਪ ਨੂੰ ਇਕ ਪ੍ਰਤੀਕਰਮ ਲਹਿਰ ਨਾਲ ਜੋੜ ਲੈਂਦਾ ਹੈ, ਉਹ ਪ੍ਰਤੀਕਰਮ-ਲਹਿਰ ਜੋ ਕਿਸੇ ਅਜਿਹੇ ਕਦਮ ਵਿਰੁੱਧ ਹੈ ਜਿਸ ਦਾ ਸਬੰਧ ਰਾਜ ਵਿਚ ਰਹਿ ਰਹੀ ਕਿਸੇ ਕੌਮ ਜਾਂ ਲੋਕਾਂ ਦੀਆਂ ਆਜ਼ਾਦੀਆਂ ਨੂੰ ਪੱਕਾ ਕਰਨ ਲਈ ਕਿਸੇ ਵਿਰੋਧੀ ਧਿਰ ਉਤੇ ਹਮਲੇ ਨਾਲ ਹੈ। ਪਰ ਰਾਜ ਵੱਲੋਂ ਅਲੋਚਨਾ ਦੀ ਕੋਈ ਤੁਕ ਨਹੀਂ ਜੇ ਅਧਿਕਾਰ ਸੰਗਠਨ ਉਨ੍ਹਾਂ ਮੁਕਤੀ ਲਈ ਲੜ ਰਹੇ ਲੋਕਾਂ ਨਾਲ ਜੁੜ ਰਿਹਾ ਹੈ ਜਿਨ੍ਹਾਂ ਤੋਂ ਆਜ਼ਾਦੀਆਂ ਖੋਹ ਲਈਆਂ ਗਈਆਂ ਹਨ।

ਕਿਸੇ ਲਹਿਰ ਦੇ ਮੁਕਤੀ ਤੱਤ ਬਾਰੇ ਨਿਰਣਾ ਕਰਨ ਲਈ ਮਨੁੱਖੀ ਅਧਿਕਾਰ ਸੰਗਠਨ ਨੂੰ ਯੂ.ਐਨ. ਦੇ ਦਸਤਾਵੇਜ਼ਾਂ ਦੀ ਅਸਪੱਸ਼ਟਤਾ ਤੋਂ ਅੱਗੇ ਲੰਘਣਾ ਪਵੇਗਾ। ਮਿਸਾਲ ਦੇ ਤੌਰ 'ਤੇ 10 ਦਸੰਬਰ 1948 ਨੂੰ ਪ੍ਰਵਾਣ ਹੋਇਆ "ਮਨੁੱਖੀ ਅਧਿਕਾਰਾਂ ਸਬੰਧੀ ਵਿਸ਼ਵ ਐਲਾਨਨਾਮਾ" ਮੁਢਲੇ "ਮਨੁੱਖੀ ਅਧਿਕਾਰਾਂ" ਦਾ ਅਤੇ ਸਭ ਇਸਤਰੀਆਂ, ਅਤੇ ਮਰਦਾਂ ਅਤੇ ਛੋਟੀਆਂ-ਵੱਡੀਆਂ ਕੌਮਾਂ ਦੇ 'ਬਰਾਬਰ ਅਧਿਕਾਰਾਂ' ਦਾ ਜ਼ਿਕਰ ਕਰਦਾ ਹੈ। ਇਹ ਜ਼ਿਕਰ ਨਿਰਪੇਖ ਹੈ, ਸਥਿਤੀ ਅਤੇ ਪ੍ਰਸੰਗ ਤੋਂ ਮੁਕਤ। ਕਿਉਂਕਿ ਇਸ ਦਸਤਾਵੇਜ਼ ਦਾ ਪ੍ਰਵਚਨ ਉਨੀਵੀਂ ਸਦੀ ਦੇ ਕੌਮਾਂ ਨਾਲ ਸਬੰਧਤ ਪੈਰਾਡਾਈਮ ਤੋਂ ਪ੍ਰਭਾਵਿਤ ਹੈ, ਇਸ ਲਈ ਇਸ ਵਿਚ ਉਨ੍ਹਾਂ ਕੌਮੀਅਤਾਂ, ਸੱਭਿਆਚਾਰਕ ਸੰਗਠਨਾਂ ਆਦਿ ਦਾ ਜ਼ਿਕਰ ਨਹੀਂ ਜੋ ਕੌਮਾਂ ਬਣਨ ਲਈ ਜੂਝ ਰਹੀਆਂ ਹਨ। ਪਰ ਜੋ "ਸਿਵਲ ਅਤੇ ਰਾਜਸੀ ਅਧਿਕਾਰਾਂ ਬਾਰੇ ਅੰਤਰਰਾਸ਼ਟਰੀ ਸੰਮਤੀਨਾਮਾ" 23 ਮਾਰਚ 1976 ਨੂੰ ਅਮਲ ਵਿਚ ਲਿਆਂਦਾ ਗਿਆ ਉਸ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ "ਸਭ ਲੋਕਾਂ ਨੂੰ ਆਤਮ-ਨਿਰਣੇ ਦਾ ਅਧਿਕਾਰ ਹੈ। ਉਸ ਅਧਿਕਾਰ ਨਾਲ ਉਹ ਆਪਣੇ ਰਾਜਸੀ, ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਨੂੰ ਅੱਗੇ ਤੋਰ ਸਕਦੇ ਹਨ।" ਇਥੇ 'ਸਭ ਲੋਕ' ਸ਼ਬਦ ਵਿਚ ਇਕ ਅਰਥ ਜ਼ਰੂਰ ਹੈ ਜਿਸ ਨੂੰ ਉਨ੍ਹਾਂ ਲੋਕਾਂ ਨਾਲ ਜੋੜਿਆ ਜਾ ਸਕਦਾ ਹੈ ਜੋ ਅਜੇ ਕੌਮਾਂ ਨਹੀਂ ਹਨ ਪਰ ਬਣਨ ਲਈ ਜੂਝ ਰਹੇ ਹਨ ਅਤੇ ਇਸ ਵਾਸਤੇ ਸਾਮਰਾਜੀ ਅਤੇ ਦਬਾਊ ਜੂਲੇ ਨੂੰ ਲਾਹੁਣ ਲਈ ਲੱਗੇ ਹੋਏ ਹਨ।

ਬਹੁਤੇ ਦੇਸ਼ਾਂ ਦੀਆਂ ਵਰਤਮਾਨ ਭੂਗੋਲਿਕ ਹੱਦਾਂ ਮਨਮਾਨੀ ਨਾਲ ਨਿਸ਼ਚਿਤ ਕੀਤੀਆਂ ਹੋਈਆਂ ਹਨ। ਜਿਨ੍ਹਾਂ ਕੋਲ ਇਤਿਹਾਸ ਵਿਚ ਤਾਕਤ ਸੀ, ਉਨ੍ਹਾਂ ਨੇ ਇਹ ਮਨਮਾਨੀ ਕੀਤੀ। ਇਤਿਹਾਸਕ ਚੇਤਨਤਾ ਦੇ ਵਧਣ ਨਾਲ ਇਹ ਹੱਦਾਂ ਨਵੇਂ ਸਿਰਿਓਂ ਨਿਸ਼ਚਿਤ ਕਰਨੀਆਂ ਪੈਣਗੀਆਂ। ਇਕ ਮਨੁੱਖੀ ਅਧਿਕਾਰ ਸੰਗਠਨ ਨੂੰ ਨਵੀਆਂ ਭੂਗੋਲਿਕ ਹੱਦਾਂ ਲਈ ਲੜ ਰਹੇ ਲੋਕਾਂ ਸਬੰਧੀ ਆਪਣਾ ਨਿਰਣਾ ਲੈਣਾ ਹੋਵੇਗਾ। ਇਸ ਸਬੰਧੀ ਚੱਲੀ ਲਹਿਰ ਬਾਰੇ ਕੋਈ ਪ੍ਰਮਾਣਿਕ ਨਿਰਣਾ ਕਾਫੀ ਕੰਮ ਤੋਂ ਪਿਛੋਂ ਹੀ ਲਿਆ ਜਾ ਸਕਦਾ ਹੈ। ਇਹ ਕੰਮ ਮਨੁੱਖ

ਵਿਗਿਆਨੀ, ਭਾਸ਼ਾਈ, ਪਰਾਭਾਸ਼ਾਈ ਅਤੇ ਇਤਿਹਾਸਕ ਪ੍ਰਕਿਰਤੀ ਵਾਲਾ ਹੋਵੇਗਾ। ਇਸ ਕੰਮ ਤੋਂ ਪਿਛੋਂ ਲਏ ਨਿਰਣੇ ਨਾਲ ਜੇ ਅਧਿਕਾਰ ਸੰਗਠਨ ਨੂੰ ਕਿਸੇ ਰਾਜ ਦਾ ਵਿਰੋਧ ਕਰਕੇ ਮੁਕਤੀ ਲਹਿਰ ਦਾ ਸਮਰਥਨ ਕਰਨਾ ਪੈਂਦਾ ਹੈ ਤਾਂ ਉਹ ਜਾਇਜ਼ ਹੈ ਕਿਉਂਕਿ ਇਹ ਸਮਰਥਨ ਉਨ੍ਹਾਂ ਲੋਕਾਂ ਨਾਲ ਸਬੰਧਤ ਹੋਵੇਗਾ ਜਿਨ੍ਹਾਂ ਨੂੰ ਆਪਣੇ ਅਧਿਕਾਰਾਂ ਤੋਂ ਵਾਂਝਿਆਂ ਕੀਤਾ ਗਿਆ ਹੈ।

ਇਹ ਯੂ.ਐਨ. ਦੇ ਦਸਤਾਵੇਜ਼ 'ਕੌਮ' ਦੇ ਸੰਕਲਪ ਨਾਲ ਸਬੰਧਤ ਸੋਚ-ਸੰਗਠਨ (ਪੈਰਾਡਾਈਮ) ਨਾਲ ਜੁੜੇ ਹੋਏ ਤਾਂ ਹਨ ਹੀ ਪਰ ਇਹ ਅਰਸਤੂ ਅਤੇ ਕਾਂਟ ਦੀ ਸੋਚਧਾਰਾ ਤੋਂ ਵੀ ਮੁਕਤ ਨਹੀਂ ਹਨ। ਇਸ ਸੋਚਧਾਰਾ ਅਨੁਸਾਰ ਹਰ ਵਿਅਕਤੀ ਇਕ ਸੰਗਠਿਤ ਆਤਮ (ਸਬਜੈਕਟ) ਹੈ। ਉਸ ਦਾ ਇਕ ਅੰਤਰੀਵ ਮੰਤਵ ਹੈ ਜੋ ਉਸ ਨੇ ਪ੍ਰਾਪਤ ਕਰਨਾ ਹੈ। ਜੇ ਅਸੀਂ ਮਨੁੱਖ ਬਾਰੇ ਇਸ ਤਰ੍ਹਾਂ ਦੀ ਸੋਚ ਨੂੰ ਸਵੀਕਾਰ ਕਰੀਏ ਜਿਸ ਅਨੁਸਾਰ ਮਨੁੱਖ ਸਥਾਈ, ਸੰਗਠਿਤ ਅਤੇ ਪ੍ਰਾਸਰੀਰਕ ਇਕਾਈ ਹੈ ਤਾਂ ਦਬਾਉਣ ਵਾਲੇ ਅਤੇ ਦੱਬੇ ਜਾਣ ਵਾਲੇ ਪ੍ਰਾਧੀਨ ਅਤੇ ਪ੍ਰਾਧੀਨ ਕਰਨ ਵਾਲੇ ਵਿਚ ਕੋਈ ਫਰਕ ਨਹੀਂ ਕੀਤਾ ਜਾ ਸਕਦਾ। ਇਹ ਫਰਕ ਸਮਝਣ ਲਈ ਇਸ ਪ੍ਰਵਚਨ ਵਿਚ ਦੋ ਹੋਰ ਸ਼ਬਦ ਸ਼ਾਮਲ ਕਰਨੇ ਪੈਣਗੇ। 'ਨਿਰਪੇਖ' ਅਤੇ 'ਸਾਪੇਖ' ਜਾਂ ਪ੍ਰਸੰਗਿਤ। ਉਦਾਹਰਣ ਦੇ ਤੌਰ 'ਤੇ ਜੇ ਅਸੀਂ ਕਹੀਏ ਕਿ ਭਾਸ਼ਣ ਅਤੇ ਕਰਮ ਦੀ ਆਜ਼ਾਦੀ ਮਨੁੱਖੀ ਪ੍ਰਫੁੱਲਤਾ ਲਈ ਅਹਿਮ ਹੈ ਤਾਂ ਇਸ ਅਧਿਕਾਰ ਨੂੰ ਪ੍ਰਸੰਗ-ਮੁਕਤ ਨਹੀਂ ਕੀਤਾ ਜਾ ਸਕਦਾ। ਜਿਸ ਪ੍ਰਸੰਗ ਵਿਚ ਇਹ ਅਧਿਕਾਰ ਮੰਗਿਆ ਜਾ ਰਿਹਾ ਹੈ ਉਸ ਨੂੰ ਵੀ ਵੇਖਣਾ ਜ਼ਰੂਰੀ ਹੈ। ਜੇ ਅਧਿਕਾਰ ਮੰਗਣ ਵਾਲੀ ਪਾਰਟੀ ਦਬਾਊ ਹੈ ਅਤੇ ਇਸ ਰਾਹੀਂ ਆਪਣੀ ਪ੍ਰਭੁਤਾ ਹੀ ਕਾਇਮ ਰੱਖਣਾ ਚਾਹੁੰਦੀ ਹੈ ਤਾਂ ਇਸ ਅਧਿਕਾਰ ਉਤੇ ਸਗੋਂ ਰੋਕ ਲਾਉਣੀ ਪਵੇਗੀ। ਇਕ ਮੰਗੇ ਜਾ ਰਹੇ ਅਧਿਕਾਰ ਨੂੰ ਸਮਰਥਨ ਦੇਣਾ ਤਾਂ ਹੀ ਬਣਦਾ ਹੈ ਜੇ ਦੂਜੇ ਦੀ ਸਮਾਜ ਹਿਤੈਸ਼ੀ ਅਤੇ ਸਹਾਇਕ ਸੰਮਤੀ ਸੰਭਵ ਹੋਵੇ।

ਦੂਜੇ ਸ਼ਬਦਾਂ ਵਿਚ ਸਮੁੱਚੇ ਨਿਆਂ ਅਤੇ ਸੰਤੁਲਨ ਬਾਰੇ ਵਿਚਾਰ ਨੂੰ ਅਧਿਕਾਰਾਂ ਨਾਲੋਂ ਤੋੜਿਆ ਨਹੀਂ ਜਾ ਸਕਦਾ। ਪਰ ਜਿਥੇ ਇਕ ਮੰਗੇ ਜਾ ਰਹੇ ਅਧਿਕਾਰ ਨਾਲ ਇਕ ਇਤਿਹਾਸ ਦਾ ਦਿੱਤਾ ਹੋਇਆ ਅਸੰਤੁਲਨ ਠੀਕ ਹੋ ਸਕਦਾ ਹੈ। ਉਸ ਦੀ ਅਧਿਕਾਰ ਸੰਗਠਨਾਂ ਨੂੰ ਬਹਾਦਰੀ ਨਾਲ ਧਿਰ ਪਾਲਣੀ ਚਾਹੀਦੀ ਹੈ ਇਨ੍ਹਾਂ ਸੰਗਠਨਾਂ ਨੂੰ ਆਪਣੇ ਨਿਰਣੇ ਅਤੇ ਪੁਜੀਸ਼ਨ ਇਕ ਅਜਿਹੀ ਚੇਤਨਤਾ ਵਿਚ ਲੈਣੇ ਬਣਦੇ ਹਨ, ਜਿਸ ਨੂੰ "ਏ ਥਿਊਰੀ ਔਫ ਜਸਟਿਸ" ਦਾ ਕਰਤਾ ਜੌਹਨ ਰਾਲਸ "ਵਿਚਾਰਵਾਦੀ ਸੰਤੁਲਨ" ਆਖਦਾ ਹੈ। ਪਰ ਕਿਸੇ ਰਾਜ ਨੂੰ ਇਹ ਇਜਾਜ਼ਤ ਨਹੀਂ ਦੇਣੀ ਚਾਹੀਦੀ ਕਿ ਉਹ "ਸੰਤੁਲਨ" ਦਾ ਅਰਥ ਖੜ੍ਹੋਤ ਨੂੰ ਹੀ ਮੰਨੇ ਅਤੇ ਪ੍ਰਗਤੀਸ਼ੀਲ, ਵਿਚਾਰਵਾਦੀ ਸੰਤੁਲਨ ਦੀ ਨਿੰਦਿਆ ਕਰਵਾਈ ਜਾਵੇ। ਇਨ੍ਹਾਂ ਅਰਥਾਂ ਵਿਚ 'ਸੰਤੁਲਨ' ਇਕ

ਨਿਆਂ ਦਾ ਸ਼ਬਦ ਹੈ ਤਾਕਤ ਖੇਡ ਦਾ ਨਹੀਂ।

ਮਨੁੱਖੀ ਅਧਿਕਾਰ ਸੰਗਠਨਾਂ ਲਈ ਇਕ ਹੋਰ ਝਗੜੇ ਵਾਲਾ ਮਸਲਾ ਹੈ, ਹਿੰਸਾ : ਉਹ ਸਰੀਰਕ ਸ਼ਕਤੀ ਜੋ ਇਕ ਲੁੱਟੇ ਹੋਏ ਅਧਿਕਾਰਾਂ ਨੂੰ ਵਾਪਸ ਲੈਣ ਲਈ ਜਾਂ ਮਨੁੱਖੀ ਅਤੇ ਇਤਿਹਾਸਕ ਤੌਰ 'ਤੇ ਜਾਇਜ਼ ਪਰ ਨਾ ਮਿਲੇ ਅਧਿਕਾਰ ਨੂੰ ਕਾਇਮ ਕਰਨ ਲਈ ਵਰਤੀ ਜਾਂਦੀ ਹੈ। ਜਿਵੇਂ ਪ੍ਰੋਲਤਾਰੀ ਲੋਕਾਂ (ਕਿਰਤੀਆਂ ਅਤੇ ਕਾਮਿਆਂ) ਦੇ ਹੱਕ ਜੋ ਪੂੰਜੀਵਾਦ ਦੇ ਆਉਣ ਤੋਂ ਪਹਿਲਾਂ ਹੋਂਦ ਵਿਚ ਹੀ ਨਹੀਂ ਆਏ ਸਨ। ਆਮ ਤੌਰ 'ਤੇ ਉਨ੍ਹਾਂ ਸਾਰੇ ਸੰਗਠਨਾਂ ਦੀ ਰਾਜ ਵਲੋਂ ਅਲੋਚਨਾ ਹੁੰਦੀ ਹੈ ਜੋ ਹਿੰਸਾ ਵਰਤਣ ਵਾਲੀਆਂ ਲਹਿਰਾਂ ਦਾ ਸਮਰਥਨ ਕਰਦੇ ਹਨ। ਆਦਰਸ਼ਕ ਤਾਂ ਇਹੀ ਹੈ ਕਿ ਇਕ ਮੁਕਤੀ-ਲਖਸ਼ਿਤ ਜਾਂ ਸਿਵਲ ਲਹਿਰ ਆਪਣੇ ਦਾਈਏ ਉਤੇ ਗੁਫਤਗੂ ਅਤੇ ਅਹਿੰਸਕ ਸਾਧਨਾਂ ਰਾਹੀਂ ਪਹੁੰਚੇ। ਪਰ ਉਸ ਰਾਜ ਦਾ ਮੁਕਾਬਲਾ ਕਿਵੇਂ ਕੀਤਾ ਜਾਵੇ ਜੋ ਪੁਲਿਸ ਅਤੇ ਫੌਜ ਦੀ ਸ਼ਕਤੀ ਨਾਲ ਚਲਦਾ ਹੈ ਅਤੇ ਮੁਕਤੀ ਲਹਿਰ ਨੂੰ ਰੋਕਣ ਲਈ ਸੰਗਠਿਤ ਹਿੰਸਾ ਵਰਤਣੋਂ ਗੁਰੇਜ ਨਹੀਂ ਕਰਦਾ, ਕਿਉਂਕਿ ਰਾਜ ਦੇ ਸ਼ਾਸਕ ਆਪਣੇ ਲੋਟੂ ਅਤੇ ਸੌੜੇ ਹਿੱਤਾਂ ਕਾਰਨ ਖੋਹੇ ਹੋਏ ਅਧਿਕਾਰ ਵਾਪਸ ਨਹੀਂ ਕਰਨਾ ਚਾਹੁੰਦੇ? ਇਸ ਸਥਿਤੀ ਵਿਚ ਮਨੁੱਖੀ ਅਧਿਕਾਰ ਸੰਗਠਨਾਂ ਕੋਲ ਮੁਕਤੀ-ਲਖਸ਼ਿਤ ਹਿੰਸਾ ਦਾ ਸਮਰਥਨ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ।

ਇਤਿਹਾਸ ਨੇ ਅਜੇ ਪਹਿਲੇ ਗਾਂਧੀਵਾਦੀ ਅਹਿੰਸਕ ਰਾਜ ਨੂੰ ਜਨਮ ਨਹੀਂ ਦਿੱਤਾ। ਗਾਂਧੀ ਦੇ ਆਪਣੇ ਦੇਸ਼ ਦਾ ਰਾਜ ਅੱਜ ਵਿਸ਼ਵ ਦੇ ਬਹੁ-ਹਿੰਸਕ ਰਾਜਾਂ ਵਿਚੋਂ ਇੱਕ ਹੈ। ਇਹ ਆਪਣੀ ਪੁਲਿਸ ਅਤੇ ਫੌਜ ਸ਼ਕਤੀ ਲੋਕ-ਪ੍ਰਿਯ ਲਹਿਰਾਂ ਨੂੰ ਖਤਮ ਕਰਨ ਲਈ ਵਰਤਦਾ ਹੈ ਤਾਂ ਕਿ ਇਸ ਨਾਲ ਸ਼ਾਸਕਾਂ ਦੀ ਮਿਆਦ ਨੂੰ ਵਧਾਇਆ ਜਾ ਸਕੇ। ਉਹ ਸ਼ਾਸਕ ਜੋ ਆਪਣੇ-ਰਾਜ ਨੂੰ ਕਾਇਮ ਰੱਖਣ ਲਈ ਆਪਣੇ ਸਮਰਥਕ ਕੁੱਝ ਉਦਯੋਗ ਪਰਿਵਾਰਾਂ ਅਤੇ ਪੁਰਾਣੇ ਜਾਗੀਰਦਾਰੀ ਟੱਬਰਾਂ ਦੇ ਹਿੱਤਾਂ ਅਤੇ ਪੂੰਜੀ ਨੂੰ ਸੁਰੱਖਿਅਤ ਕਰਦੇ ਹਨ।

ਪ੍ਰੋਫੈਸਰ ਉਪੇਂਦਰ ਬਖਸ਼ੀ (ਦਿੱਲੀ ਯੂਨੀਵਰਸਿਟੀ ਦੇ ਵਰਤਮਾਨ ਵਾਈਸ ਚਾਂਸਲਰ) ਪ੍ਰਸਿੱਧ ਕਾਨੂੰਨ ਸ਼ਾਸਤਰੀ ਹਨ, ਆਪਣੇ ਇਕ ਨਿਬੰਧ "ਮਨੁੱਖੀ ਅਧਿਕਾਰਾਂ ਤੋਂ ਮਨੁੱਖੀ ਹੋਂਦ ਦੇ ਅਧਿਕਾਰ ਤੱਕ" ਵਿਚ ਕਹਿੰਦੇ ਹਨ: "ਮਨੁੱਖੀ ਅਧਿਕਾਰਾਂ ਦਾ ਪ੍ਰਵਚਨ ਜੋ ਇਸ ਵਿਚਾਰ ਉਤੇ ਅਧਾਰਿਤ ਹੈ ਕਿ ਹਿੰਸਾ ਕਿਸੇ ਵੀ ਅਧਿਕਾਰਾਂ ਦੇ ਮਾਡਲ ਦੇ ਵਿਰੁੱਧ ਹੈ, ਇਸ ਇਤਿਹਾਸਕ ਸੱਚ ਨੂੰ ਕਦੇ ਹੀ ਮੰਨਦਾ ਹੈ ਕਿ ਨਵੇਂ ਅਧਿਕਾਰਾਂ ਦੀ ਸਿਰਜਣਾ ਹਿੰਸਾ ਨਾਲ ਹੀ ਹੁੰਦੀ ਹੈ।" ਇਸ ਲਈ ਮਨੁੱਖੀ ਅਧਿਕਾਰ ਸੰਗਠਨਾਂ ਨੂੰ ਜੇ ਇਹ ਲੱਗੇ ਕਿ ਅਧਿਕਾਰਾਂ ਦੀ ਵਾਪਸੀ ਜਾਂ ਸਿਰਜਨਾ ਰਾਜ ਦੀ ਸੰਗਠਿਤ ਹਿੰਸਾ ਨੂੰ ਹਿੰਸਾ ਰਾਹੀਂ ਰੋਕਣ ਨਾਲ ਹੀ ਹੋ ਸਕਦੀ ਹੈ ਤਾਂ ਇਸ

ਸਥਿਤੀ ਵਿਚ ਹਿੰਸਾ ਨੂੰ ਬਿਨਾਂ ਦੁਚਿੱਤੀ ਦੇ ਸਮਰਥਨ ਦੇਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ। ਪਰ ਇਸ ਦਾ ਇਹ ਅਰਥ ਨਹੀਂ ਕਿ ਅਜਿਹੇ ਸਮਰਥਨ ਵੇਲੇ ਇਹ ਸੰਗਠਨ ਉੱਪਰ ਦੱਸੇ ਹੋਏ "ਵਿਚਾਰਵਾਦੀ ਸੰਤੁਲਨ" ਅਤੇ ਦੂਜਿਆਂ ਪ੍ਰਤੀ ਸਹਿ ਜਾਂ ਬਰਾਬਰ ਨਿਆਂ ਨੂੰ ਅੱਖੋਂ ਉਹਲੇ ਕਰ ਦੇਣ।

ਉਪਰ ਪ੍ਰਗਟ ਕੀਤੇ ਵਿਚਾਰਾਂ ਨੂੰ ਹੋਰ ਸਪੱਸ਼ਟ ਕਰਨ ਲਈ ਹੁਣ ਅਸੀਂ ਜੰਮੂ-ਕਸ਼ਮੀਰ ਅਤੇ ਪੰਜਾਬ ਦੀਆਂ ਕੇਸ ਉਦਾਹਰਨਾਂ ਲੈ ਸਕਦੇ ਹਾਂ। ਜੰਮੂ-ਕਸ਼ਮੀਰ ਲਹਿਰ ਲੋਕ-ਪ੍ਰਿਯ ਹੈ। ਇਹ ਮੁਸਲਮਾਨਾਂ ਤਕ ਸੀਮਤ ਰਹਿਣ ਦੇ ਬਾਵਜੂਦ ਇਕ ਜਨ-ਉਭਾਰ ਹੈ। ਇਸ ਉਭਾਰ ਦਾ ਮੁੱਖ ਕਾਰਨ ਭਾਰਤੀ ਰਾਜ ਦੀ ਇਸ ਖਿੱਤੇ ਪ੍ਰਤੀ ਅਸੰਤੁਲਿਤ ਪਹੁੰਚ ਹੈ। ਕਸ਼ਮੀਰੀਆਂ ਨੂੰ ਸੁਸਿੱਖਿਅਤ ਕਰਨ ਅਤੇ ਉਦਯੋਗੀਕਰਨ ਕਰ ਕੇ ਉਨ੍ਹਾਂ ਦੀ ਆਰਥਿਕਤਾ ਨੂੰ ਸਵੈ-ਨਿਰਭਰ ਬਣਾ ਕੇ ਅਗਲੇ ਪੜਾਅ ਉਤੇ ਜਾਣ ਦੀ ਥਾਂ ਭਾਰਤੀ ਰਾਜ ਦੇ ਸ਼ਾਸਕਾਂ ਨੇ ਇਸ ਨੂੰ ਨਿਰਭਰ ਬਣਾਇਆ ਹੈ। ਕੁਝ ਹੱਦ ਤਕ ਇਸ ਦਾ ਕਾਰਨ ਇਨ੍ਹਾਂ ਲੋਕਾਂ ਵਿਚ ਅਵਿਸ਼ਵਾਸ ਅਤੇ ਕੁਝ ਹੱਦ ਤਕ ਰਾਜ ਦੇ ਨਵੇਂ ਸਾਹਿਬਾਂ ਦਾ ਇਸ ਖਿੱਤੇ ਨੂੰ ਇਕ ਸਸਤੀ ਮਜ਼ਦੂਰੀ ਅਤੇ ਸੇਵਾ ਵਾਲੇ 'ਮੌਜ ਘਰ' ਵਜੋਂ ਹੀ ਦੇਖਣਾ ਹੈ। ਇਸ ਸਥਿਤੀ ਵਿਚ ਲੋਕਾਂ ਨੇ ਅੱਗੋਂ ਪਿਛੋਂ ਵਿਦਰੋਹ ਕਰਨਾ ਹੀ ਸੀ। ਇਸ ਖਿੱਤੇ ਦੇ ਹਿੰਦੂ ਵੀ ਇਸ ਨਿਰਭਰ ਆਰਥਿਕਤਾ ਤੋਂ ਪ੍ਰਭਾਵਤ ਹਨ ਪਰ ਕਿਉਂਕਿ ਉਹ ਕੇਂਦਰ ਨਾਲ ਇਕ ਧਰਮ-ਅਧਾਰਿਤ ਸਬੰਧ ਬਣਾ ਬੈਠੇ ਹਨ, ਇਸ ਲਈ ਉਨ੍ਹਾਂ ਨੇ ਇਸ ਸਥਿਤੀ ਦੀ ਪ੍ਰਮਾਣਿਕ ਸਮਝ ਲਈ ਆਪਣੇ-ਆਪ ਨੂੰ ਅਸਮਰਥ ਕਰ ਲਿਆ ਹੈ।

ਇਸ ਲਹਿਰ ਵਿਚ ਵੱਖਵਾਦੀ ਅੰਸ਼ਾਂ ਅਤੇ ਇਨ੍ਹਾਂ ਦੇ ਧਾਰਮਿਕ ਭਾਵ ਦੇ ਬਾਵਜੂਦ ਇਸ ਦਾ ਆਧਾਰ ਰਾਜ ਵਲੋਂ ਕੀਤੀ ਗਈ ਆਰਥਿਕ ਅਤੇ ਸੱਭਿਆਚਾਰਕ ਲਾਪਰਵਾਹੀ ਅਤੇ ਖਿੱਤੇ ਨੂੰ ਆਪਣੀਆਂ ਕੌਮੀ ਭਾਵਨਾਵਾਂ ਨੂੰ ਪ੍ਰਫੁੱਲਤ ਨਾ ਕਰਨ ਦੀ ਆਗਿਆ ਦੇਣ ਉਤੇ ਹੈ। ਇਕ ਹੋਰ ਕਾਰਨ ਜੋ ਇਸ ਦੇ ਨਾਲ ਹੀ ਜੁੜਿਆ ਹੋਇਆ ਹੈ : ਇਥੋਂ ਦੀਆਂ ਚੁਣੀਆਂ ਹੋਈਆਂ ਸਰਕਾਰਾਂ ਨੂੰ ਪੱਖਪਾਤੀ ਅਤੇ ਬੇਅਸੂਲੇ ਢੰਗ ਨਾਲ ਡੇਗ ਕੇ ਅਤੇ ਚੋਣਾਂ ਵਿਚ ਗੜਬੜ ਕਰ ਕੇ ਖਿੱਤੇ ਨੂੰ ਰਾਜਨੀਤਕ ਤੌਰ 'ਤੇ ਵੱਸ ਵਿਚ ਕਰਨ ਦਾ ਯਤਨ ਕਰਨਾ। ਇਕ ਮਨੁੱਖੀ ਅਧਿਕਾਰ ਸੰਗਠਨ ਲਈ ਇਸ ਸਥਿਤੀ ਦੀ ਗੁੰਝਲਦਾਰ ਬਣਤਰ ਨੂੰ ਸਮਝਣਾ ਜ਼ਰੂਰੀ ਹੈ। ਇਸ ਲਹਿਰ ਦੇ ਪ੍ਰਮਾਣਿਕ ਮੁਕਤੀ ਤੱਤ ਦਾ ਪੱਖ ਪੂਰਨ ਅਤੇ ਭਾਰਤੀ ਰਾਜ ਦੀ ਅਲੋਚਨਾ ਕਰਨ ਦੇ ਨਾਲ ਹੀ ਇਕ ਮਨੁੱਖੀ ਅਧਿਕਾਰ ਸੰਗਠਨ ਲਈ ਇਹ ਵੀ ਲਾਜ਼ਮੀ ਹੈ ਕਿ ਉਹ ਲਹਿਰ ਦੇ ਅਸੰਤੁਲਨ ਦਾ ਵੀ ਜ਼ਿਕਰ ਕਰੇ ਜੋ ਮੁਸਲਿਮ ਸਥਾਨਕਤਾਵਾਦ ਅਤੇ ਹਿੰਦੂ ਕੇਂਦਰਵਾਦ ਨਾਲ ਉਪਜਿਆ ਹੈ। ਕਸ਼ਮੀਰੀਆਂ ਲਈ ਯੋਗ ਅਤੇ ਭਰਪੂਰਤਾ ਵਾਲਾ ਰਾਹ ਅਜਿਹੇ ਸੰਯੁਕਤ ਕਸ਼ਮੀਰੀ ਕੌਮਵਾਦ ਲਈ ਕੰਮ ਕਰਨਾ ਹੈ ਜਿਸ ਦੀ ਆਪਣੀ

ਵਿਲੱਖਣ ਸੁਗੰਧ ਹੋਵੇ। ਜੇ ਇਸ ਰਾਹ ਉਤੇ ਕਸ਼ਮੀਰੀ ਮੁਸਲਮਾਨ ਇਕੱਲੇ ਰਹਿ ਗਏ ਜਾਂ ਕਰ ਦਿੱਤੇ ਗਏ ਤਾਂ ਕਸ਼ਮੀਰੀ ਕ਼ੌਮਵਾਦ ਦੇ ਪੂਰਨ ਨੁਮਾਇੰਦੇ ਉਹੀ ਰਹਿ ਜਾਣਗੇ। ਕਿਸੇ ਵੀ ਅਕਲਮੰਦ ਰਾਜ ਨੂੰ ਕਸ਼ਮੀਰੀ ਮੁਸਲਮਾਨਾਂ ਨੂੰ ਕ਼ੌਮ ਦੇ ਅਧਿਕਾਰ ਦੇਣੇ ਪੈਣਗੇ। ਭਾਵੇਂ ਉਹ ਫੈਡਰਲ ਜਾਂ ਕਨਫੈਡਰਲ ਢਾਂਚੇ ਵਿਚ ਹੀ ਕਿਉਂ ਨਾ ਹੋਣ।

ਪੰਜਾਬ ਇਕ ਹੋਰ ਕ੍ਰਿਆਵੰਤ ਖਿੱਤਾ ਹੈ ਜੋ ਸੂਝ-ਬੂਝ ਵਾਲੀ ਸਮਝ ਦੀ ਮੰਗ ਕਰਦਾ ਹੈ। ਮੌਜੂਦਾ ਤਣਾਓ ਅਤੇ ਸਿੱਖ ਨੌਜਵਾਨਾਂ ਦੀ ਹਥਿਆਰਬੰਦ ਲਹਿਰ ਹੋਂਦ ਵਿਚ ਆਉਣ ਦੇ ਕਈ ਕਾਰਨ ਹਨ। ਪੰਜਾਬ ਨੂੰ ਮੁੱਖ ਤੌਰ 'ਤੇ ਖੇਤੀਬਾੜੀ ਦਾ ਰਾਜ ਰੱਖਣ ਦੀ ਨੀਤੀ, ਕੇਂਦਰਵਾਦੀ ਪੂੰਜੀਵਾਦੀ ਮਾਡਲ ਜਿਸ ਨੇ ਇੱਕ-ਮੁਖੀ ਅਤੇ ਲੋਟੂ ਸੰਸਥਾਵਾਂ ਸਥਾਪਤ ਕੀਤੀਆਂ ਹਨ, ਛੋਟੇ ਕਿਸਾਨ ਦੀ ਆਰਥਿਕਤਾ ਵਿਚ ਨਿਰੰਤਰ ਆਈ ਕਮਜ਼ੋਰੀ, ਸਿੱਖਾਂ ਦੀ ਸੱਭਿਆਚਾਰਕ ਅਤੇ ਰਾਜਨੀਤਕ ਦ੍ਰਿਸ਼ਟੀ ਜੋ ਅਰਥਚਾਰੇ ਰਾਜਨੀਤੀ ਅਤੇ ਨੈਤਿਕਤਾ ਨੂੰ ਸੰਗਠਿਤ ਰੂਪ ਵਿਚ ਦੇਖਦੀ ਹੈ, ਰਾਜਧਾਨੀ, ਪਾਣੀ ਅਤੇ ਪੂੰਜੀ ਲਾਉਣ ਬਾਰੇ ਪੰਜਾਬ ਨਾਲ ਅਨਿਆਂ, ਬਲਿਊ ਸਟਾਰ ਉਪਰੇਸ਼ਨ, 1984 ਵਿਚ ਸਿੱਖਾਂ ਦਾ ਵੱਡੇ ਪੱਧਰ 'ਤੇ ਕੀਤਾ ਸੰਘਾਰ ਅਤੇ ਇਸ ਲਈ ਦੋਸ਼ੀਆਂ ਨੂੰ ਸਜ਼ਾ ਨਾ ਦੇ ਸਕਣਾ। ਇਨ੍ਹਾਂ ਸਭ ਕਾਰਨਾਂ ਤੋਂ ਉਤੇ ਇਕ ਹੋਰ ਕਾਰਨ ਹੈ ਵੰਡ ਤੋਂ ਪਹਿਲਾਂ ਕਾਂਗਰਸ ਦਾ ਸਿੱਖਾਂ ਨਾਲ ਕੀਤਾ ਇਹ ਇਕਰਾਰ ਕਿ ਉਨ੍ਹਾਂ ਨੂੰ ਇਕ ਖਿੱਤਾ ਦਿੱਤਾ ਜਾਵੇਗਾ ਜਿਸ ਵਿਚ ਉਹ "ਆਜ਼ਾਦੀ" ਦੀ ਰੌਸ਼ਨੀ ਮਾਣ ਸਕਣ, ਕੇਂਦਰ 'ਤੇ ਰਾਜ ਕਰਨ ਵਾਲੇ ਸਭ ਗਰੁੱਪਾਂ ਵਿਚ ਇਹ ਪਛਾਨਣ ਦੀ ਅਸਮਰਥਾ ਕਿ ਸਿੱਖ ਹੀ ਭਵਿੱਖਮੁਖੀ ਪੰਜਾਬੀ ਕ਼ੌਮਵਾਦ ਦੇ ਨੁਮਾਇੰਦੇ ਹਨ। ਸਿੱਖ ਦ੍ਰਿਸ਼ਟੀ ਅਤੇ ਪੰਜਾਬੀ ਦ੍ਰਿਸ਼ਟੀ ਵਿਚ ਕੋਈ ਅੰਤਰ ਨਹੀਂ। ਸਿੱਖ ਹੀ ਮੁੱਖ ਤੌਰ 'ਤੇ ਇਸ ਖਿੱਤੇ ਦੇ ਇਤਿਹਾਸ ਨੂੰ ਅੱਗੇ ਚਲਾਉਣ ਵਾਲੇ ਅਤੇ ਇਸ ਦੇ ਸਿਰਜਣਹਾਰ ਹਨ। ਕਿਉਂਕਿ ਪੰਜਾਬੀ ਹਿੰਦੂ ਕੁਝ ਇਤਿਹਾਸਕ ਅਤੇ ਸੱਭਿਆਚਾਰਕ ਕਾਰਨਾਂ ਵਜੋਂ ਪੰਜਾਬੀਅਤ ਵੱਲੋਂ ਮੁੱਖ ਮੋੜ ਗਿਆ ਹੈ, ਸਿੱਖਾਂ ਉਤੇ ਹੀ ਪੰਜਾਬੀ ਕ਼ੌਮਵਾਦ ਦੀ ਲੀਡਰਸ਼ਿਪ ਸੰਭਾਲਣ ਦੀ ਜ਼ਿੰਮੇਵਾਰੀ ਆਈ ਹੈ। ਇਤਿਹਾਸਕ ਸਥਿਤੀ ਦਾ ਹਾਣ ਕਰਨ ਅਤੇ ਸਿੱਖ ਦ੍ਰਿਸ਼ਟੀ ਨੂੰ ਭਵਿੱਖ-ਮੁਖੀ ਦ੍ਰਿਸ਼ਟੀ ਸਵੀਕਾਰ ਕਰਨ ਦੀ ਥਾਂ ਪੰਜਾਬੀ ਹਿੰਦੂ ਨੇ ਮੁੱਖ ਤੌਰ 'ਤੇ ਹਿੰਦੂ ਕੇਂਦਰ ਨਾਲ ਨਾਤਾ ਜੋੜੀ ਰੱਖਣ ਦਾ ਨਿਰਣਾ ਲਿਆ ਹੋਇਆ ਹੈ।

ਪੰਜਾਬੀ ਕ਼ੌਮਵਾਦ ਨੂੰ ਪੰਜਾਬ ਦੇ ਬ੍ਰਹਿਮੰਡੀ ਦ੍ਰਿਸ਼ਟੀ ਵਾਲੇ ਅਤੇ ਵਿਤਕਰਾ ਨਾ ਕਰਨ ਵਾਲੇ ਮਹਾਨ ਪੰਜਾਬੀ ਸਿੱਖ ਗੁਰੂਆਂ ਦੀ ਦ੍ਰਿਸ਼ਟੀ ਅਨੁਸਾਰ ਅੱਗੇ ਲੈ ਜਾਣ ਦੀ ਜ਼ਿੰਮੇਵਾਰੀ ਸਿੱਖਾਂ ਕੋਲ ਹੀ ਰਹਿ ਗਈ ਹੈ। ਉਨ੍ਹਾਂ ਦਾ ਸੰਗਰਾਮ ਸ਼ਾਵਨਵਾਦੀ ਜਾਂ ਫਿਰਕਾਪ੍ਰਸਤ ਨਹੀਂ ਹੈ ਜਿਵੇਂ ਕੇਂਦਰਵਾਦੀ ਮੀਡੀਆ ਵੱਲੋਂ ਪੇਸ਼ ਕੀਤਾ ਜਾਂਦਾ ਹੈ,

ਇਹ "ਕੌਮਵਾਦੀ" ਹੈ ਜੇ ਇਸ ਸ਼ਬਦ ਨੂੰ "ਸੋਵੀਅਤ" ਅਰਥਾਂ ਵਿਚ ਸਮਝਿਆ ਜਾਵੇ ਜੋ ਅਰਥ ਉਨ੍ਹਾਂ ਦੇ ਨਵੇਂ ਪ੍ਰਬੰਧ-ਸੁਤੰਤਰ ਰਾਜਾਂ ਦੀ ਕਨਫੈਡਰੇਸ਼ਨ-ਵਿਚ ਵੀ ਸਵੀਕ੍ਰਿਤ ਹਨ। ਪੰਜਾਬ ਪ੍ਰਤੀ ਕਾਫੀ ਪੱਧਰਾਂ ਉਤੇ ਸੰਵੇਦਨਸ਼ੀਲ ਹੋ ਕੇ ਸਿੱਖਾਂ ਨਾਲ ਇਕ ਸਬੁੱਧ ਸਮਝ ਬਣਾਉਣ ਦੀ ਥਾਂ, ਆਜ਼ਾਦੀ ਮਿਲਣ ਸਮੇਂ ਇਸ ਤੀਜੀ ਧਿਰ ਦੇ ਖਿੱਤਈ-ਕੌਮਵਾਦ ਨੂੰ ਮੰਨਣ ਦੀ ਥਾਂ, ਭਾਰਤੀ ਰਾਜ ਨੇ ਇਨ੍ਹਾਂ ਨੂੰ ਪੁਲਿਸ ਅਤੇ ਫੌਜ ਦੀ ਤਾਕਤ ਨਾਲ ਨਜਿੱਠਣ ਦੀ ਠਾਣ ਕੇ ਲਗਭਗ ਅੱਡ ਹੋਣ ਬਾਰੇ ਸੋਚ ਵਿਚ ਪਾ ਦਿੱਤਾ ਹੈ। ਉਨ੍ਹਾਂ ਦਾ ਇਹ ਵਿਸ਼ਵਾਸ ਬਣ ਰਿਹਾ ਹੈ ਕਿ ਉਹ ਬੇਕਿਰਕ ਤਾਕਤ ਵਾਲੇ ਭਾਰਤੀ ਰਾਜ ਦੇ 'ਗ਼ੁਲਾਮ' ਹਨ ਅਤੇ ਹੁਣ ਉਨ੍ਹਾਂ ਲਈ ਮੁਕਤ ਹੋਣਾ ਬਣਦਾ ਹੈ। ਇਕ ਮਨੁੱਖੀ ਅਧਿਕਾਰ ਸੰਗਠਨ ਕੋਲ, ਜੋ ਇਨ੍ਹਾਂ ਪੇਚੀਦਾ ਕਾਰਣਾਂ ਨੂੰ ਸਮਝਦਾ ਹੈ, ਪੰਜਾਬ ਦੀ ਸਿੱਖ ਪ੍ਰਧਾਨ ਹਥਿਆਰਬੰਦ ਲਹਿਰ ਦੇ ਪ੍ਰਮਾਣਿਕ ਮੁਕਤੀ ਤੱਤ ਨਾਲ ਜੁੜਨ ਤੋਂ ਬਿਨਾਂ ਕੋਈ ਰਾਹ ਨਹੀਂ, ਪਰ ਨਾਲ ਹੀ ਅਧਿਕਾਰ ਸੰਗਠਨ ਨੂੰ ਕੌਮੀ ਮੁਕਤੀ ਦੇ ਆਸ਼ੇ ਦੇ ਵਿਰੁੱਧ ਜਾਣ ਵਾਲੀਆਂ ਘਟਨਾਵਾਂ ਅਤੇ ਕਿਰਿਆਵਾਂ ਦੀ ਅਲੋਚਨਾ ਵੀ ਕਰਨੀ ਹੋਵੇਗੀ।

# ਭਾਰਤੀ ਸੱਭਿਅਤਾ ਦੀ ਅਧੋਗਤੀ ਜਾਂ ਪੁਨਰ-ਜਨਮ?

ਸੰਤ ਹਰਚੰਦ ਸਿੰਘ ਲੌਂਗੋਵਾਲ ਦੇ ਧਰਮ-ਯੁੱਧ ਮੋਰਚੇ ਤੋਂ ਹੁਣ ਤਕ ਪੰਜਾਬ ਕੇਂਦਰ ਲਈ ਇਕ ਵੰਗਾਰ ਬਣ ਕੇ ਖੜ੍ਹਾ ਹੋਇਆ ਹੈ। ਪਾਣੀਆਂ ਦੀ ਠੀਕ ਵੰਡ, ਚੰਡੀਗੜ੍ਹ ਦੀ ਪ੍ਰਾਪਤੀ ਅਤੇ ਆਨੰਦਪੁਰ ਸਾਹਿਬ ਦੇ ਮਤੇ ਅਨੁਸਾਰ ਵੰਡ ਪਿਛੋਂ ਪੈਦਾ ਹੋਏ ਧਨ ਦੀ ਸਾਂਵੀ ਵੰਡ, ਕਿਸਾਨੀ ਲਈ ਨਿਆਂ ਅਤੇ ਸਮੁੱਚੀ ਸਿੱਖ ਪ੍ਰਧਾਨ ਪੰਜਾਬੀ ਕ਼ੌਮੀਅਤ ਲਈ ਭਾਰਤੀ ਪ੍ਰਬੰਧ ਵਿਚ ਮਾਣਯੋਗ ਥਾਂ ਹਾਸਲ ਕਰਨ ਲਈ ਛੇੜੇ ਸ਼ਾਂਤਮਈ ਸੰਘਰਸ਼ ਦਾ ਅਜੇ ਤਕ ਕੇਂਦਰ ਪਾਸ ਕੋਈ ਤਰਕਸ਼ੀਲ ਹੱਲ ਨਹੀਂ। ਜੋ ਹੱਲ ਸੰਤ ਲੌਂਗੋਵਾਲ ਨਾਲ ਕੀਤੇ ਸਮਝੌਤੇ ਵਜੋਂ ਲਿਖਤਬੱਧ ਕੀਤਾ ਗਿਆ ਉਸ ਨੂੰ ਹਰਿਆਣੇ ਵੱਲੋਂ ਵਿਰੋਧ ਕਰਵਾ ਕੇ ਉਂਜ ਖੱਟੇ ਵਿਚ ਪੁਆ ਦਿੱਤਾ ਗਿਆ।

ਪੰਜਾਬ ਦੀ ਕ਼ੌਮੀਅਤ, ਜਿਸ ਦੀ ਲੀਡਰਸ਼ਿਪ, ਬਹੁਤੇ ਹਿੰਦੂ ਵਰਗ ਦੇ ਆਪਣੇ ਸੱਭਿਆਚਾਰ ਤੋਂ ਮੁੱਕਰਨ ਅਤੇ ਆਪਣੇ ਆਰਥਿਕ ਹਿੱਤਾਂ ਕਾਰਨ ਕੇਂਦਰੀ ਸ਼ਾਸਕ ਵਰਗ ਨਾਲ ਜੁੜਨ ਕਰਕੇ ਸਿੱਖਾਂ ਕੋਲ ਰਹਿ ਗਈ ਹੈ, ਇਹ ਮਹਿਸੂਸ ਕਰਦੀ ਹੈ ਕਿ ਇਤਿਹਾਸਕ ਤੌਰ 'ਤੇ ਇਹ ਇਕ ਨਿਵੇਕਲਾ ਸੱਚ ਹੈ। ਇਸ ਦਾ ਵਿਚਾਰਧਾਰਕ, ਸੱਭਿਆਚਾਰਕ ਅਤੇ ਸਮਾਜਿਕ ਪ੍ਰਬੰਧ ਅਤੇ ਭਾਰਤ ਦੇ ਤੁਰੇ ਆ ਰਹੇ ਇਤਿਹਾਸ ਵਿਚ ਇਕ ਅੰਤਰ ਹੈ, ਇਕ ਅਜਿਹਾ ਫਰਕ ਜੋ ਸਿੱਖ-ਪ੍ਰਧਾਨ ਪੰਜਾਬੀ ਕ਼ੌਮੀਅਤ ਨੂੰ ਇਕ ਵੱਖਰਾ ਚਰਿੱਤਰ ਦਿੰਦਾ ਹੈ, ਜਿਸ ਦਾ ਆਧਾਰ ਜਾਗੀਰਦਾਰੀ ਪ੍ਰਬੰਧ ਵਿਚੋਂ ਉਪਜੇ ਹੋਣ ਦੇ ਬਾਵਜੂਦ ਜਾਗੀਰਦਾਰੀ ਨਹੀਂ। ਜੇ ਕੋਈ ਵਿਚਾਰਧਾਰਕ ਸੰਗਠਨ ਆਪਣੇ ਸਿਰਜਨਹਾਰਾਂ ਦੀ ਦੂਰ-ਦਰਸ਼ਤਾ ਕਾਰਨ ਜਨਮ ਦੇਣ ਵਾਲੇ ਪ੍ਰਬੰਧ ਨੂੰ ਟੱਪ ਸਕਦਾ ਹੈ ਤਾਂ ਸਿੱਖ ਵਿਚਾਰਧਾਰਾ ਇਕ ਅਜਿਹਾ ਸੰਗਠਨ ਹੈ।

ਜਾਗੀਰਦਾਰੀ ਆਰਥਿਕਤਾ ਅਤੇ ਇਸ ਦੇ ਉਪ-ਸੰਗਠਨਾਂ ਨੂੰ ਤੋੜਨ ਦੀ ਪ੍ਰਕਿਰਿਆ ਵਿਚੋਂ ਬਰਾਬਰੀ, ਮਨੁੱਖਵਾਦੀ ਅਤੇ ਸਭ ਇੰਦਰੀਆਂ ਨੂੰ ਪ੍ਰਫੁੱਲਤ ਕਰਨ ਵਾਲਾ ਇਕ ਸ਼ਾਇਰਾਨਾ ਸੁਪਨਾ ਸਾਕਾਰ ਕਰਨ ਦੀ ਸ਼ਕਤੀ ਜਗਾਉਣ ਵਾਲੇ ਗੁਰੂ ਸਾਹਿਬਾਨ ਦੇ ਦੂਰ-ਦਰਸ਼ੀ ਮਾਡਲ ਨੇ ਬਾਣੀ ਅਤੇ ਨਵੇਂ ਸਮਾਜਿਕ ਸੰਗਠਨ ਰਾਹੀਂ ਪੰਜਾਬ ਵਿਚ ਇਕ ਨਵੇਂ ਇਨਸਾਨ ਦੀ ਰਚਨਾ ਕੀਤੀ ਹੈ। ਇਸ ਨੂੰ 'ਸਿੱਖ' ਕਹੋ ਜਾਂ ਕੁਝ ਹੋਰ ਪਰ ਇਹ ਹਕੀਕਤ ਹੈ। ਇਹ ਇਨਸਾਨ ਬਰਤਾਨਵੀ ਸਾਮਰਾਜ ਦੀ ਤੋੜ-ਭੰਨ ਅਤੇ ਵੰਡ ਤੋਂ ਪਿਛੋਂ ਉੱਭਰੇ ਪੂੰਜੀਵਾਦ ਦੇ ਹਰ ਵਿਲੱਖਣ ਸੰਗਠਨ ਨੂੰ ਪੱਧਰ ਕਰਨ ਵਾਲੇ ਵਤੀਰੇ ਦੇ ਬਾਵਜੂਦ ਜਿਉਂਦਾ ਹੈ।

ਕਈ ਹੋਰ ਸੱਭਿਆਚਾਰ ਅਤੇ ਸਮਾਜਿਕ ਇਕਾਈਆਂ ਜ਼ਿੰਦਗੀ ਦੇ ਵਿਕਾਸ ਨਿਯਮਾਂ ਨਾਲ ਜੁੜੀਆਂ

ਹੋਣ ਕਾਰਨ ਇਤਿਹਾਸ ਵਿਚ ਅਮਿੱਟ ਹੁੰਦੀਆਂ ਹਨ। ਮਨੁੱਖ ਦੇ ਇਤਿਹਾਸ ਵਿਚ, ਸਿੱਖ ਅਤੇ ਮਾਰਕਸੀ ਸੋਸ਼ਲਿਸਟ, ਦੋ ਅਜਿਹੇ ਸੰਗਠਨ ਹਨ ਜੋ ਨਵੀਆਂ ਸਥਿਤੀਆਂ ਅਨੁਸਾਰ ਵਿਗਸ ਸਕਦੇ ਹਨ ਪਰ ਇਹ ਨਾਸ਼ ਨਹੀਂ ਕੀਤੇ ਜਾ ਸਕਦੇ। ਸੰਖੇਪ ਵਿਚ ਸਿੱਖ ਦਰਸ਼ਨ ਅਤੇ ਸੰਗਠਨ ਜ਼ਿੰਦਗੀ ਦੇ ਵਿਸਮਾਦ ਅਤੇ ਸੁੰਦਰਤਾ ਦੇ ਅਨੁਭਵ ਤੋਂ ਆਰੰਭ ਹੁੰਦੇ ਹਨ ਅਤੇ ਇਨ੍ਹਾਂ ਦੀ ਜ਼ਿੰਦਗੀ ਵਿਚ ਭਰਪੂਰ ਵਿਆਪਕਤਾ ਲਿਆਉਣ ਦੇ ਮਨੋਰਥ ਨਾਲ ਜੁੜੇ ਹੋਏ ਹਨ। ਇਹ ਮਨੋਰਥ ਕਿਸ ਕਿਸਮ ਦੀ ਆਰਥਿਕਤਾ ਨਾਲ ਸਿੱਧ ਹੋ ਸਕਦਾ ਹੈ, ਇਸ ਦਾ ਪੂਰਨ ਖਾਕਾ ਨਾ ਉਦੋਂ ਬਣਾਇਆ ਜਾ ਸਕਦਾ ਸੀ ਅਤੇ ਨਾ ਹੀ ਸੰਭਵ ਸੀ ਪਰ ਇਸ ਦਾ ਮੁੱਢ ਜ਼ਰੂਰ ਬੰਨ੍ਹਿਆ ਗਿਆ। ਸੰਗਤ, ਸਰਬੱਤ ਖਾਲਸਾ, ਵੰਡ ਕੇ ਛਕਣ ਆਦਿ ਦੇ ਸੰਕਲਪਾਂ ਨਾਲ।

ਪਰ ਵਿਸ਼ੇਸ਼ ਤੌਰ 'ਤੇ ਸਮਝਣ ਵਾਲੀ ਗੱਲ ਇਹ ਹੈ ਕਿ ਸਿੱਖ ਦਰਸ਼ਨ ਅਤੇ ਸੰਗਠਨ ਦਾ ਲਖਸ਼ ਮਨੁੱਖ ਦੀ ਭਰਪੂਰਤਾ ਹੈ ਅਤੇ ਕਿਸੇ ਦੇ ਰਾਹ ਵਿਚ ਰੁਕਾਵਟ ਬਣਨ ਵਾਲੇ ਜ਼ਾਲਮ ਸ਼ਾਸਕ ਗ੍ਰੋਹਾਂ ਦਾ ਨਾਸ ਕਰਨਾ ਇਸ ਲਖਸ਼ ਵਿਚ ਸ਼ਾਮਲ ਹੈ। ਭਰਪੂਰਤਾ ਤਕ ਪਹੁੰਚਣ ਲਈ ਜੋ ਵਿਰੋਧ ਆਉਂਦੇ ਹਨ ਉਨ੍ਹਾਂ ਨੂੰ ਹਟਾਉਣਾ ਸਿੱਖ ਮਾਰਗ ਦੀ ਵਚਨਬੱਧਤਾ ਹੈ।

ਸਿੱਖ ਅਭਿਆਸ ਵਿਚ ਹਰ ਉਸ ਜਮਾਤ ਨੂੰ ਸੋਧਣ ਲਈ ਸੰਮਤੀ ਮੌਜੂਦ ਹੈ ਜੋ ਮਨੁੱਖ ਦੀ ਸਰਬ-ਪੱਖੀ ਭਰਪੂਰਤਾ ਲਈ ਰੁਕਾਵਟ ਬਣੇ, ਭਾਵੇਂ ਉਹ ਜਮਾਤ ਸਿੱਖਾਂ ਵਿਚੋਂ ਹੀ ਕਿਉਂ ਨਾ ਹੋਵੇ। ਸਿੱਖ ਲਈ ਜੀਵਨ ਦੇ ਪੂਰੇ ਵਿਕਾਸ ਅਤੇ ਇਸ ਦੇ "ਹੁਕਮ" ਜਾਂ ਕਾਨੂੰਨ ਅਨੁਸਾਰ ਚੱਲਣਾ ਅਤੇ ਬਦਲਣਾ ਲਾਜ਼ਮੀ ਹੈ।

ਜੀਵਨ ਦੇ ਮੁੱਢਲੇ ਵਿਸਮਾਦ, ਸੁੰਦਰਤਾ ਅਤੇ ਭਰਪੂਰਤਾ ਨਾਲ ਓਤ-ਪੋਤ ਅਤੇ ਜੀਵਨ ਦੇ ਵਿਕਾਸ ਨਿਯਮਾਂ ਨਾਲ ਚੱਲਣ ਵਾਲਾ ਸਿੱਖ-ਅਭਿਆਸ, ਮਾਕਰਸੀ ਦਰਸ਼ਨ ਅਤੇ ਇਸ ਦੇ ਅਭਿਆਸ ਨਾਲ ਸਾਂਝ ਰੱਖਦਾ ਹੈ ਸਗੋਂ ਜ਼ਿੰਦਗੀ ਦੀ ਬੁਨਿਆਦੀ ਖੂਬਸੂਰਤੀ ਅਤੇ ਇਸ ਦਾ ਰਸਵੰਤ ਅਨੁਭਵ ਸਿੱਖ ਅਭਿਆਸ ਵਿਚ ਵਡੇਰਾ ਹੈ।

ਸਿੱਖ ਅਭਿਆਸ ਵਿਚ ਵੱਡਾ ਗੌਰਵ ਆਨੰਦ ਜਾਂ ਰਸ ਦਾ ਹੈ। ਪੱਛਮੀ ਅਰਥਾਂ ਵਾਲੇ 'ਧਰਮ' ਜਾਂ 'ਥਿਉਸੌਫੀ' ਦਾ ਨਹੀਂ। ਇਸ ਵਿਚੋਂ ਕੋਈ ਤਰਕ ਵਾਲੀ 'ਥਿਆਲੋਜੀ' ਜਾਂ ਆਨੰਦ ਅਤੇ ਸੁੰਦਰਤਾ ਨਾਲੋਂ ਟੁੱਟੇ ਹੋਏ ਕਿਸੇ ਰੱਬ ਅਤੇ ਵਿਸ਼ਵ ਜਾਂ ਮਨੁੱਖ ਦੇ ਸਬੰਧ ਬਾਰੇ ਕੋਈ 'ਤਰਕਸ਼ੀਲ' ਪ੍ਰਬੰਧ ਲੱਭਣਾ, ਸਿੱਖ ਅਭਿਆਸ ਨਾਲ ਅਨਰਥ ਕਰਨਾ ਹੈ। ਸਿੱਖ "ਬਿਬੇਕ" ਪੱਛਮੀ "ਤਰਕ" ਨਹੀਂ।

ਵਿਸਮਾਦ, ਆਨੰਦ, ਸੁੰਦਰਤਾ ਅਤੇ ਇਸ ਨੂੰ ਜੀਵਨ ਵਿਚੋਂ ਵਿਆਪਕ ਬਣਾਉਣ ਵਾਲੇ ਮੁੱਲਾਂ ਅਤੇ

ਉਨ੍ਹਾਂ ਹਿੱਤ ਸੰਘਰਸ਼ ਲਈ ਵਚਨਬੱਧ ਹੋਣਾ ਹਰ ਸਿੱਖ ਦਾ ਚੇਤਨ ਬੇਸ਼ੱਕ ਨਾ ਹੋਵੇ ਪਰ ਅਵਚੇਤਨ ਜ਼ਰੂਰ ਹੈ। ਇਹ ਖਮੀਰ ਨਾਲ ਜੁੜਿਆ ਹੋਇਆ ਹੈ ਜੋ ਮਨੁੱਖ ਦੇ ਤੌਰ 'ਤੇ ਨਾ ਬਰਦਾਸ਼ਤ ਹੋਣ ਵਾਲੀਆਂ ਸਥਿਤੀਆਂ ਵਿਚੋਂ ਲਾਵੇ ਵਾਂਗ ਫੁੱਟਦਾ ਹੈ। ਜੇ ਇਕ ਵਿਗੜ ਚੁੱਕੇ ਜਾਂ ਆਪਣੇ ਹਿੱਤਾਂ ਕਾਰਨ ਸੁੱਕ ਰਹੇ ਇਕ ਛੋਟੇ ਜਿਹੇ ਸਿੱਖ ਵਰਗ ਦਾ ਇਹ ਅਚੇਤ ਹਿੱਸਾ ਮਾਰਿਆ ਵੀ ਜਾਵੇ ਤਾਂ ਉਸੇ ਅਧੋਗਤ–ਵਰਗ ਦੇ ਅਗਲੇ ਪੋਚ ਵਿਚ ਇਹ ਫਿਰ ਜਾਗ ਪੈਂਦਾ ਹੈ। ਕਾਰਣ ਇਤਿਹਾਸ, ਗੁਰਬਾਣੀ ਅਤੇ ਉਹ ਮਰਿਯਾਦਾਵਾਂ ਹਨ ਜੋ ਵਕਤੀ ਪ੍ਰਭਾਵ ਦੇ ਬਾਵਜੂਦ ਨਿਰੰਤਰ ਹਨ।

ਹੁਣ ਪ੍ਰਸ਼ਨ ਇਹ ਹੈ ਇਸ ਸਿੱਖ ਅਭਿਆਸੀ ਨਾਲ ਜੋ ਪੰਜਾਬ ਦੇ ਅਤੇ ਇਸ ਤੋਂ ਵੀ ਵੱਧ ਭਾਰਤ ਦੇ ਇਤਿਹਾਸ ਦਾ ਇਕ ਨਿਵੇਕਲਾ ਸੰਯੋਗ ਹੈ, ਕਿਵੇਂ ਵਰਤਿਆ ਜਾਵੇ? ਇਕ ਰਾਹ ਤਾਂ ਇਹ ਹੈ ਕਿ ਇਸ ਨੂੰ ਭਾਰਤੀ ਇਤਿਹਾਸ ਦੀ ਇੱਕ ਵਿਲੱਖਣ ਪ੍ਰਾਪਤੀ ਮੰਨਿਆ ਜਾਵੇ। ਇਸ ਦੇ ਸੱਭਿਆਚਾਰ, ਭਾਸ਼ਾ ਅਤੇ ਹੋਰ ਸਬੰਧਿਤ ਸੰਗਠਨਾਂ ਨੂੰ ਇਕ ਰਾਸ਼ਟਰੀ ਹਕੀਕਤ ਮੰਨ ਕੇ ਅੱਗੇ ਤੋਰਿਆ ਜਾਵੇ। ਆਰਥਿਕ ਵਿਕਾਸ ਦੇ ਸਾਵਾਂ ਨਾ ਹੋਣ ਕਾਰਨ ਜੋ ਵਿਗਾੜ ਆਏ ਹਨ, ਉਨ੍ਹਾਂ ਨੂੰ ਠੀਕ ਕੀਤਾ ਜਾਵੇ। ਪੰਜਾਬ ਦੀ ਵਧੇਰੇ ਕਰਕੇ ਮੱਧ–ਵਰਗੀ ਅਤੇ ਮਹਾਜ਼ਨੀ ਹਿੰਦੂ ਵਸੋਂ ਨੂੰ ਕੇਂਦਰੀ ਪੂੰਜੀਵਾਦ ਨਾਲ ਪੂਰੀ ਤਰ੍ਹਾਂ ਜੁੜਨ ਅਤੇ ਸਿੱਖ–ਪ੍ਰਧਾਨ ਪੰਜਾਬੀ ਸੱਭਿਆਚਾਰ ਨਾਲ ਬੇਗਾਨਗੀ ਵਾਲੇ ਪਾਸਿਓਂ ਮੋੜਿਆ ਜਾਵੇ। ਦੂਜਾ ਰਾਹ ਹੈ ਸਿੱਖ ਅਭਿਆਸ ਅਤੇ ਇਸ ਦੇ ਆਗ੍ਰਹਣ ਨੂੰ ਇਕ ਵਿਗਾੜ ਮੰਨਣਾ ਅਤੇ ਇਹ ਧਾਰਨਾ ਬਨਾਉਣੀ ਕਿ ਜਾਗੀਰਦਾਰੀ ਵਿਚਾਰਧਾਰਾ ਨਾਲ ਜੁੜੀ ਫਿਰਕਾਪ੍ਰਸਤੀ ਹੈ। ਇਹ ਇਕ ਅਸਵਸਥ ਜਨੂੰਨ ਹੈ ਜਿਸ ਨੂੰ ਦਬਾਉਣਾ ਚਾਹੀਦਾ ਹੈ। ਫੌਜ, ਪੁਲਿਸ ਜਾਂ ਹੋਰ ਸਖ਼ਤ ਸਾਧਨ ਵਰਤ ਕੇ ਇਸ "ਸਮਾਜ ਵਿਰੋਧੀ" ਅਤੇ "ਦੇਸ਼ ਧਰੋਹੀ" ਸ਼ਕਤੀ ਤੋਂ ਮੁਕਤ ਹੋਣਾ ਚਾਹੀਦਾ ਹੈ। ਇਸ ਲਈ ਜੇ ਐਮਰਜੈਂਸੀ ਲਾ ਕੇ ਸਭ ਮੁੱਢਲੇ ਮਨੁੱਖੀ ਅਧਿਕਾਰ ਖਤਮ ਵੀ ਕਰਨੇ ਪੈਂਦੇ ਹਨ ਤਾਂ ਇਹ ਸਭ ਕੁਝ ਜਾਇਜ਼ ਹੈ।

ਭਾਰਤ ਦੇ ਕੇਂਦਰੀ ਸ਼ਾਸਕ ਵਰਗ ਨੇ ਸਿੱਖ ਅਭਿਆਸ ਨਾਲ ਵਰਤਣ ਲਈ ਦੂਜਾ ਰਾਹ ਅਪਣਾਇਆ ਹੈ। ਇਹ ਸਮਝਣੋਂ ਅਸਮਰੱਥਾ ਦਿਖਾਈ ਹੈ ਕਿ ਜੂਝ ਰਹੇ ਸਿੱਖ ਨੌਜੁਆਨ ਧਾਰਮਿਕ ਕੱਟੜਤਾ ਜਾਂ ਮੂਲਵਾਦ ਦੇ ਜਨੂੰਨ ਵਿਚੋਂ ਨਹੀਂ ਪੈਦਾ ਹੋਏ। ਉਹ ਇਕ ਰਸਵਾਦੀ ਪ੍ਰੰਪਰਾ ਵਿਚੋਂ ਉਭਰਿਆ ਉਸ ਵਾਤਾਵਰਣ ਦੇ ਵਿਰੁੱਧ ਇਕ ਪ੍ਰਤੀਕਰਮ ਹੈ ਜਿਸ ਵਿਚ ਵਿਲੱਖਣ ਸੱਭਿਆਚਾਰਕ ਇਕਾਈਆਂ ਦੇ ਵਿਰਸੇ ਦੀ ਸੰਭਾਲ ਅਤੇ ਅਗੇਰੇ ਵਿਕਾਸ ਲਈ ਕੋਈ ਵਿਧਾਨ ਨਹੀਂ ਬਣ ਸਕਿਆ। ਕੇਂਦਰੀ ਸ਼ਾਸਕ ਗ੍ਰੋਹ ਦੇ ਲੋਟੂ ਵਤੀਰੇ ਕਾਰਨ ਦੇਸ਼ ਵਿਚ ਉਪਜ ਰਿਹਾ ਧਨ ਕੇਵਲ ਇਕੋ ਜਮਾਤ ਅਤੇ ਉਸ ਦੇ ਸਹਾਇਕਾਂ ਦੀਆਂ ਜੇਬਾਂ ਵਿਚ ਪੈ ਰਿਹਾ ਹੈ। ਇਹ ਸ਼ਹਿਰਾਂ ਤਕ ਸੀਮਤ

ਜਾਂ ਸ਼ਹਿਰੀ ਜੀਵਨ ਦੀ ਪ੍ਰਧਾਨ ਜਮਾਤ ਦੇ ਮੁੱਲਾਂ ਨਾਲ ਜਿਊਣ ਵਾਲਾ ਲੋਟੂ ਵਰਗ ਪਿੰਡਾਂ ਦੀ ਛੋਟੀ ਕਿਸਾਨੀ ਅਤੇ ਕਾਮਿਆਂ ਨੂੰ ਗਰੀਬ ਅਤੇ ਅਨਪੜ੍ਹ ਰੱਖਣ ਦੀਆਂ ਯੋਜਵਾਨਾਂ ਵਿਚ ਰੁਝਿਆ ਹੋਇਆ ਹੈ। ਘੱਟੋ-ਘੱਟ ਇਸ ਵਰਗ ਦੀਆਂ ਯੋਜਵਾਨਾਂ ਦਾ ਨਤੀਜਾ ਇਹ ਜ਼ਰੂਰੀ ਨਿਕਲ ਰਿਹਾ ਹੈ।

ਸਿੱਖ ਨੌਜਵਾਨਾਂ ਦਾ ਮੁਹਾਵਰਾ ਧਾਰਮਿਕ ਹੈ, ਇਸ ਵਿਚ ਸ਼ੱਕ ਨਹੀਂ। ਉਹ ਇਕ ਟੇਕ ਵੱਲ ਚਲੇ ਗਏ ਹਨ ਕਿਉਂਕਿ ਪੰਜਾਬ ਵਿਚ ਖੱਬੇ ਪੱਖ ਦੀ ਸਨਾਤਨੀ ਸਿਆਸਤ ਨੇ ਵੀ ਸਿੱਖ ਅਭਿਆਸ ਪ੍ਰਤੀ ਕੇਂਦਰ ਸ਼ਾਸਕ ਵਰਗ ਨਾਲੋਂ ਬਿਹਤਰ ਸਮਝ ਨਹੀਂ ਦਿਖਾਈ। ਪਰ ਇਸ ਮੁਹਾਵਰੇ ਤੋਂ ਇਨ੍ਹਾਂ ਨੌਜਵਾਨਾਂ ਦੇ ਮੰਤਵਾਂ ਅਤੇ ਮਨ ਬਾਰੇ ਧਾਰਨਾ ਬਣਾਉਣੀ ਜਾਇਜ਼ ਨਹੀਂ।

ਪਰ ਉਨ੍ਹਾਂ ਲਈ ਗੰਭੀਰ ਹੋ ਕੇ ਸਮਝਣ ਵਾਲੀ ਗੱਲ ਇਹ ਹੈ ਕਿ ਕੇਂਦਰੀ ਪੂੰਜੀਵਾਦ ਵਲੋਂ ਸਥਾਪਿਤ ਕੀਤੇ ਜਾ ਰਹੇ ਅਣਸਾਵੇ ਅਤੇ ਵੱਖ-ਵੱਖ ਸੱਭਿਆਚਾਰਾਂ ਨੂੰ ਦਬਾਉਣ ਲਈ ਸਥਾਪਿਤ ਕੀਤੇ ਜਾ ਰਹੇ ਲੋਟੂ ਪ੍ਰਬੰਧ ਵਿਰੁੱਧ ਲੜਾਈ ਕੇਵਲ ਉਨ੍ਹਾਂ ਸਭ ਦਬਾਏ ਜਾ ਰਹੇ ਲੋਕਾਂ ਦੀ ਸਹਾਇਤਾ ਨਾਲ ਹੀ ਜਿੱਤੀ ਜਾ ਸਕਦੀ ਹੈ ਜੋ ਚੇਤੰਨ ਅਤੇ ਨਵੇਂ ਸਾਵੇਂ ਅਤੇ ਲੋਕਤੰਤਰੀ ਸਮਾਜ ਲਈ ਵਚਨਬੱਧ ਹਨ। ਸਪੱਸ਼ਟ ਹੀ ਇਹ ਉਹ ਲੋਕਤੰਤਰੀ ਕ੍ਰਾਂਤੀਕਾਰੀ ਗਰੁੱਪ ਹਨ ਜਿਨ੍ਹਾਂ ਦੀ ਹਸਤੀ ਇਸ ਵੇਲੇ ਹਰ ਰਾਜ ਵਿਚ ਕਾਇਮ ਹੈ।

ਪਰ ਇਹ ਨਿਤਾਰਾ ਕਰਨ ਦੀ ਲੋੜ ਹੈ ਕਿ ਜੁਝਾਰੂ ਨੌਜਵਾਨਾਂ ਅਤੇ ਉਨ੍ਹਾਂ ਸਭ ਜੁਝਾਰੂ ਜਥੇਬੰਦੀਆਂ ਪ੍ਰਤੀ, ਜੋ ਬਾਕੀ ਪ੍ਰਾਂਤਾਂ ਵਿਚ ਕ੍ਰਿਆਵੰਤ ਹਨ, ਭਾਰਤੀ ਸ਼ਾਸਕਾਂ ਦਾ ਵਤੀਰਾ ਦਬਾਉਣ ਵਾਲਾ ਜਾਂ ਦਮਨਕਾਰੀ ਹੀ ਕਿਉਂ ਰਿਹਾ ਹੈ? ਕਿਉਂ ਹੁਣ ਤੱਕ ਆਰਥਿਕਤਾ ਵਿਚ ਲੋੜੀਂਦੀਆਂ ਤਬਦੀਲੀਆਂ ਅਤੇ ਵੱਖ-ਵੱਖ ਸੱਭਿਆਚਾਰਾਂ ਦੇ ਵਿਕਾਸ ਅਤੇ ਅਰਥਚਾਰੇ ਨਾਲ ਸਬੰਧਤ ਕੋਈ ਦਰਸ਼ਨ ਨਹੀਂ ਸਾਹਮਣੇ ਲਿਆਂਦਾ ਜਾ ਸਕਿਆ? ਇਹ ਉਦਮ ਕਰਨ ਦੀ ਥਾਂ ਸਗੋਂ ਕਾਲੇ ਕਾਨੂੰਨ ਅਤੇ ਫਾਸੀਵਾਦ ਵਤੀਰਾ ਹੀ ਅਪਣਾਏ ਗਏ ਹਨ।

ਪੰਜਾਬ ਦੀ ਸਿੱਖ ਪ੍ਰਧਾਨ ਕੌਮੀਅਤ ਅਤੇ ਇਸ ਨੂੰ ਆਰਥਿਕ ਅਤੇ ਸੱਭਿਆਚਾਰਕ ਤੌਰ 'ਤੇ ਵਿਗਾੜਨ ਵਿਰੁੱਧ ਉੱਠੇ ਸਿੱਖ ਨੌਜਵਾਨਾਂ ਦੇ ਪ੍ਰਤੀਕਰਮ ਪ੍ਰਤੀ ਕੇਂਦਰੀ ਸ਼ਾਸਕਾਂ ਦੇ ਕੇਵਲ ਦਮਨਕਾਰੀ ਵਤੀਰਾ ਅਪਨਾਉਣ ਤੋਂ ਇਹ ਚਿੰਤਾ ਹੁੰਦੀ ਹੈ ਕਿ ਜਿਸ ਭਾਰਤੀ ਸੱਭਿਆਚਾਰ ਬਾਰੇ ਜਵਾਹਰ ਲਾਲ ਨਹਿਰੂ ਅਤੇ ਹਮਾਯੂੰ ਕਬੀਰ ਜਿਹੇ ਰਾਜਨੀਤਕ ਅਤੇ ਸੋਚਵਾਨ ਇਹ ਕਹਿੰਦੇ ਥੱਕਦੇ ਨਹੀਂ ਸਨ ਕਿ ਇਹ "ਅਨੇਕਤਾ ਵਿਚ ਏਕਤਾ" ਹੈ ਉਹ ਸੋਚ ਕਿਥੇ ਅਲੋਪ ਹੋ ਗਈ?

ਸੱਚ ਇਹ ਹੈ ਕਿ ਜੋ ਮਹਾਜਨ ਵਰਗ ਅਤੇ ਉਸ ਦੇ ਸਹਾਇਕ ਜਗੀਰੂ ਅੰਸ਼ ਭਾਰਤ ਉਤੇ ਰਾਜ ਕਰ

ਰਹੇ ਹਨ ਉਹ ਉਸ ਭਾਰਤੀ ਸੱਭਿਅਤਾ ਨੂੰ, ਜਿਸ ਦੇ ਨਹਿਰੂ, ਹਮਾਯੂੰ ਕਬੀਰ ਅਤੇ ਮੌਲਾਨਾ ਆਜ਼ਾਦ ਦੀਵਾਨੇ ਸਨ, ਸਮਝਦੇ ਨਹੀਂ, ਸਗੋਂ ਉਸ ਨਾਲੋਂ ਟੁੱਟੇ ਹੋਏ ਹਨ। ਉਨ੍ਹਾਂ ਦੇ ਸਾਹਮਣੇ ਵਿਕਸਿਤ ਪੱਛਮੀ ਪੂੰਜੀਵਾਦ ਦਾ ਉਹ ਪੂੰਜੀ ਵਧਾਉਣ ਅਤੇ ਨਿੱਤਾ-ਪ੍ਰਤੀ ਵਰਤਣ ਵਾਲੀਆਂ ਚੀਜ਼ਾਂ ਦੇ ਉਤਪਾਦਨ ਉਤੇ ਅਧਾਰਿਤ ਵਿਕਾਸ ਮਾਡਲ ਹੈ। ਉਸ ਵਿਚ ਮਾਣ ਵਾਲੀ ਸਹਿ-ਹੋਂਦ, ਸੱਭਿਆਚਾਰਕ ਵਿਕਾਸ, ਸੂਖਮ ਬਿਰਤੀਆਂ ਦਾ ਫੈਲਾਓ ਆਦਿ ਸ਼ਾਮਲ ਨਹੀਂ ਹਨ। ਅਜਿਹਾ ਵਿਰੱਕਤ ਪੂੰਜੀਵਾਦ ਵੰਡ ਤੋਂ ਪਿਛੋਂ ਉੱਭਰ ਰਹੇ ਭਾਰਤੀ ਸਮਾਜ ਨੂੰ ਅਧੋਗਤੀ ਵੱਲ ਲਿਜਾਣ ਦੀ ਸੰਭਾਵਨਾ ਰੱਖਦਾ ਹੈ। ਉਸ ਪੁਨਰ-ਜਨਮ ਵੱਲ ਨਹੀਂ ਜਿਸ ਦਾ ਵਾਅਦਾ ਆਜ਼ਾਦੀ ਨੇ ਦਿੱਤਾ ਸੀ।

ਸੱਭਿਆਚਾਰਕ ਇਕਾਈਆਂ ਦਾ ਮਾਣ, ਆਰਥਿਕ ਵਿਕਾਸ, ਪੂੰਜੀ ਦੀ ਠੀਕ ਵੰਡ, ਸੂਖਮ ਬਿਰਤੀਆਂ ਦਾ ਫੈਲਾਓ, ਇਹ ਨਵੀਆਂ ਸਥਿਤੀਆਂ ਵਿਚ ਕਿਵੇਂ ਇਕੱਠੇ ਚੱਲ ਸਕਦੇ ਹਨ? ਇਸ ਲਈ ਪੂੰਜੀਵਾਦ ਤੋਂ ਕੀ ਸਿੱਖਣਾ ਹੈ ਅਤੇ ਸਮਾਜਵਾਦ ਤੋਂ ਕੀ? ਭਾਰਤੀ ਵਿਰਸੇ ਤੋਂ ਕੀ ਲੈਣਾ ਹੈ? ਇਸ ਦੇ ਉਤਰ ਭਾਰਤੀ ਸਮਾਜ ਨੇ ਲੱਭਣੇ ਹਨ। ਟੋਇਨਬੀ ਦੇ ਸ਼ਬਦਾਂ ਵਿਚ ਇਹ ਇਕ "ਵੰਗਾਰ ਅਤੇ ਉੱਤਰ" ਦੀ ਪੈਰਾਡਾਈਮ ਹੈ। ਹਰ ਜੀਵੰਤ ਸਭਿਅਤਾ ਨਵੀਆਂ ਵੰਗਾਰਾਂ ਨੂੰ ਕਬੂਲਦੀ ਹੈ ਅਤੇ ਉਸ ਦੇ ਯੋਗ ਉੱਤਰ ਲੱਭਦੀ ਹੈ। ਜਦੋਂ ਇਹ ਪ੍ਰਕਿਰਿਆ ਸਮਾਪਤ ਹੋ ਜਾਵੇ ਤਾਂ ਸਭਿਅਤਾ ਖੇਰੂੰ-ਖੇਰੂੰ ਹੋਣ ਲੱਗਦੀ ਹੈ।

ਕਿਉਂਕਿ ਬੜੀ ਦੇਰ ਤਕ ਭਾਰਤ ਦੀ ਜਗੀਰੂ ਉਤਪਾਦਨ ਪ੍ਰਬੰਧ ਵਾਲੀ ਸੱਭਿਅਤਾ ਨੇ ਆਪਣੇ ਅੰਤਰੀਵ ਵਿਗਾੜਾਂ ਕਾਰਨ ਇਹ ਉੱਤਰ ਲੱਭਣੇ ਇਕ ਨੁਕਤੇ ਉਤੇ ਆ ਕੇ ਬੰਦ ਕਰ ਦਿੱਤੇ, ਇਸ ਲਈ ਇਸਲਾਮ ਅਤੇ ਪੱਛਮੀ ਸਾਮਰਾਜ ਨੇ ਇਸ ਨੂੰ ਹਰਾ ਦਿੱਤਾ। ਪੰਜ ਸੌ ਸਾਲ ਦੇ ਧੁੰਦਲੇਪਣ ਅਤੇ ਪੱਛਮੀ ਸਾਮਰਾਜ ਨਾਲ ਘੋਲ ਤੋਂ ਪਿਛੋਂ ਆਜ਼ਾਦੀ ਆਈ ਤਾਂ ਇਹ ਸੰਭਾਵਨਾ ਬਣੀ ਕਿ ਮੁੜ ਨਵੀਆਂ ਵੰਗਾਰਾਂ ਮੁਤਾਬਕ ਉੱਤਰ ਲੱਭੇ ਜਾਣਗੇ। ਰੂਸ ਅਤੇ ਚੀਨ ਵਾਂਗ ਭਾਰਤੀ ਸੱਭਿਅਤਾ ਦਾ ਨਵਾਂ ਜਨਮ ਹੋਵੇਗਾ ਜਿਸ ਨਾਲ ਭਾਰਤ ਦੇ ਅਨੇਕਾਂ ਸੱਭਿਆਚਾਰ ਆਪਣਾ ਮੂੰਹ ਮੁਹਾਂਦਰਾ ਘੜਨਗੇ ਅਤੇ ਨਵੀ ਸਥਿਤੀ ਅਨੁਸਾਰ ਸੱਜਰੇ ਸੰਗਠਨ ਬਣਨਗੇ। ਪਰ ਜਿਸ ਗੰਭੀਰ ਦਰਸ਼ਨ ਨਵੇਂ ਅਰਥਚਾਰੇ ਅਤੇ ਨਵੀਂ ਸੱਭਿਆਚਾਰਕ ਵਿਉਂਤਬੰਦੀ ਨੇ ਜਨਮ ਲੈਣਾ ਸੀ, ਉਹ ਸਾਡੇ ਸ਼ਾਸਕ ਵਰਗ ਦੇ ਵਿਰੱਕਤ ਵਿਕਾਸ ਮਾਡਲ ਕਾਰਨ ਨਾ ਵਾਪਰ ਸਕੀ।

ਇਸ ਸਦੀ ਦੇ ਸ਼ੁਰੂ ਵਿਚ "ਪੱਛਮ ਦਾ ਪਤਨ" ਪੁਸਤਕ ਦੇ ਕਰਤਾ ਸਪੈਂਗਲਰ ਨੇ ਇਹ ਆਖਿਆ ਸੀ ਕਿ ਸੱਭਿਅਤਾ ਜਾਂ ਸੱਭਿਆਚਾਰ ਇਕ ਫੁੱਲ ਵਾਂਗ ਹੈ, ਇਸ ਦੀ ਆਪਣੀ ਮਹਿਕ ਅਤੇ ਹੁਸਨ ਹੈ ਪਰ ਇਹ

ਆਪਣੀ ਉਮਰ ਭੋਗ ਕੇ ਬਿਨਸ ਜਾਂਦੀ ਹੈ। ਇਸ ਦੇ ਅੰਤਿਮ ਪਹਿਰ ਵਿਚ ਸਿਰਜਨਾਤਮਕ ਸੋਚ ਜਾਂ ਟੌਇਨਬੀ ਦੇ ਉਪਰੋਕਤ ਮੁਹਾਵਰੇ ਵਿਚ "ਵੰਗਾਰ" ਕਬੂਲਣ ਅਤੇ "ਉਤਰ" ਲੱਭਣ ਵਾਲੀ ਸਿਰਜਨਾਤਮਕ ਘੱਟ-ਗਿਣਤੀ ਖਤਮ ਹੋ ਜਾਂਦੀ ਹੈ। ਜਗੀਰੂ ਜੁਗ ਤੋਂ ਪਿਛੋਂ ਜਿਸ ਨਵੀਂ ਸੱਭਿਅਤਾ ਦਾ ਮੁੱਢ ਭਾਰਤ ਦੀ ਆਜ਼ਾਦੀ ਨੇ ਬੰਨ੍ਹਿਆ ਸੀ ਉਹ ਵਿਕਾਸ ਦੀ ਥਾਂ ਖੜੋਤ ਜਾਂ ਸਮੱਸਿਆ-ਗ੍ਰਹਿਣ ਵੱਲ ਮੁੜ ਰਹੀ ਹੈ- ਸਾਡੇ ਸ਼ਾਸਕ ਵਰਗ ਦੇ ਵਿਰੱਕਤ ਸਾਡੇ ਲੋਟੂ ਪੂੰਜੀਵਾਦੀ ਵਿਕਾਸ ਮਾਡਲ ਕਾਰਣ। ਜੋ ਸਿਰਜਨਾਤਮਕ ਸੋਚ ਅਤੇ ਲੀਡਰਸ਼ਿਪ ਦੇਣ ਵਾਲੀ ਅਤੇ ਲੋਕ ਭਾਵਨਾਵਾਂ ਦੀ ਪ੍ਰਤੀਨਿੱਧ ਘੱਟ-ਗਿਣਤੀ ਪੈਦਾ ਹੋਣੀ ਚਾਹੀਦੀ ਸੀ-ਉਹ ਨਹੀਂ ਹੋਈ।

ਪੰਜਾਬ ਦੀ ਸਿੱਖ-ਪ੍ਰਧਾਨ ਪੰਜਾਬੀ ਕੌਮੀਅਤ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦੀ ਥਾਂ ਅਪ੍ਰੇਸ਼ਨ ਬਲਿਊ ਸਟਾਰ ਕਰਨਾ ਜਾਂ ਦਰਬਾਰ ਸਾਹਿਬ ਨੂੰ ਘੇਰ ਕੇ ਜੁਝਾਰੂ ਸਿੱਖ ਨੌਜਵਾਨਾਂ ਨੂੰ ਖਤਮ ਕਰਨਾ ਲੋਕਤੰਤਰੀ ਢੰਗ ਨਹੀਂ। ਇਹ ਫਾਸ਼ੀਵਾਦੀ ਹੈ। ਹੱਲ ਲੱਭਣ ਦਾ ਅਰਥ ਹੈ, ਅਰਥਚਾਰੇ ਵਿਚ ਤਬਦੀਲੀਆਂ ਲਿਆਉਣਾ, ਯੋਗ ਪੂੰਜੀ ਲਾਉਣ ਨਾਲ ਨਵੀਆਂ ਕਿੱਤਾ ਸੰਭਾਵਨਾਵਾਂ ਵਧਾਉਣਾ, ਮਾਣ ਅਤੇ ਸਹਿ-ਹੋਂਦ ਵਾਲਾ ਬਹੁ-ਰਾਸ਼ਟਰੀ ਅਤੇ ਬਹੁ-ਸੱਭਿਆਚਾਰਕ ਸੰਗਠਨ ਉਸਾਰ ਕੇ ਨਵੀਂ ਪੀੜ੍ਹੀ ਨੂੰ ਨਾਲ ਲਾਉਣਾ। ਜੇ ਹੁਣ ਦਾ ਸ਼ਾਸਕ ਵਰਗ ਇਹ ਕਰਨੋਂ ਅਸਮਰਥ ਰਹਿੰਦਾ ਹੈ, ਤਾਂ ਜਿਵੇਂ ਵਾਪਰ ਰਿਹਾ ਹੈ, ਭਾਰਤੀ ਸਮਾਜ ਭੀਸ਼ਣ ਵਿਰੋਧਾਂ ਅਤੇ ਅਧੋਗਤੀ ਵੱਲ ਜਾਵੇਗਾ, ਏਨੀ ਦੇਰ ਤੋਂ ਉਡੀਕੇ ਜਾ ਰਹੇ ਪੁਨਰ-ਜਨਮ ਵੱਲ ਨਹੀਂ। ਇਸ ਅਧੋਗਤੀ ਨੂੰ ਠੱਲ੍ਹ ਪਾਉਣ ਲਈ ਲੋਕਤੰਤਰੀ ਕ੍ਰਾਂਤੀ ਨੂੰ ਰੋਕਿਆ ਨਹੀਂ ਜਾ ਸਕਦਾ ਭਾਵੇਂ ਉਸ ਲਈ ਕੁਝ ਦੇਰ ਹੀ ਲੱਗੇ।

# ਪੰਜਾਬੀ ਦਾ ਵਿਕਾਸ: ਸੱਭਿਆਚਾਰਕ ਅਤੇ ਦਾਰਸ਼ਨਿਕ ਪ੍ਰਸੰਗ

ਪੰਜਾਬ ਦੀ ਸੱਭਿਆਚਾਰਕ ਚੇਤਨਤਾ ਅਤੇ ਬੌਧਿਕ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਪੰਜਾਬੀ (ਭਾਸ਼ਾ ਅਤੇ ਸਾਹਿਤ) ਦਾ ਵਿਕਾਸ ਹੋਵੇ। ਪਰ ਇਸ ਵਿਕਾਸ ਲਈ ਇਹ ਸਮਝਣਾ ਹੋਰ ਵੀ ਜ਼ਰੂਰੀ ਹੈ ਕਿ ਇਹ ਕਿਸ ਪ੍ਰਸੰਗ ਵਿਚ ਹੋਵੇ। ਹਰ ਪੋਚ ਆਪਣੇ ਮੰਤਵਾਂ ਅਨੁਸਾਰ ਹੀ ਸਭ ਬੌਧਿਕ ਅਤੇ ਭਾਸ਼ਾਈ ਸੰਗਠਨਾਂ ਨੂੰ ਉੱਨਤ ਕਰਦਾ ਹੈ। ਇਥੋਂ ਤੱਕ ਕਿ ਕੋਸ਼ਾਂ ਅਤੇ ਹਵਾਲਾ ਸਰੋਤਾਂ ਵਿਚ ਦਿੱਤੀਆਂ ਵਿਆਖਿਆਵਾਂ ਵੀ ਸਮੇਂ ਅਨੁਸਾਰ ਬਦਲਦੀਆਂ ਹਨ ਹਾਲਾਂਕਿ ਕੋਸ਼ ਅਤੇ ਹਵਾਲਾ ਸਰੋਤ ਅਜਿਹੀਆਂ ਕਿਰਤਾਂ ਹਨ ਜਿਨ੍ਹਾਂ ਨੂੰ ਇਤਿਹਾਸ ਅਤੇ ਸੱਭਿਆਚਾਰਕ ਸਮੱਸਿਆਵਾਂ ਤੋਂ ਅਭਿੱਜ ਸਮਝਿਆ ਜਾਂਦਾ ਹੈ ਪਰ ਇਹ ਸੱਚ ਨਹੀਂ। ਦੁਨੀਆਂ ਦੇ ਵੱਡੇ ਕੋਸ਼ਕਾਰਾਂ ਨੂੰ ਜੇ ਵਕਤ ਅਨੁਸਾਰ ਆਪਣੇ ਕੋਸ਼ਾਂ ਦੇ ਜ਼ਜੀਮੇ ਪ੍ਰਕਾਸ਼ਿਤ ਕਰਨੇ ਪੈਂਦੇ ਹਨ ਤਾਂ ਉਨ੍ਹਾਂ ਪਿਛੇ ਆ ਰਹੀਆਂ ਤਬਦੀਲੀਆਂ ਅਤੇ ਵੰਗਾਰਾਂ ਨੂੰ ਨਜਿੱਠਣ ਦੀ ਇੱਛਾ ਹੀ ਹੁੰਦੀ ਹੈ। ਹਰ ਕੌਮ ਲਈ ਅੱਗੇ ਵਧਣ ਵਾਸਤੇ ਸਮੇਂ ਅਨੁਸਾਰ ਆਪਣੇ ਭਾਸ਼ਾਈ ਅਤੇ ਬੌਧਿਕ ਸੰਗਠਨਾਂ ਵਿਚ ਸਵੈ-ਚੇਤੰਨ ਹੋ ਕੇ ਤਬਦੀਲੀਆਂ ਲਿਆਉਣੀਆਂ ਜ਼ਰੂਰੀ ਹਨ।

ਪੰਜਾਬੀ ਦਾ ਵਿਕਾਸ ਕਰਨ ਵਾਲੇ ਹਰ ਸੰਗਠਨ ਅਤੇ ਉਸ ਨਾਲ ਸਬੰਧਿਤ ਹਰ ਵਿਅਕਤੀ ਲਈ ਤਿੰਨ ਪੱਖੀ ਚੇਤਨਤਾ ਦੀ ਲੋੜ ਹੈ। ਪਹਿਲਾ ਪੱਖ ਹੈ ਪੰਜਾਬੀ ਸੱਭਿਆਚਾਰ ਦੀ ਚੇਤੰਨ ਸਮਝ। ਇਸ ਦਾ ਅਰਥ ਹੈ ਪੰਜਾਬੀ ਸੱਭਿਆਚਾਰ ਦੀ ਭਾਰਤੀ ਅਤੇ ਵਿਸ਼ਵ ਸੱਭਿਆਚਾਰਾਂ ਵਿਚ ਵਿਲੱਖਣਤਾਵਾਂ ਪ੍ਰਤੀ ਸੁਚੇਤ ਹੋਣਾ। ਸੱਭਿਆਚਾਰਕ ਵਿਲੱਖਣਤਾ ਕੇਵਲ ਇਤਿਹਾਸਕ ਵਿਕਾਸ ਵਿਚ ਇਕ ਵਿਸ਼ੇਸ਼ ਉਤਪਾਦਨ ਪ੍ਰਬੰਧ ਅਤੇ ਇਸ ਵਿਚ ਪ੍ਰਧਾਨ ਵਰਗ ਦੀਆਂ ਕੀਮਤਾਂ ਅਤੇ ਵਿਸ਼ਵ ਸੋਚ ਨਾਲ ਹੀ ਸਬੰਧਤ ਨਹੀਂ ਸਗੋਂ ਇਸ ਤੋਂ ਬਿਨਾਂ ਵਿਗਸ ਰਹੀਆਂ ਕੁਝ ਅਜਿਹੀਆਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜੋ ਉਤਪਾਦਨ ਪ੍ਰਬੰਧ ਦੇ ਬਦਲਣ ਨਾਲ ਵੀ ਕਾਇਮ ਰਹਿੰਦੀਆਂ ਹਨ। ਸੋਚ-ਪ੍ਰਬੰਧ, ਚਿੰਨ੍ਹ ਪ੍ਰਬੰਧ ਆਦਿ ਤੋਂ ਬਿਨਾਂ ਇਨ੍ਹਾਂ ਵਿਸ਼ੇਸ਼ਤਾਵਾਂ ਦਾ ਆਧਾਰ ਕੁਝ ਖਾਸ ਸਰੀਰਕ ਅਤੇ ਮਾਨਸਿਕ ਲੱਛਣਾਂ ਨਾਲ ਵੀ ਬਣ ਜਾਂਦਾ ਹੈ। ਜਿਵੇਂ ਪੰਜਾਬੀ ਸੱਭਿਆਚਾਰ ਵਿਚ ਨਾਇਕ ਬਣਨ ਦੀ ਇੱਛਾ, ਜ਼ਿੰਦਗੀ ਲਈ ਪਹਿਲ, ਜ਼ਿੰਦਗੀ ਦੀਆਂ ਲੋੜਾਂ ਦੀ ਠੀਕ ਵੰਡ ਲਈ ਉਤਸ਼ਾਹ, ਆਨੰਦ ਮਾਨਣ ਲਈ ਤੱਤਪਰਤਾ ਅਤੇ ਦੋਸਤੀ ਦੀ ਸ਼ਿੱਦਤ ਵਿਚ ਵਿਸ਼ਵਾਸ, ਕੁਝ ਅਜਿਹੀਆਂ ਗੱਲਾਂ ਹਨ ਜੋ ਪੰਜਾਬੀਆਂ ਵਿਸ਼ੇਸ਼ ਕਰ ਕੇ ਸਿੱਖਾਂ ਨੇ ਅਜਿਹੇ ਇਤਿਹਾਸਕ ਤਜ਼ਰਬੇ ਵਿਚੋਂ ਸਿੱਖੀਆਂ ਹਨ ਜਿਸ ਵਿਚ ਜ਼ਿੰਦਗੀ ਉਤੇ ਸਦਾ

ਭੀੜ, ਬਾਹਰਲੇ ਹਮਲੇ ਅਤੇ ਮਿੱਤਰਾਨਾ ਸਾਥ ਦੀ ਬੁੜ੍ਹ-ਜੀਵਿਤਾ ਸ਼ਾਮਲ ਹਨ। ਪਰ ਇਹ ਗੱਲਾਂ ਹੁਣ ਥਿਰ ਵਿਸ਼ੇਸ਼ਤਾਵਾਂ ਬਣ ਚੁੱਕੀਆਂ ਹਨ ਜਿਨ੍ਹਾਂ ਨੂੰ ਨਵਾਂ ਉਤਪਾਦਨ ਪ੍ਰਬੰਧ ਵੀ ਛੇਤੀ ਛੇਤੀ ਤੋੜ ਨਹੀਂ ਸਦਕਾ ਸਗੋਂ ਪ੍ਰਬੰਧ ਨੂੰ ਖੁਦ ਇਨ੍ਹਾਂ ਵਿਸ਼ੇਸ਼ਤਾਵਾਂ ਅਨੁਸਾਰ ਢਾਲਣਾ ਪਵੇਗਾ। ਭਾਰਤ ਵਿਚ ਵੱਧ ਰਹੇ ਪੂੰਜੀਵਾਦ ਅਤੇ ਇਸ ਦੇ ਸਮਰਥਕਾਂ ਦਾ ਪੰਜਾਬੀ ਸੱਭਿਆਚਾਰ ਅਤੇ ਇਸ ਦੇ ਇਤਿਹਾਸ ਨੂੰ ਅਣਗੌਲਣਾ ਹੀ ਪੰਜਾਬ ਦੀ ਕੇਂਦਰ ਅਤੇ ਉਸ ਦੇ ਪੂੰਜੀਵਾਦ ਨਾਲ ਲੜਾਈ ਦਾ ਇਕ ਵੱਡਾ ਕਾਰਨ ਹੈ। ਜਦੋਂ ਇਸ ਲੜਾਈ ਦਾ ਮੁਹਾਵਰਾ 'ਧਾਰਮਿਕ' ਵੀ ਹੁੰਦਾ ਹੈ ਤਦ ਵੀ ਇਸ ਦੇ ਕ੍ਰਾਂਤੀਕਾਰੀ ਅਤੇ ਵਿਸ਼ੇਸ਼ ਸੱਭਿਆਚਾਰਕ ਆਧਾਰ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਕੁਝ ਵਿਦਵਾਨਾਂ ਵਲੋਂ ਇਹ ਸੁਝਾਇਆ ਗਿਆ ਹੈ ਕਿ ਪੰਜਾਬ ਦਾ ਕੇਂਦਰ ਨਾਲ ਵਿਰੋਧ ਅਸਲ ਵਿਚ ਅਮੀਰ ਕਿਸਾਨੀ ਦੇ ਬੁਰਜੂਆਂ ਅਤੇ ਦਸਤਕਾਰ ਬਣਨ ਉਤੇ ਮਹਿਸੂਸ ਕੀਤੀਆਂ ਗਈਆਂ ਰੋਕਾਂ ਹਨ। ਇਹ ਚੱਲ ਰਹੀ ਲੜਾਈ ਦਾ ਇਕ ਪੱਖ ਜ਼ਰੂਰ ਹੈ ਪਰ ਬੁਨਿਆਦੀ ਆਧਾਰ ਨਹੀਂ। ਅਮੀਰ ਕਿਸਾਨੀ ਦੇ ਹਿੱਤ ਅਤੇ ਉਸ ਲਈ ਧਰਮ ਦੀ ਵਰਤੋਂ, ਜੁਝਾਰੂ ਨੌਜਵਾਨਾਂ ਦੀ ਕਾਣੀ ਵੰਡ, ਸੱਭਿਆਚਾਰਕ ਵਿਰਸੇ ਉਤੇ ਪੂੰਜੀਵਾਦੀ ਹਮਲਾ ਅਤੇ ਪੰਜਾਬ ਨੂੰ ਦਸਤਕਾਰ ਦੇ ਮੁਨਾਫ਼ੇ ਲਈ ਬੇਕਿਰਕ ਹੋ ਕੇ ਵਰਤਣਾ ਪੰਜਾਬ ਦੇ ਕੇਂਦਰ ਪ੍ਰਤੀ ਗੁੱਸੇ ਦੇ ਦੋ ਅਹਿਮ ਪਹਿਲੂ ਹਨ।

ਪੰਜਾਬੀ ਦਾ ਵਿਕਾਸ ਇਸ ਸਮੁੱਚੀ ਸੱਭਿਆਚਾਰਕ ਅਤੇ ਰਾਜਨੀਤਕ ਲੜਾਈ ਨਾਲੋਂ ਤੋੜਿਆ ਨਹੀਂ ਜਾ ਸਕਦਾ। ਸਿੱਖ ਗੁਰੂਆਂ ਤੋਂ ਪਿਛੋਂ ਪਹਿਲੀ ਵਾਰ ਪੰਜਾਬ ਵਿਚ ਸਵੈ-ਪਛਾਣ ਮੁੜ ਉਭਰਨ ਲੱਗੀ ਹੈ। ਪੰਜਾਬ ਦੇ ਬੌਧਿਕ ਅਤੇ ਸਾਹਿਤਕ ਵਿਰਸੇ ਦੀ ਨਵੀਂ ਵਿਆਖਿਆ ਇਸੇ ਪ੍ਰਸੰਗ ਵਿਚ ਹੋਣੀ ਹੈ। ਸਨਾਨਤੀ ਅਤੇ ਸਮਕਾਲੀ ਸਾਹਿਤ ਦੇ ਗ੍ਰੰਥਾਂ ਦੀ ਪੁਣਛਾਣ ਵੀ ਇਸੇ ਦ੍ਰਿਸ਼ਟੀ ਤੋਂ ਕਰਵਾਈ ਜਾਣੀ ਚਾਹੀਦੀ ਹੈ। ਬੌਧਿਕ ਅਤੇ ਸਾਹਿਤਕ ਵਿਆਖਿਆਵਾਂ ਦਾ ਕੋਈ ਨਿਰੰਕੁਸ਼ ਅਤੇ ਪੂਰਨ ਅਕਾਲ ਪੱਖ ਨਹੀਂ ਹੁੰਦਾ। ਭੂਤ ਕਾਲ ਨਿਰਸੰਦੇਹ ਹੀ ਵਰਤਮਾਨ ਦੀ ਮੰਤਵੀ ਪੁਨਰ-ਵਿਆਖਿਆ ਹੈ।

ਪੰਜਾਬੀ ਦੇ ਵਿਕਾਸ ਲਈ ਜ਼ਿੰਮੇਵਾਰ ਵਿਅਕਤੀਆਂ ਜਾਂ ਸੰਸਥਾਵਾਂ ਲਈ ਲੋੜੀਂਦੀ ਚੇਤਨਤਾ ਦਾ ਪੰਜਾਬੀ ਸੱਭਿਆਚਾਰ ਪ੍ਰਤੀ ਸਵੈ-ਚੇਤਨਤਾ ਤੋਂ ਬਿਨਾਂ ਦੂਜਾ ਪੱਖ ਭਾਰਤੀ ਸੱਭਿਆਚਾਰ ਬਾਰੇ ਸਮਝ ਹੈ। ਭਾਰਤ ਦਾ ਸੱਭਿਆਚਾਰ ਇਕ ਨਹੀਂ। ਇਸ ਦਾ ਇਤਿਹਾਸ ਅਤੇ ਉਤਪਾਦਨ ਰਿਸ਼ਤੇ ਕਾਫ਼ੀ ਦੇਰ ਬਿਨਾਂ ਲੰਮੀ-ਚੌੜੀ ਤਬਦੀਲੀ ਦੇ ਖੜੋਤ ਵਿਚ ਰਹੇ ਹਨ। ਜੇ ਰਾਜਨੀਤਕ ਤਬਦੀਲੀਆਂ, ਖਾਸ ਕਰ ਕੇ ਉੱਤਰੀ ਭਾਰਤ ਵਿਚ, ਹੋਈਆਂ ਹਨ ਤਦ ਵੀ ਉਤਪਾਦਨ ਰਿਸ਼ਤੇ ਅਬਦਲ ਰਹੇ। ਜੇ ਬਰਤਾਨਵੀ ਸਾਮਰਾਜ ਆਇਆ ਤਾਂ ਉਸ ਨੇ ਵੀ ਭਾਰਤੀ ਆਰਥਿਕਤਾ ਨੂੰ ਆਪਣੇ ਅਧੀਨ ਕਰਨ ਅਤੇ ਲੁੱਟਣ ਲਈ ਇਥੋਂ ਦੇ ਰਾਜਿਆਂ ਅਤੇ

ਜਾਗੀਰਦਾਰਾਂ ਨਾਲ ਸਮਝੌਤਾ ਕਰ ਲਿਆ। ਨਤੀਜੇ ਵਜੋਂ ਅਨੇਕ ਪ੍ਰਾਂਤਾਂ ਵਿਚ ਕੁਝ ਸਥਾਈ ਲੱਛਣਾਂ ਵਾਲੇ ਸੱਭਿਆਚਾਰ ਵਿਗਸ ਪਏ ਜਿਨ੍ਹਾਂ ਨਾਲ ਇਲਾਕੇ ਦੇ ਲੋਕਾਂ ਨੂੰ ਖਾਸ ਮੋਹ ਹੋ ਗਿਆ। ਇਸ ਤਰ੍ਹਾਂ ਅਬਦਲ ਜਾਂ ਸਾਮਰਾਜੀ ਸਮਝੌਤੇ ਤੋਂ ਆਈ ਖੜੋਤ ਨਾਲ ਇਲਾਕਾਈ ਵਿਚਿੱਤਰਤਾ ਅਨੁਸਾਰ ਜੋ ਸੱਭਿਆਚਾਰ ਅਤੇ ਇਲਾਕਾਈ ਭਾਸ਼ਾਵਾਂ ਵਿਗਸੀਆਂ ਉਹੀ ਵਿਸ਼ਾਲ ਭਾਰਤੀ ਸੱਭਿਆਚਾਰ ਬਣੀਆਂ।

ਭਾਰਤੀ ਸੱਭਿਆਚਾਰ ਬਹੁ-ਭਾਸ਼ੀ ਬਹੁ-ਪ੍ਰਾਂਤੀ ਜਾਂ ਬਹੁ-ਕੌਮੀ ਸੱਭਿਆਚਾਰ ਹੈ। ਜਾਂ ਇਉਂ ਕਹਿ ਲਈਏ ਇਹ ਵਿਚਿੱਤਰ ਸੱਭਿਆਚਾਰਾਂ ਦਾ ਇਕ ਸੰਵਾਦ ਜਾਂ ਇਕੱਠ ਹੈ। ਇਸ ਦਾ ਮੁੱਖ ਲੱਛਣ ਅਨੇਕਤਾ ਹੈ। ਇਸ ਨੂੰ ਕਿਸੇ ਇਕ ਵਿਆਖਿਆ ਜਾਂ ਸਿਧਾਂਤ ਵਿਚ ਨਹੀਂ ਮੋੜਿਆ ਜਾ ਸਕਦਾ। ਜ਼ਬਰਦਸਤੀ ਮੋੜਨਾ ਸਖ਼ਤ ਗਲਤੀ ਹੋਵੇਗੀ, ਸੰਭਾਵਨਾ ਕੇਵਲ ਰੂਸੀ ਮਾਡਲ ਉਤੇ ਸਭ ਸੱਭਿਆਚਾਰਾਂ ਦੇ ਵਿਗਾਸ ਵਿਚੋਂ ਲੰਘੇ ਅਨਿਕ-ਰੰਗੇ ਪੁਰਸ਼ ਪੈਦਾ ਕਰਨ ਦੀ ਹੈ। ਇਸ ਦਾ ਅਰਥ ਇਹ ਹੈ ਕਿ ਪੰਜਾਬ ਦੇ ਬੌਧਿਕ ਅਤੇ ਸਾਹਿਤਕ ਸੰਗਠਨਾਂ ਦੀ ਵਿਆਖਿਆ ਇਸ ਤਰ੍ਹਾਂ ਕਰਨੀ ਲੋੜੀਂਦੀ ਹੈ ਕਿ ਇਹ ਸੱਭਿਆਚਾਰ ਜਾਂ ਕੇਂਦਰੀ ਰਾਜਨੀਤੀ ਵਿਚ ਭਾਰੂ ਜਮਾਤ ਦੇ ਬੌਧਿਕ ਸੰਗਠਨਾਂ ਦੀ ਵਿਆਖਿਆ ਬਣ ਕੇ ਨਾ ਰਹਿ ਜਾਣ ਸਗੋਂ ਪੰਜਾਬ ਦੀਆਂ ਇਤਿਹਾਸ ਵਿਚੋਂ ਪ੍ਰਾਪਤ ਕੀਤੀਆਂ ਮਨੁੱਖਵਾਦੀ ਖਾਸੀਅਤਾਂ ਅਨੁਸਾਰ ਉਪਜੀ ਪਛਾਣ ਨਾਲ ਜੁੜੀਆਂ ਹੋਈਆਂ ਹੋਣ।

ਪੰਜਾਬੀ ਦਾ ਵਿਕਾਸ ਕਰਨ ਲਈ ਲੋੜੀਂਦੀ ਚੇਤਨਤਾ ਦਾ ਤੀਜਾ ਪੱਖ ਅੰਤਰਰਾਸ਼ਟਰੀ ਪੱਧਰ ਉਤੇ ਮੌਜੂਦ ਦ੍ਰਿਸ਼ ਦੀ ਭਰਪੂਰ ਜਾਣਕਾਰੀ ਹੈ। ਸਮਾਜਵਾਦੀ ਅਤੇ ਪੂੰਜੀਵਾਦੀ ਸਮਾਜ ਆਧੁਨਿਕਤਾ ਤੋਂ ਅੱਗੇ ਉਤਰ-ਆਧੁਨਿਕਤਾ ਵਿਚੋਂ ਲੰਘ ਰਹੇ ਹਨ। ਆਧੁਨਿਕਤਾ ਦਾ ਜ਼ੋਰ ਸਭ ਸੰਸਥਾਵਾਂ ਅਤੇ ਬੌਧਿਕ ਸੰਗਠਨਾਂ ਨੂੰ ਤਰਕਵਾਦੀ ਢੰਗ ਨਾਲ ਉਸਾਰਨ ਅਤੇ ਵਿਆਖਿਆਉਣ ਉਤੇ ਸੀ। ਇਸੇ ਰਾਹ ਉਤੇ ਚੱਲ ਕੇ ਸਮੁੱਚੀ ਮਨੁੱਖਤਾ ਦੀ ਮੁਕਤੀ ਹੋ ਸਕਦੀ ਹੈ, ਇਹ ਆਧੁਨਿਕਵਾਦੀ ਸਮਾਜਾਂ ਦੀ ਸਮਝ ਸੀ। ਇਸ ਵਿਚ ਪੂੰਜੀਵਾਦੀ ਅਤੇ ਸਮਾਜਵਾਦੀ ਦੇਸ਼ ਇਕੋ ਪਹੁੰਚ ਰੱਖਦੇ ਸਨ। ਜੋ ਵੱਡੀ ਤਬਦੀਲੀ ਹੁਣ ਵਾਪਰੀ ਹੈ ਉਹ ਇਹ ਹੈ ਕਿ ਕੁਐਂਤਮ ਭੌਤਿਕ ਵਿਗਿਆਨ, ਆਈਨਸਟਾਈਨ ਦਾ ਸਾਪੇਖ ਵਿਗਿਆਨ ਅਤੇ ਮਾਰਕਸਵਾਦ ਦੀ ਸਾਪੇਖਵਾਦੀ ਸਮਝ ਉਤੇ ਅਧਾਰਿਤ ਇਕ ਨਵੀਂ ਦ੍ਰਿਸ਼ਟੀ ਪੈਦਾ ਹੋਈ ਹੈ ਜਿਸ ਉਪਰ ਵੀਕੋ, ਹਰਡਰ ਆਦਿ ਮਾਨਵ-ਵਿਗਿਆਨੀਆਂ ਦਾ ਵੱਡਾ ਪ੍ਰਭਾਵ ਹੈ। ਇਸ ਨਾਲ ਨਿਰੋਲ ਤਰਕਵਾਦੀ ਇਕ-ਮੁੱਖੀ ਦ੍ਰਿਸ਼ਟੀ ਅਤੇ ਸੱਭਿਆਚਾਰਕ ਬਿਰਤਾਂਤ ਦੀ ਥਾਂ ਮਨੁੱਖੀ ਵਿਗਾਸ ਲਈ ਉਸ ਦੇ ਇਲਾਕਾਈ ਪ੍ਰਾਂਤਕ ਜਾਂ ਵਿਸ਼ੇਸ਼ ਭੂਗੋਲਿਕ ਤਜ਼ਰਬਿਆਂ ਅਨੁਸਾਰ ਉਪਜੇ ਦਾਰਸ਼ਨਿਕ, ਸਰੀਰਕ ਅਤੇ ਮਨੋਵਿਗਿਆਨਕ ਲੱਛਣਾਂ ਨਾਲ ਰਚੇ ਨਿਰ-ਤਰਕਵਾਦੀ ਬਿਰਤਾਂਤ ਦਾ ਉਪਜਣਾ ਹੈ। ਹੁਣ ਜ਼ੋਰ ਸਮੁੱਚੇ ਵਿਗਿਆਨਾਂ ਦੇ ਬਿਰਤਾਂਤ ਜਾਂ ਢਾਂਚਿਆਂ ਨੂੰ ਇਕ-

ਮੁੱਖਤਾ ਤੋਂ ਕੱਢ ਕੇ ਬਹੁ-ਮੁਖਤਾ ਅਤੇ ਪ੍ਰਾਂਤਕਤਾ ਵੱਲ ਲਿਆਉਣਾ ਹੈ। ਇਹ ਤਜ਼ਰਬੇ ਆਰਟੀਟੈਕਚਰ, ਕਵਿਤਾ, ਦਰਸ਼ਨ ਅਤੇ ਸੱਭਿਆਚਾਰ ਦੇ ਬਿਰਤਾਂਤਾਂ ਵਿਚ ਕੀਤੇ ਗਏ ਹਨ। ਅਜਿਹੇ ਬਿਰਤਾਂਤਾਂ ਦਾ ਮੁੱਖ ਲੱਛਣ ਇਕ-ਮੁੱਖੀ ਬਿਰਤਾਂਤਾਂ ਵਿਰੁੱਧ ਵਿਦਰੋਹ ਵੀ ਹੈ। ਇਸ ਲਈ ਇਨ੍ਹਾਂ ਦਾ ਚਰਿੱਤਰ ਮਾਰਕੂਜ਼ੇ ਦੇ ਸ਼ਬਦਾਂ ਵਿਚ "ਮਹਾਂ ਇਨਕਾਰ" ਉਤੇ ਅਧਾਰਿਤ ਹੈ। ਇਹ "ਮਹਾਂ ਇਨਕਾਰ" ਇਕ-ਮੁੱਖੀ ਸਿਧਾਂਤ ਵਿਚ ਖਲਤ-ਮਲਤ ਹੋਣੋਂ ਨਾਂਹ ਕਰਨਾ ਅਤੇ ਵਿਚਿੱਤਰਤਾ ਦੀ ਹਥਿਆਰ-ਬੱਧ ਰਾਖੀ ਕਰਨ ਲਈ ਪਰੇਰਿਤ ਹੋਣਾ ਹੈ।

ਸੰਖੇਪ ਵਿਚ ਪੰਜਾਬੀ ਦੇ ਵਿਕਾਸ ਲਈ ਜ਼ਿੰਮੇਵਾਰ ਵਿਅਕਤੀਆਂ ਜਾਂ ਸੰਸਥਾਵਾਂ ਨੂੰ ਤਿੰਨ-ਪੱਖੀ ਚੇਤਨਤਾ ਦੀ ਲੋੜ ਹੈ ਜੋ ਪੰਜਾਬੀ ਸੱਭਿਆਚਾਰ ਦੀ ਭਾਰਤੀ ਅਤੇ ਅੰਤਰਰਾਸ਼ਟਰੀ ਪ੍ਰਸੰਗਾਂ ਵਿਚ ਸਵੈ-ਪਛਾਣ ਉੱਤੇ ਆਧਾਰਿਤ ਹੋਣੀ ਜ਼ਰੂਰੀ ਹੈ।

ਹੁਣ ਤਕ ਜੇ ਪੰਜਾਬ ਵਿਚ ਪੰਜਾਬੀ ਦਾ ਸਰਬ-ਪੱਖੀ ਅਤੇ ਪੰਜਾਬ ਦੀ ਜਨ-ਚੇਤਨਤਾ ਨੂੰ ਉਪਰ ਚੁੱਕਣ ਵਾਲਾ ਵਿਕਾਸ ਨਹੀਂ ਵਾਪਰਿਆ ਤਾਂ ਉਸ ਦਾ ਕਾਰਨ ਉਨ੍ਹਾਂ ਸਾਰੀਆਂ ਸੰਸਥਾਵਾਂ ਅਤੇ ਵਿਅਕਤੀਆਂ ਦਾ, ਜੋ ਵਿਕਾਸ ਲਈ ਜ਼ਿੰਮੇਵਾਰ ਹਨ, ਯੋਗ ਚੇਤਨਤਾ ਤੋਂ ਵਾਂਝੇ ਹੋਣਾ ਹੈ। ਅੰਤਰਰਾਸ਼ਟਰੀ ਪੱਧਰ ਉਤੇ ਰੂਸ ਅਤੇ ਅਮਰੀਕਾ ਆਪਣੀ ਉਪਰ ਦੱਸੀ ਤਿੰਨ-ਪੱਖੀ ਚੇਤਨਤਾ ਉਤੇ ਅਧਾਰਿਤ ਪੁਸਤਕਾਂ ਵੱਖ-ਵੱਖ ਅਦਾਰਿਆਂ ਤੋਂ ਪ੍ਰਕਾਸ਼ਿਤ ਕਰਵਾਉਂਦੇ ਰਹਿੰਦੇ ਹਨ। ਭਾਵੇਂ ਅਸੀਂ ਉਨ੍ਹਾਂ ਦੇ ਵਿਚਾਰਾਂ ਨਾਲ ਅਸਹਿਮਤੀ ਰੱਖੀਏ ਪਰ ਉਹ ਆਪਣੇ ਮੰਤਵਾਂ ਵਿਚ ਸਫਲ ਹਨ।

ਰੂਸ ਦੀ ਇਸ ਮਾਮਲੇ ਵਿਚ ਪ੍ਰਗਤੀ ਸ਼੍ਰੇਸ਼ਟ ਹੈ। ਉਸ ਨੇ ਆਪਣੇ ਉਸ ਮਾਡਲ ਦੀ ਪੇਸ਼ਕਾਰੀ, ਜਿਸ ਵਿਚ ਉਸ ਦੇ ਸਭ ਸੱਭਿਆਚਾਰ, ਆਰਥਿਕ, ਨਿਆਂ ਅਤੇ ਸਮਾਜਵਾਦ ਨਾਲ ਨਾਲ ਅੱਗੇ ਵੱਧ ਰਹੇ ਹਨ, ਬਹੁਤ ਅਨੂਪਮ ਢੰਗ ਨਾਲ ਕੀਤੀ ਹੈ। ਲੈਨਿਨ ਅਤੇ ਸਟਾਲਿਨ ਦੇ ਯਤਨਾਂ ਤੋਂ ਲੈ ਕੇ ਬ੍ਰੈਜ਼ਨੇਵ ਦੇ ਸੰਵਿਧਾਨ ਨੂੰ ਬਹੁ-ਸੱਭਿਆਚਾਰਕ ਅਤੇ ਬਹੁ-ਰਾਸ਼ਟਰੀ ਰੂਪ ਦੇਣ ਤਕ ਦੀ ਯਾਤਰਾ ਨੂੰ ਕਈ ਪੁਸਤਕਾਂ ਦਾ ਵਿਸ਼ਾ ਬਣਾਇਆ ਹੈ। ਇਥੋਂ ਤਕ ਕਿ ਉਹ ਪੂੰਜੀਵਾਦੀ ਪ੍ਰਬੰਧ ਦੀ ਇਸ ਪੱਖੋਂ ਅੰਤ ਵਿਚ ਹੋਣ ਵਾਲੀ ਅਸਫਲਤਾ ਬਾਰੇ ਵੀ ਮੰਨਣਯੋਗ ਤਰਕ ਪੇਸ਼ ਕਰਨ ਵਿਚ ਕਾਮਯਾਬ ਹਨ। ਪਿਛੇ ਜਿਹੇ ਰੂਸੀਆਂ ਨੇ ਅਨੇਕਾਂ ਚੰਗੀਆਂ ਪੁਸਤਕਾਂ ਸੁਹਜ-ਸ਼ਾਸਤਰ, ਮਾਨਵ-ਵਿਗਿਆਨ ਆਦਿ ਉਤੇ ਪ੍ਰਕਾਸ਼ਿਤ ਕੀਤੀਆਂ ਹਨ ਜਿਨ੍ਹਾਂ ਵਿਚ ਪ੍ਰਚੱਲਤ ਅਤੇ ਨਵੇਂ-ਵਿਗਿਆਨਾਂ ਨੂੰ ਸਮਾਜਵਾਦੀ ਦ੍ਰਿਸ਼ਟੀ ਤੋਂ ਇਕ ਦੂਜੇ ਦੇ ਨੇੜੇ ਲਿਆਉਣ ਦਾ ਯਤਨ ਕੀਤਾ ਗਿਆ ਹੈ। ਇਹ ਯਤਨ ਮਨੁੱਖਵਾਦੀ, ਭਵਿੱਖ-ਮੁੱਖੀ ਅਤੇ ਅੰਤਰ-ਅਨੁਸ਼ਾਸਨੀ ਹਨ।

ਰੂਸ ਦੇ ਸਮਾਜਵਾਦੀ ਪ੍ਰਬੰਧ ਨੇ ਆਪਣੇ ਵਿਦਵਾਨਾਂ, ਸਮਾਜ-ਚਿੰਤਕਾਂ ਅਤੇ ਸਾਹਿਤਕਾਰਾਂ ਨੂੰ ਯੋਗ ਵਸੀਲੇ ਦੇ ਕੇ ਅਤੇ ਉਨ੍ਹਾਂ ਉਤੇ ਪਹਿਰੇਦਾਰੀ ਕਰਕੇ ਅਜਿਹੇ ਵਿਚਾਰ-ਜਗਤ ਦੇ ਉਪਜਣ ਲਈ ਵਾਤਾਵਰਣ ਤਿਆਰ ਕੀਤਾ ਹੈ। ਇਹ ਸਾਰਾ ਕੰਮ ਉਨ੍ਹਾਂ ਦੇ ਸਮੁੱਚੇ ਸਮਾਜ ਦੀ ਸ਼ਕਤੀਵਰ ਵਚਨਬੱਧਤਾ ਵਿਚੋਂ ਪੈਦਾ ਹੋਇਆ ਹੈ। ਇਸ ਪ੍ਰਸੰਗ ਵਿਚ ਰੂਸ ਦਾ 25 ਜਿਲਦਾਂ ਵਿੱਚ ਪ੍ਰਕਾਸ਼ਿਤ ਵਿਸ਼ਵ-ਕੋਸ਼ ਵਰਨਣਯੋਗ ਹੈ। ਇਸ ਵਿਚ ਹਰ ਵਿਸ਼ੇ ਦੀ ਸਮਾਜਵਾਦੀ ਵਿਆਖਿਆ ਹੈ। ਹੁਣ ਇਹ ਅੰਗਰੇਜ਼ੀ ਅਨੁਵਾਦ ਵਿਚ ਮੈਕਮਿਲਨ ਵੱਲੋਂ ਛਾਪਿਆ ਗਿਆ ਹੈ। ਰੂਸੀ ਸਮਾਜ ਦੇ ਇਨ੍ਹਾਂ ਯਤਨਾਂ ਨਾਲ ਉਨ੍ਹਾਂ ਦੇ ਸਮੁੱਚੇ ਸੱਭਿਆਚਾਰ ਦੀ ਨੁਹਾਰ ਬਦਲ ਗਈ ਹੈ। ਇਸ ਨੇ ਰੂਸ ਦੀਆਂ ਭਾਸ਼ਾਵਾਂ, ਸਾਹਿਤਾਂ ਅਤੇ ਵਿਚਾਰ-ਪ੍ਰਬੰਧਾਂ ਦਾ ਵਿਕਾਸ ਕਰਨ ਵਿਚ ਸਹਾਇਤਾ ਕੀਤੀ ਹੈ। ਇਸ ਦਾ ਅਪ੍ਰਤੱਖ ਅਸਰ ਉਨ੍ਹਾਂ ਦੇ ਵਿਗਿਆਨਾਂ ਉਤੇ ਵੀ ਹੋਇਆ ਹੈ। ਪ੍ਰਮਾਣ ਦੇ ਤੌਰ 'ਤੇ ਅਸੀਂ ਪਿਛਲੇ ਸਾਲਾਂ ਵਿਚ ਉਨ੍ਹਾਂ ਦੇ ਸਾਹਿਤਕਾਰਾਂ ਅਤੇ ਵਿਗਿਆਨੀਆਂ ਨੂੰ ਮਿਲੇ ਨੋਬਲ ਇਨਾਮ ਗਿਣ ਸਕਦੇ ਹਾਂ।

ਪੋਲੈਂਡ ਵਰਗੇ ਛੋਟੇ ਜਿਹੇ ਦੇਸ਼ ਨੇ, ਜਿਸ ਦਾ ਸੱਭਿਆਚਾਰ, ਧਾਰਮਿਕ ਅਤੇ ਸਮਾਜਵਾਦੀ, ਦੋਵੇਂ ਪ੍ਰਕਾਰ ਦੀਆਂ ਸੰਸਥਾਵਾਂ ਨੂੰ ਆਦਰ ਦਿੰਦਾ ਹੈ, ਆਪਣੇ ਢੰਗ ਨਾਲ ਇਨ੍ਹਾਂ ਵਿਰੋਧੀ ਪ੍ਰਬੰਧਾਂ ਵਿਚਕਾਰ ਗੁਫਤਗੂ ਰਚਣ ਦਾ ਯਤਨ ਕੀਤਾ ਹੈ, ਅਜਿਹਾ ਵਿਚਾਰ-ਜਗਤ ਸਿਰਜਿਆ ਹੈ ਜਿਸ ਨਾਲ ਧਰਮ-ਦ੍ਰਿਸ਼ਟੀ ਅਤੇ ਪ੍ਰਗਤੀਸ਼ੀਲ-ਦ੍ਰਿਸ਼ਟੀ ਇਕ-ਦੂਜੇ ਦੀ ਪੂਰਕ ਹੋ ਕੇ ਚੱਲ ਰਹੀਆਂ ਹਨ। ਨਤੀਜੇ ਵਜੋਂ ਇਕ ਸਵਸਥ ਸੰਵਾਦ (ਡਾਇਲੈਕਟਿਕ) ਵਿਚੋਂ ਵਿਚਾਰਾਂ ਅਤੇ ਸੰਸਥਾਵਾਂ ਦੀ ਉੱਨਤੀ ਹੋ ਰਹੀ ਹੈ। ਭਾਰਤ ਕੋਲ ਵੀ ਸਮਾਜਵਾਦ ਅਤੇ ਪੂੰਜੀਵਾਦ ਦੇ ਸੰਯੋਗ ਵਿਚੋਂ ਕੋਈ ਤੀਜਾ ਤਜ਼ਰਬਾ ਕਰਨ ਦਾ ਮੌਕਾ ਸੀ, ਪਰ ਉਹ ਨਹਿਰੂ ਕਾਲ ਤੋਂ ਪਿਛੋਂ ਗੁਆ ਦਿੱਤਾ ਗਿਆ ਹੈ। ਸਾਡੇ ਸਮਾਜ-ਵਿਗਿਆਨੀਆਂ ਅਤੇ ਅਰਥ-ਸ਼ਾਸਤਰੀਆਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ।

ਇਸ ਸਾਰੀ ਚਰਚਾ ਦਾ ਭਾਵ ਇਹ ਸਪੱਸ਼ਟ ਕਰਦਾ ਹੈ ਕਿ ਪੰਜਾਬੀ ਦਾ ਵਿਕਾਸ, ਰਾਜਨੀਤਕ, ਸੱਭਿਆਚਾਰਕ ਅਤੇ ਆਰਥਿਕ ਪਰਿਪੇਖਾਂ ਦੇ ਅਗਿਆਨ ਨਾਲ ਨਹੀਂ ਹੋ ਸਕਦਾ। ਵਿਕਾਸ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਪਰਿਪੇਖਾਂ ਵਿਚ ਸੁਸਿੱਖਿਅਤ ਹੋਣ ਦੀ ਲੋੜ ਹੀ ਨਹੀਂ ਸਗੋਂ ਇਕ ਆਪਣਾ ਨਜ਼ਰੀਆ ਵੀ ਬਣਾਉਣ ਦੀ ਲੋੜ ਹੈ ਜੋ ਪੰਜਾਬੀ ਸੱਭਿਆਚਾਰ ਦੀ ਭਾਰਤੀ ਅਤੇ ਅੰਤਰਰਾਸ਼ਟਰੀ ਪ੍ਰਸੰਗਾਂ ਵਿਚ ਬਣਾਈ ਵਿਸ਼ਾਲ ਸਵੈ-ਪਛਾਣ ਉਤੇ ਅਧਾਰਿਤ ਹੋਵੇ।

ਜੇ ਹੁਣ ਤੱਕ ਪੰਜਾਬ ਵਿਚ ਪੰਜਾਬੀ ਦਾ ਸਰਬ-ਪੱਖੀ ਵਿਕਾਸ ਨਹੀਂ ਹੋ ਸਕਿਆ ਤਾਂ ਉਸ ਦਾ ਕੁਝ ਕਾਰਨ ਤਾਂ ਸਾਡੇ ਨੀਤੀਵਾਨਾਂ ਦੀ ਕੁਤਾਹੀ ਅਤੇ ਮੌਕਾਪ੍ਰਸਤੀ ਹੋ ਸਕਦਾ ਹੈ ਪਰ ਵੱਡਾ ਕਾਰਣ ਪੰਜਾਬੀ ਵਿਕਾਸ ਲਈ ਜ਼ਿੰਮੇਵਾਰ ਅਦਾਰਿਆਂ ਵਿਚ ਅਯੋਗ ਵਿਅਕਤੀਆਂ ਦੀ ਨਿਯੁਕਤੀ ਹੈ, ਜਿਨ੍ਹਾਂ ਨੂੰ ਪੰਜਾਬੀ ਸੱਭਿਆਚਾਰ ਦੇ ਪ੍ਰਸੰਗ ਦੀ ਸਮਝ ਨਹੀਂ। ਇਹ ਅਦਾਰੇ ਭਾਸ਼ਾ ਵਿਭਾਗ, ਸਾਹਿਤ ਅਕਾਦਮੀਆਂ, ਕੇਂਦਰੀ ਲੇਖਕ ਸਭਾ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਹਨ। ਭਾਸ਼ਾ ਵਿਭਾਗ ਨੇ ਪੁਰਾਣੇ ਸਾਹਿਤ ਦੇ ਪ੍ਰਕਾਸ਼ਨ ਅਤੇ ਕੋਸ਼ਕਾਰੀ ਵਿਚ ਪ੍ਰਸੰਸਾਯੋਗ ਕੰਮ ਕੀਤਾ ਹੈ ਪਰ ਉਹ ਪੰਜਾਬ ਵਿਚ ਕਿਸੇ ਵਿਚਾਰ-ਜਗਤ ਨੂੰ ਉਭਾਰਨ ਦੇ ਅਯੋਗ ਰਿਹਾ ਹੈ। ਪੰਜਾਬੀ ਸਾਹਿਤ ਅਕਾਦਮੀ ਦਾ ਕੰਮ ਵੀ ਕੁਝ ਇਸੇ ਪ੍ਰਕਾਰ ਦਾ ਹੈ। ਦਿੱਲੀ ਦੀ ਸਾਹਿਤ ਅਕਾਦਮੀ ਕਿਸੇ ਦ੍ਰਿਸ਼ਟੀ ਤੋਂ ਬਿਨਾਂ ਵੀ ਨਵੇਂ ਯਤਨਾਂ ਨੂੰ ਉਤਸ਼ਾਹਿਤ ਕਰਨ ਵਿਚ ਸ਼ਲਾਘਾਯੋਗ ਕੰਮ ਕਰ ਰਹੀ ਹੈ। ਉਸ ਨੂੰ ਵਧੇਰੇ ਨੀਤੀ ਅਤੇ ਯੋਜਨਾਬੱਧ ਹੋਣ ਦੀ ਲੋੜ ਹੈ। ਪੁਰਾਣੀ ਕੇਂਦਰੀ ਲੇਖਕ ਸਭਾ ਦੀ ਲੀਡਰਸ਼ਿਪ ਕਮਿਊਨਿਸਟ ਪਾਰਟੀ ਨਾਲ ਸੰਬੰਧਿਤ ਵਿਅਕਤੀ ਕੋਲ ਹੈ। ਪਰ ਕਿਉਂਕਿ ਉਹ ਖੁਦ ਅਤੇ ਉਸ ਨਾਲ ਸਬੰਧਤ ਸਹਾਇਕ ਆਪਣੀ ਪੂਰੀ ਦਿਆਨਤਦਾਰੀ ਦੇ ਬਾਵਜੂਦ ਬਹੁ-ਪੱਖੀ ਸਿੱਖਿਆ ਵਾਲੇ ਨਹੀਂ, ਇਸ ਲਈ ਉਹ ਰੂਸੀ ਮਾਡਲ ਦੀ ਸਰਬ-ਪੱਖੀ ਪ੍ਰੇਰਣਾ ਨੂੰ ਪ੍ਰਚਾਰਨ ਵਿਚ ਵੀ ਨਾਕਾਮਯਾਬ ਹਨ। ਲੇਖਕਾਂ ਲਈ ਨਵੇਂ ਗਿਆਨਾਂ ਅਤੇ ਸਾਹਿਤਾਂ ਵਿਚੋਂ ਕੀ ਗੌਰਵਪੂਰਨ ਹੈ ਅਤੇ ਇਸ ਦਾ ਸੰਯੋਗ ਪੰਜਾਬੀ ਸਾਹਿਤ ਵਿਚ ਕਿਵੇਂ ਹੋ ਸਕਦਾ ਹੈ, ਇਸ ਲਈ ਕੋਈ ਪ੍ਰੇਰਨਾ ਦੇਣ ਦੀ ਆਸ ਰੱਖਣੀ ਪੁਰਾਣੀ ਕੇਂਦਰੀ ਲੇਖਕ ਸਭਾ ਦੇ ਹੁਣ ਵਾਲੇ ਸੰਗਠਨ ਤੋਂ ਬਿਲਕੁਲ ਅਸੰਭਵ ਹੈ।

ਪੰਜਾਬ ਦੀਆਂ ਯੂਨੀਵਰਸਿਟੀਆਂ ਦਾ ਦੁਰਭਾਗ ਇਹ ਰਿਹਾ ਹੈ ਕਿ ਇੱਥੇ ਪੰਜਾਬੀ ਨਾਲ ਸਬੰਧਤ ਵਿਭਾਗਾਂ ਵਿਚ ਬਹੁਤੀਆਂ ਨਿਯੁਕਤੀਆਂ ਰਾਜਨੀਤਕਾਂ ਦੀ ਸਿਫਾਰਸ਼ ਉਤੇ ਜਾਂ ਹੋਰ ਅਬੌਧਿਕ/ਅਣਅਕਾਦਮਿਕ ਮਜ਼ਬੂਰੀਆਂ ਕਾਰਨ ਹੁੰਦੀਆਂ ਰਹੀਆਂ ਹਨ। ਕਾਂਗਰਸ ਸਰਕਾਰ ਦੇ ਨਿਯੁਕਤ ਵਾਈਸ ਚਾਂਸਲਰਾਂ ਨੇ ਆਪਣੇ ਰਾਜਨੀਤਕਾਂ ਨੂੰ ਖੁਸ਼ ਕੀਤਾ ਹੈ ਅਤੇ ਅਕਾਲੀ ਸਰਕਾਰ ਦੇ ਨਿਯੁਕਤ ਵਾਈਸ ਚਾਂਸਲਰਾਂ ਨੇ-ਇਕ ਦੋ ਤੋਂ ਬਿਨਾਂ-ਆਪਣੇ ਰਾਜਨੀਤਕਾਂ ਨੂੰ। ਨਤੀਜਾ ਇਹ ਨਿਕਲਿਆ ਹੈ ਕਿ ਪੰਜਾਬੀ ਨਾਲ ਸਬੰਧਤ ਵਿਭਾਗਾਂ ਦੇ ਮੁਖੀਆਂ ਨੇ ਅਜਿਹੇ ਪ੍ਰਾਜੈਕਟ ਚਲਾਏ ਹਨ ਜਾਂ ਅਜਿਹੇ ਵਿਅਕਤੀਆਂ ਤੋਂ ਬਹੁਤੀਆਂ ਪੁਸਤਕਾਂ ਲਿਖਵਾਈਆਂ ਹਨ ਜਿਨ੍ਹਾਂ ਵਿਚ ਜਾਂ ਤਾਂ ਕੋਈ ਬੌਧਿਕ ਪਰਿਪੇਖ ਹੀ ਨਹੀਂ ਅਤੇ ਜਾਂ ਅਜਿਹਾ ਹੈ ਜੋ ਮੁੱਖੀਆਂ ਦੇ ਰਾਜਨੀਤੀਗ ਬ੍ਰਹਮ-ਪਿਤਾਵਾਂ ਨੂੰ ਭਾਉਣ। ਮਿਸਾਲ ਦੇ ਤੌਰ 'ਤੇ ਸਿੱਖ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਾਰੇ ਛਪੀ ਬਹੁਤੀ ਖੋਜ ਏਸੇ ਪ੍ਰਕਾਰ ਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਤਿਭਾ ਅਤੇ ਇਸ

ਦਾ ਸੱਭਿਆਚਾਰਕ ਗੌਰਵ ਹਾਲਾਂ ਤਕ ਅਣਗੌਲੇ ਹਨ। ਜੋ ਕੁਝ ਕਿਹਾ ਗਿਆ ਹੈ ਕੇਵਲ ਪ੍ਰਧਾਨ ਸ਼ਾਸਕ ਜਮਾਤ ਨੂੰ, ਜੋ ਜਾਗੀਰਦਾਰੀ ਢਾਂਚੇ ਤੋਂ ਅੱਗੇ ਨਹੀਂ ਸੋਚਦੀ, ਸਿੱਧੇ ਜਾਂ ਟੇਢੇ ਢੰਗ ਨਾਲ ਪ੍ਰਸੰਨ ਕਰਨ ਲਈ ਲਿਖਿਆ ਗਿਆ ਹੈ। ਜਾਂ ਫਿਰ ਨਵੇਂ ਧਨਾਢਾਂ ਨੂੰ ਚੰਗਾ ਲੱਗਣ ਵਾਲਾ ਸਿੱਖਵਾਦ ਦਾ ਬ੍ਰਾਹਮਣਵਾਦੀ ਰੂਪ ਜੁਝਾਰੂ ਰੂਪ ਨਾਲੋਂ ਟੁੱਟਿਆ ਹੋਇਆ–ਸਾਹਮਣੇ ਲਿਆਂਦਾ ਗਿਆ ਹੈ। ਕਾਰਣ ਸਬੰਧਿਤ ਵਿਭਾਗਾਂ ਦੇ ਮੁਖੀਆਂ ਅਤੇ ਇਨ੍ਹਾਂ ਦੇ ਸਹਾਇਕਾਂ ਦਾ ਪ੍ਰਧਾਨ ਜਮਾਤ ਨੂੰ ਆਪਣੇ ਹਿੱਤਾਂ ਅਤੇ ਅਹੁਦਿਆਂ ਵਿਚ ਤਰੱਕੀ ਲਈ ਵਰਤਣਾ ਹੈ।

ਪੰਜਾਬੀ ਅਧਿਆਪਨ ਨਾਲ ਸਬੰਧਤ ਵਿਭਾਗ ਜਿਸ ਪੱਧਰ ਦੇ ਬਣਨੇ ਚਾਹੀਦੇ ਸਨ, ਨਹੀਂ ਬਣ ਸਕੇ। ਇਨ੍ਹਾਂ ਵਿਚ ਨਿਯੁਕਤ ਬਹੁਤੇ ਅਧਿਆਪਕਾਂ ਕੋਲ ਕਿਸੇ ਅੰਤਰਰਾਸ਼ਟਰੀ ਅਨੁਸ਼ਾਸਨ ਬਾਰੇ ਸਿਸਟਮੀ ਗਿਆਨ ਨਹੀਂ। ਹਾਲਾਂ ਕਿ ਇਨ੍ਹਾਂ ਦੀ ਪੱਧਰ ਯੂਨੀਵਰਸਿਟੀ ਦੇ ਬਾਕੀ ਵਿਭਾਗਾਂ ਲਈ ਚਾਨਣ ਮੁਨਾਰਾ ਹੋਣੀ ਚਾਹੀਦੀ ਸੀ, ਜਿਸ ਨਾਲ ਜੇ ਅੰਤਰਰਾਸ਼ਟਰੀ ਨਹੀਂ ਤਾਂ ਘੱਟੋ–ਘੱਟ ਰਾਸ਼ਟਰੀ ਪੱਧਰ ਦੀ ਪ੍ਰਤਿਭਾ ਇਨ੍ਹਾਂ ਵਿਭਾਗਾਂ ਵਿਚ ਮੌਲਦੀ। ਨਵੇਂ ਉੱਚ ਪੱਧਰ ਦੇ ਵਿਦਵਾਨ ਪੈਦਾ ਹੁੰਦੇ।

ਇਸ ਸਬੰਧ ਵਿਚ ਪੰਜਾਬੀ ਯੂਨੀਵਰਸਿਟੀ ਦੇ ਵਿਕਾਸ ਨਾਲ ਸਬੰਧਤ ਵਿਭਾਗਾਂ ਸਬੰਧੀ ਨਿਯੁਕਤ ਡਾ. ਐਮ.ਐਸ. ਰੰਧਾਵਾ ਅਤੇ ਡਾ. ਜਸਵੰਤ ਸਿੰਘ ਨੇਕੀ ਕਮੇਟੀ ਦੀ ਰਿਪੋਰਟ ਵਰਨਣਯੋਗ ਹੈ। ਉਨ੍ਹਾਂ ਨੇ ਇਨ੍ਹਾਂ ਵਿਭਾਗਾਂ ਦੀ ਅਯੋਗਤਾ ਅਤੇ ਨਾ–ਤਸੱਲੀਬਖਸ਼ ਪ੍ਰਾਪਤੀ ਪ੍ਰਤੀ ਅਸੰਤੁਸ਼ਟਤਾ ਹੀ ਪ੍ਰਗਟ ਨਹੀਂ ਕੀਤੀ ਸਗੋਂ ਇਨ੍ਹਾਂ ਦੀ ਕਾਰਗੁਜ਼ਾਰੀ ਨੂੰ ਸਮੁੱਚੇ ਪੰਜਾਬੀਆਂ ਨਾਲ "ਠੱਗੀ" ਆਖਿਆ ਹੈ। ਪਿੱਛੇ ਜਿਹੇ ਨਿਯੁਕਤ ਪ੍ਰੋਫੈਸਰ ਪ੍ਰੀਤਮ ਸਿੰਘ ਕਮੇਟੀ ਨੇ ਇਨ੍ਹਾਂ ਵਿਭਾਗਾਂ ਦੇ ਕੰਮ ਪ੍ਰਤੀ ਪਹਿਲੀ ਕਮੇਟੀ ਨਾਲੋਂ ਵੀ ਵੱਡਾ ਅਸੰਤੋਸ਼ ਪ੍ਰਗਟ ਕੀਤਾ ਹੈ। ਨਾਲ ਹੀ ਸੁਧਾਰ ਲਿਆਉਣ ਲਈ ਪ੍ਰਸ਼ੰਸਾਯੋਗ ਸੁਝਾਅ ਦਿੱਤੇ ਹਨ। ਵੱਡਾ ਸੁਝਾਅ ਜੋ ਅਮਲ ਵਿਚ ਲਿਆਉਣ ਯੋਗ ਹੈ ਇਕ ਉੱਚ ਕੇਂਦਰ ਦੀ ਸਥਾਪਤੀ ਹੈ ਜਿਸ ਵਿਚ ਪੰਜਾਬੀ ਨਾਲ ਸਬੰਧਤ ਮੌਜੂਦਾ ਵਿਭਾਗ ਅਤੇ ਕੁਝ ਹੋਰ ਪ੍ਰਸਤਾਵਿਤ ਨਵੇਂ ਵਿਭਾਗ: ਲੋਕ ਕਲਾ, ਸੱਭਿਆਚਾਰ, ਕੋਸ਼ਕਾਰੀ ਅਤੇ ਹਵਾਲਾ ਸਾਹਿਤ ਆਦਿ ਹੋਣਗੇ।

ਜੇ ਪੰਜਾਬੀ ਦੇ ਵਿਕਾਸ ਨਾਲ ਸਬੰਧਿਤ ਸੰਸਥਾਵਾਂ ਨੇ ਆਉਣ ਵਾਲੇ ਸਾਲਾਂ ਵਿਚ ਉੱਪਰ ਦੱਸੀ ਤ੍ਰਿੰਨ–ਪੱਖੀ ਚੇਤਨਤਾ ਨਾਲ ਉਪਜੀਆਂ ਵਿਆਖਿਆਵਾਂ ਨਾਲ ਪੰਜਾਬੀ ਅਤੇ ਪੰਜਾਬ ਦੀ ਸਰਬ–ਪੱਖੀ ਪ੍ਰਗਤੀ ਲਈ ਯੋਗ ਯਤਨ ਨਾ ਕੀਤੇ ਤਾਂ ਕੇਵਲ ਪੰਜਾਬ ਪਿੱਛੇ ਹੀ ਨਹੀਂ ਰਹੇਗਾ ਸਗੋਂ ਇਸ ਲਈ ਜ਼ਿੰਮੇਵਾਰ ਸੰਸਥਾਵਾਂ ਅਤੇ ਉਨ੍ਹਾਂ

ਦੇ ਮੁਖੀ ਪੰਜਾਬ ਅਤੇ ਪੰਜਾਬੀ ਸੱਭਿਆਚਾਰ ਲਈ ਲਾਮਬੱਧ ਜੁਝਾਰੂ ਜਥੇਬੰਦੀਆਂ ਦੇ ਗੁੱਸੇ ਦਾ ਸ਼ਿਕਾਰ ਵੀ ਬਣਨਗੇ।

# ਅਕਾਲੀ, ਵਿੱਦਿਆ, ਭਾਸ਼ਾ ਤੇ ਸੱਭਿਆਚਾਰ

ਪੰਜਾਬ ਵਿੱਚ ਹੋਈ ਇਕ ਪਿਛਲੀ ਚੋਣ ਵਿੱਚ ਅਕਾਲੀ ਪਾਰਟੀ ਨੂੰ ਰਾਜ ਦੇ ਮੁਸ਼ਕਲ ਦੌਰ ਵਿਚੋਂ ਲੰਘਣ ਪਿੱਛੋਂ ਸੱਤਾ ਮਿਲੀ ਸੀ। ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਉਮੀਦ ਅਨੁਸਾਰ ਛੇਤੀ ਪੰਜਾਬੀਆਂ ਨੂੰ ਧਰਵਾਸ ਬੰਨ੍ਹਾਇਆ ਕਿ ਪੰਜਾਬ ਨੂੰ ਮੁੜ ਸੁਸਥ ਆਰਥਿਕ ਲੀਹਾਂ ਉੱਤੇ ਪਾਇਆ ਜਾਵੇਗਾ ਅਤੇ ਹਰ ਵਰਗ ਦੀ ਸੁਰੱਖਿਆ ਕੀਤੀ ਜਾਵੇਗੀ। ਪੱਛੜੇ ਅਤੇ "ਗਲਤ ਰਾਹ" ਪਏ ਨੌਜਵਾਨ ਵਰਗ ਨੂੰ ਮੁੜਕੇ ਰਾਸ਼ਟਰ ਦੀ ਮੁੱਖ ਧਾਰਾ ਵਿੱਚ ਲਿਆਂਦਾ ਜਾਏਗਾ। ਇਹ ਐਲਾਨ ਅਤੇ ਇੱਛਾਵਾਂ ਬਹੁਤ ਸ਼ੁਭ ਸਨ, ਪਰ ਅਕਾਲੀ ਸਰਕਾਰ ਨੂੰ ਇਹ ਚੰਗੀ ਤਰ੍ਹਾਂ ਸਮਝਣ ਦੀ ਲੋੜ ਸੀ ਕਿ ਪੰਜਾਬ ਦੀ ਪੁਨਰ-ਸਿਰਜਣਾ ਕੇਵਲ ਤੱਤਫੱਟ ਸਮੱਸਿਆਵਾਂ ਦੇ ਸਮਾਧਾਨ ਜਾਂ ਸਰਬੀਕਰਣਾ (ਜਨਰੈਲਿਟੀਜ਼) ਨਾਲ ਨਹੀਂ ਹੋ ਸਕਦੀ। ਕੀਤੇ ਜਾਣ ਵਾਲੇ ਯਤਨਾਂ ਨੂੰ ਇਕ ਭਵਿੱਖਾਰਥੀ ਅਤੇ ਵਿਸ਼ਾਲ ਸੰਗਠਨ ਦੇਣ ਦੀ ਲੋੜ ਪਵੇਗੀ। ਪਰ ਇਨ੍ਹਾਂ ਯਤਨਾਂ ਦੇ ਨਾਲ ਹੀ ਅਕਾਲੀ ਸਰਕਾਰ ਨੂੰ ਇਹ ਸਮਝਣ ਦੀ ਲੋੜ ਸੀ ਕਿ ਇਸ ਦਾ ਆਪਣਾ ਸ੍ਵੈ ਕੀ ਹੈ ਅਤੇ ਇਸ ਦੇ ਕੰਮਾਂ ਰਾਹੀਂ ਲੋਕ ਇਸ ਤੋਂ ਕੀ ਮੂਰਤੀਮਾਨ ਹੋਣ ਦੀ ਆਸ ਰੱਖਦੇ ਹਨ।

ਇਹ ਸਵੀਕਾਰ ਕਰਨ ਵਿਚ ਔਖ ਨਹੀਂ ਕਿ ਅਕਾਲੀ ਪਾਰਟੀ ਨੂੰ ਜਿਨ੍ਹਾਂ ਲੋਕਾਂ ਨੇ ਸੱਤਾ ਦਿੱਤੀ ਹੈ ਉਹ ਸੁਚੇਤ ਜਾਂ ਅਚੇਤ ਤੌਰ 'ਤੇ ਵਿਸ਼ਵਾਸ ਰੱਖਦੇ ਹਨ ਕਿ ਪੰਜਾਬ ਦੀ ਇਕ ਵੱਖਰੀ ਸੱਭਿਆਚਾਰਕ ਪਛਾਣ ਹੈ ਅਤੇ ਇਸ ਨੂੰ ਆਪਣੇ ਵੱਖਰੇ ਭੂਗੋਲ, ਇਤਿਹਾਸ ਅਤੇ ਸਮੁੱਚੇ ਭਾਰਤੀ ਲੋਕਤੰਤਰ ਵਿਚ ਇਹ ਪਛਾਣ ਰੱਖਣ ਦਾ ਅਧਿਕਾਰ ਹੈ। ਸੱਭਿਆਚਾਰਕ ਪਛਾਣ ਬਾਰੇ ਚੇਤੰਨਤਾ ਕੇਵਲ ਪੰਜਾਬ ਵਿਚ ਹੀ ਬਲਵਾਨ ਨਹੀਂ ਸਗੋਂ ਹੋਰ ਰਾਜਾਂ ਵਿਚ ਵੀ ਹੈ। ਇਸ ਦਾ ਕਾਰਨ ਬਰਤਾਨਵੀ ਸਾਮਰਾਜ ਦਾ ਆਪਣੇ ਹਿਤਾਂ ਅਤੇ ਲੁੱਟ ਲਈ ਇਕ ਇਕ ਨਿਸ਼ਚਿਤ ਉਤਪਾਦਨ ਪ੍ਰਬੰਧ ਨੂੰ ਬੜੀ ਦੇਰ ਤੱਕ ਕਾਇਮ ਰੱਖਣਾ ਹੈ। ਇਸ ਉਤਪਾਦਨ ਪ੍ਰਬੰਧ ਦੀ ਨਿਰੰਤਰਤਾ ਜਾਂ ਖੜੋਤ ਨੇ ਹਰ ਖਿੱਤੇ ਵਿਚ ਇਕ ਖਾਸ ਵਿਚਾਰ ਅਤੇ ਭਾਵ-ਪ੍ਰਬੰਧ ਨੂੰ ਜਨਮ ਦਿੱਤਾ ਜਿਸ ਨਾਲ ਹਰ ਇਲਾਕੇ ਦੀਆਂ ਖਾਸ ਪ੍ਰਕਾਸ਼-ਸੰਰਚਨਾਵਾਂ ਹੋਂਦ ਵਿਚ ਆਈਆਂ ਜਿਵੇਂ ਸਾਹਿਤ, ਕੱਪੜੇ, ਰੀਤੀ-ਰਿਵਾਜ਼ ਆਦਿ ਪ੍ਰਕਾਸ਼-ਸੰਰਚਨਾਵਾਂ ਨਾਲ ਹੀ ਇਲਾਕੇ ਦੇ ਲੋਕ ਮੋਹ ਰੱਖਦੇ ਹਨ। ਸਮਾਂ ਬੀਤਣ ਨਾਲ ਲੋਕਾਂ ਨੇ ਇਨ੍ਹਾਂ ਸੰਰਚਨਾਵਾਂ ਰਾਹੀਂ ਆਪਣੇ ਆਪ ਨੂੰ ਜ਼ਾਹਿਰ ਕਰਨਾ ਸਿੱਖ ਲਿਆ ਹੈ। ਵਕਤ ਅਨੁਸਾਰ ਉਹ ਇਨ੍ਹਾਂ ਨੂੰ ਬਦਲਦੇ ਅਤੇ ਨਵੇਂ ਪ੍ਰਸੰਗਾਂ ਦੇ ਯੋਗ ਵੀ ਬਣਾਉਂਦੇ ਰਹਿੰਦੇ ਹਨ।

ਪੰਜਾਬ ਅਤੇ ਸੱਭਿਆਚਾਰ ਪ੍ਰਤੀ ਸੁਚੇਤ ਤੌਰ 'ਤੇ ਰਾਜਾਂ ਦੀ ਕੇਂਦਰ ਨਾਲ ਟੱਕਰ ਦਾ ਕਾਰਨ ਇਨ੍ਹਾਂ ਸੱਭਿਆਚਾਰਕ ਸੂਤਵਾਂ ਜਾਂ ਪਛਾਣਾਂ ਨੂੰ ਕਾਇਮ ਰੱਖਣ ਲਈ ਤੀਬਰਤਾ ਅਤੇ ਰਾਜ ਵਰਗ ਦੇ ਕੁੱਲ ਹਿੰਦੁਸਤਾਨ ਨੂੰ ਇਕ ਸਿੱਧਾ ਮਾਰਕੀਟ-ਪ੍ਰਬੰਧ ਵਿਚ ਬਦਲਣ ਲਈ ਪ੍ਰਾਂਤਕ ਸੱਭਿਆਚਾਰ ਨੂੰ ਉਲੰਘ ਕੇ ਇਕ-ਮੁਖੀ ਸੱਭਿਆਚਾਰ ਕਾਇਮ ਕਰਨ ਦੀ ਭਾਵਨਾ ਹੈ। ਆਖਰ ਇਹ ਗੱਲ ਸਮਝਣੀ ਹੁਣ ਮੁਸ਼ਕਲ ਨਹੀਂ ਕਿ ਅਸੀਂ ਰਾਸ਼ਟਰੀ ਪੱਧਰ ਉਤੇ ਪੂੰਜੀਵਾਦੀ ਵਿਕਾਸ ਵਿਧੀ ਅਪਣਾ ਲਈ ਹੈ। ਇਸ ਵਿਕਾਸ ਨੂੰ ਸਥਿਰ ਕਰਨ ਲਈ ਰਾਜ-ਵਰਗ ਨੂੰ ਇਕ-ਮੁਖੀ ਸੱਭਿਆਚਾਰ ਹੀ ਵਧੇਰੇ ਯੋਗ ਰਹੇਗਾ।

ਰਾਸ਼ਟਰੀ ਪੱਧਰ ਉਤੇ ਸੱਤਾਧਾਰੀ ਦਸਤਕਾਰੀ ਵਰਗ ਅਤੇ ਇਸਦੇ ਵਿਚਾਰ-ਵਿਸ਼ੇਸ਼ੱਗ ਦਾ ਮੁੱਖ ਨਿਸ਼ਾਨਾ ਟੈਕਨੌਲੋਜੀ ਫੈਲਾਉਣਾ, ਦਿਨ ਰਾਤੀਂ ਆਪਣੀ ਲੀਡਰਸ਼ਿਪ ਕਾਇਮ ਰੱਖਣਾ ਅਤੇ ਨਫੇ ਵਿਚ ਵਾਧਾ ਕਰਨਾ ਹੈ। ਇਸ ਸਭ ਕੁਝ ਲਈ ਇੱਕ ਬਹੁ-ਮੁੱਖੀ ਸੱਭਿਆਚਾਰਕ ਪ੍ਰਬੰਧ ਕਾਫੀ ਬਾਧਾ ਬਣ ਸਕਦਾ ਹੈ। ਸਾਡਾ ਸੱਤਾਧਾਰੀ ਦਸਤਕਾਰੀ ਵਰਗ, ਕਿਵੇਂ ਦੇਸ਼ ਵਿਚ ਨਫੇ ਵਧਾਉਣ ਅਤੇ ਟੈਕਨੌਲੋਜੀ ਰਾਹੀਂ ਲੀਡਰਸ਼ਿਪ ਕਾਇਮ ਰੱਖਣ ਲਈ ਸੁਚੇਤ ਹੈ, ਇਸ ਗੱਲ ਤੋਂ ਵੀ ਜਾਣਿਆ ਜਾ ਸਕਦਾ ਹੈ ਕਿ ਇਸ ਵਰਗ ਦਾ ਅਮਰੀਕੀ ਪੂੰਜੀਵਾਦੀ ਪ੍ਰਤੀ ਰਵੱਈਆ ਦੋਗਲਾ ਹੈ-ਇਕ ਪਾਸੇ ਸਖ਼ਤ ਅਤੇ ਦੂਜੇ ਪਾਸੇ ਆਕਰਸ਼ਣ ਵਾਲਾ ਵੀ। ਸਖ਼ਤ ਇਸ ਕਾਰਨ ਕਿ ਸਾਡਾ ਦਸਤਕਾਰੀ ਵਰਗ ਅਮਰੀਕਨ ਪੂੰਜੀਪਤੀ ਅਤੇ ਉਸ ਦੀਆਂ ਕੰਪਨੀਆਂ ਨੂੰ ਸਾਡੀ ਮਾਰਕੀਟ ਵਿਚ ਨਹੀਂ ਆਉਣ ਦੇਣਾ ਚਾਹੁੰਦਾ ਅਤੇ ਆਕਰਸ਼ਿਤ ਇਸ ਲਈ ਕਿ ਇਸ ਨੂੰ ਨਫਾ ਵਧਾਣ ਅਤੇ ਸੱਤਾਧਾਰੀ ਰਹਿਣ ਦਾ ਉਹ ਤਰੀਕਾ ਪਸੰਦ ਹੈ। ਸੋਵੀਅਤ ਮਦਦ ਇਸ ਨੂੰ ਪਸੰਦ ਹੈ ਕਿਉਂਕਿ ਉਧਰੋਂ ਸਥਿਰ ਤੌਰ 'ਤੇ ਮਾਰਕੀਟ ਵਿਚ ਆਉਣ ਦਾ ਕੋਈ ਖ਼ਤਰਾ ਨਹੀਂ।

ਇਸ ਪ੍ਰਸੰਗ ਵਿਚੋਂ ਸਮਝਣ ਵਾਲੀ ਗੱਲ ਇਹ ਹੈ ਕਿ ਸਾਡੇ ਸੱਤਾਧਾਰੀ ਵਰਗ ਦਾ ਮੁੱਖ ਨਿਸ਼ਾਨਾ ਸਿੱਧੀ ਅਤੇ ਬੇਰੋਕ ਮਾਰਕੀਟ ਕਾਇਮ ਕਰਨਾ ਹੈ। ਇਸ ਨੂੰ ਸੱਭਿਆਚਾਰਕ ਪਛਾਣਾਂ ਵਾਲੇ ਸੰਗਠਨ ਦੀ ਲੋੜ ਨਹੀਂ ਅਤੇ ਨਾ ਹੀ ਇਸ ਨੇ ਕੋਈ ਆਪਣੀ ਸੂਝ-ਬੂਝ ਇਨ੍ਹਾਂ ਸੱਭਿਆਚਾਰਕ ਪਛਾਣਾਂ ਨੂੰ ਸਮਝਣ ਅਤੇ ਵਿਕਸਿਤ ਕਰਨ ਲਈ ਬਣਾਈ ਹੈ। ਸਗੋਂ ਜਿਥੇ ਵੀ ਇਹ ਪਛਾਣਾਂ ਸਮੱਸਿਆ ਬਣ ਕੇ ਖੜ੍ਹੀਆਂ ਹੋਈਆਂ ਹਨ ਉਥੇ ਸਾਡੇ ਸੱਤਾਧਾਰੀ ਵਰਗ ਨੇ ਉਸ ਮੁਆਮਲੇ ਨੂੰ ਕੇਵਲ "ਪ੍ਰਬੰਧਕੀ ਮਸਲੇ" ਵਜੋਂ ਹੀ ਨਜਿੱਠਣ ਦਾ ਯਤਨ ਕੀਤਾ ਹੈ ਜਿਸ ਦਾ ਨਤੀਜਾ ਸਗੋਂ ਇਹ ਹੋਇਆ ਹੈ ਕਿ ਮੁਆਮਲੇ ਪੇਚੀਦਾ ਹੋ ਗਏ ਹਨ। ਸਗੋਂ ਪ੍ਰਤੀਕਰਮ ਵਜੋਂ ਸਬੰਧਤ ਸੱਭਿਆਚਾਰ ਸਮਾਜਾਂ ਨੇ ਹੋਰ ਕਠੋਰ ਰਵੱਈਏ ਅਖਤਿਆਰ ਕਰ ਲਏ ਹਨ।

ਇਸ ਸਥਿਤੀ ਵਿਚ ਅਕਾਲੀ ਦਲ ਦੇ ਵੋਟਰ ਨੇ ਬਹੁਤ ਸ਼ਿੱਦਤ ਵਾਲੀ ਸੱਭਿਆਚਾਰਕ ਸਵੈ-ਚੇਤਨਤਾ ਨਾਲ ਵੋਟ ਪਾਈ ਸੀ ਜਿਸ ਦਾ ਅਧਾਰ ਇਤਿਹਾਸ ਅਤੇ ਆਰਥਿਕਤਾ ਦੋਵੇਂ ਸਨ। ਇਹ ਵੋਟਰ ਉਪਰੋਂ ਭਾਵੇਂ ਕਿਵੇਂ ਵੀ ਲੱਗੇ, ਪਰ ਅੰਦਰੋਂ ਜਾਂ ਤਹਿ ਤੋਂ ਇਸ ਨੇ ਸੱਤਾਧਾਰੀ ਵਰਗ ਦੇ ਵਿਰੁੱਧ ਵਿਸ਼ੇਸ਼ ਕਰਕੇ ਇਸ ਦੀਆਂ ਸੱਭਿਆਚਾਰਕ ਪਛਾਣਾਂ ਪ੍ਰਤੀ ਅਗਿਆਨੀ ਅਤੇ ਆਰਥਿਕ ਤੌਰ 'ਤੇ ਗ਼ੈਰ-ਜ਼ਿੰਮੇਵਾਰ ਨੀਤੀਆਂ ਵਿਰੁੱਧ ਰੋਸ ਪ੍ਰਗਟ ਕੀਤਾ ਸੀ। ਇਹ ਰੋਸ ਕੇਵਲ ਕਾਂਗਰਸ (ਆਈ) ਨੂੰ "ਹਰਾਉਣ" ਜਾਂ ਇਸ ਦੀ ਅਸ੍ਵੀਕ੍ਰਿਤੀ ਨਾਲੋਂ ਵੱਧ ਇਸ ਦੀ ਰਾਸ਼ਟਰੀ ਪੱਧਰ ਉਤੇ ਚੁਣੇ ਸੱਭਿਆਚਾਰਕ ਅਤੇ ਆਰਥਿਕ ਮਾਡਲ ਦੀ ਅਸ੍ਵੀਕ੍ਰਿਤੀ ਸੀ।

ਅਕਾਲੀਆਂ ਨੂੰ ਸੱਤਾ ਵਿਚ ਰਹਿਣ ਲਈ ਅਤੇ ਪੰਜਾਬ ਦਾ ਸੂਸਥ ਵਿਕਾਸ ਕਰਨ ਲਈ ਆਪਣੇ-ਆਪ ਨੂੰ ਪ੍ਰਾਂਤਕ ਸੱਭਿਆਚਾਰ ਦੇ ਪੇਸ਼ਕਾਰ ਅਤੇ ਵਿਕਾਸਕਾਰ ਦੇ ਤੌਰ 'ਤੇ ਸਮਝਣ ਦੀ ਵੱਡੀ ਲੋੜ ਹੈ। ਜੇ ਅਸੀਂ ਸੱਭਿਆਚਾਰਕ ਚੇਤਨਤਾ ਅਤੇ ਪਛਾਣਾਂ ਨੂੰ ਕ੍ਰਿਆਸ਼ੀਲ ਮਾਧਿਅਮ ਸਮਝਦੇ ਹਾਂ ਜਿਨ੍ਹਾਂ ਰਾਹੀਂ ਬੜੇ ਸੌਂਦਰਯਮਈ ਅਤੇ ਉਪਯੋਗੀ ਢੰਗ ਨਾਲ ਜਗਤ ਨੂੰ ਦੇਖਿਆ ਜਾਂ ਜੀਵਿਆ ਜਾ ਸਕਦਾ ਹੈ ਤਾਂ ਇਸ ਦਾ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਹਿੱਤਾਂ ਨਾਲ ਕੋਈ ਵਿਰੋਧ ਨਹੀਂ। ਇੱਕ ਸੱਭਿਆਚਾਰਕ ਪਛਾਣ ਰਾਹੀਂ ਵਿਕਸਿਤ ਮਨੁੱਖ ਵਧੇਰੇ ਪ੍ਰਮਾਣਿਕ ਰੂਪ ਵਿਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹੋ ਸਕਦਾ ਹੈ।

ਹੁਣ ਦੀ ਇਤਿਹਾਸਕ ਸਥਿਤੀ ਨੇ ਅਕਾਲੀਆਂ ਲਈ ਇਹ ਜ਼ਰੂਰੀ ਬਣਾ ਦਿੱਤਾ ਹੈ ਕਿ ਉਹ ਪੰਜਾਬੀ ਸੱਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਅਤੇ ਇਸ ਦੇ ਸੰਗਠਨ ਨੂੰ ਹੋਰ ਪੱਕਿਆਂ ਕਰਨ ਅਤੇ ਇਸਦੇ ਸੁਰੱਖਿਅਕ ਅਤੇ ਵਿਸਥਾਰਕਾਰ ਬਣਨ। ਇਸ ਸਰਕਾਰ ਲਈ ਕੇਂਦਰ ਪ੍ਰਤੀ ਦੋ-ਪੱਖਾ ਰਾਹ ਅਪਨਾਉਣਾ ਚਾਹੀਦਾ ਹੈ। ਗੱਲਬਾਤ ਅਤੇ ਸਿਰਜਨਾਤਮਕ ਟਕਰਾਉ ਦਾ। ਗੱਲਬਾਤ ਇਸ ਲਈ ਕਿ ਅਕਾਲੀ ਖੁਦ ਸੱਭਿਆਚਾਰਕ ਨੁਮਾਇੰਦਿਆਂ ਵਜੋਂ ਵੱਡੇ ਬਹੁ-ਮੁੱਖੀ ਸੱਭਿਆਚਾਰ ਦਾ ਭਾਗ ਹਨ ਅਤੇ ਉਨ੍ਹਾਂ ਨੇ ਰਾਜ ਨੂੰ ਉਸ ਪ੍ਰਕਾਰ ਨਾਲ ਵਿਕਸਿਤ ਕਰਨਾ ਹੈ ਅਤੇ ਸਿਰਜਨਾਤਮਕ ਟਕਰਾਓ ਦਾ ਇਸ ਲਈ ਕਿ ਉਨ੍ਹਾਂ ਨੇ ਕੇਂਦਰ ਦੇ ਸੱਤਾਧਾਰੀ ਵਰਗ ਦੇ ਇਕ ਮੁਖਵਾਦ ਨੂੰ ਲਗਾਤਾਰ ਅਸ੍ਵੀਕਾਰ ਕਰਨਾ ਹੈ ਅਤੇ "ਰਾਸ਼ਟਰਵਾਦ" ਦੇ ਪਿੱਛੇ ਲੁਕੀ ਸੱਭਿਆਚਾਰਕ ਪਛਾਣਾਂ ਦੀ ਕੀਮਤ ਉੱਤੇ ਸਿੱਧੀ ਮਾਰਕੀਟ ਕਾਇਮ ਕਰਨ ਦੀ ਨੀਤੀ ਨੂੰ ਛੁਟਿਆਉਣਾ ਹੈ।

ਸਿੱਧੇ ਅਤੇ ਬਿਨਾਂ ਸਮੱਸਿਆ ਵਾਲੇ ਇਕ-ਮੁਖੀ ਮਾਰਕੀਟ ਪ੍ਰਬੰਧ ਬਣਾਉਣੇ ਵਿਕਸਿਤ ਪੱਛਮੀ ਪੂੰਜੀਵਾਦੀ ਪ੍ਰਬੰਧ ਦੀ ਨਕਲ ਹੈ। ਸਾਡੇ ਸੱਤਾਧਾਰੀ ਵਰਗ ਦਾ ਇਸ ਪਾਸੇ ਆਕਰਸ਼ਿਤ ਹੋਣਾ ਸਮਝ ਆ ਸਕਦਾ ਹੈ ਪਰ ਮਾੜੀ ਗੱਲ ਇਹ ਹੈ ਕਿ ਸਾਡੀਆਂ ਕਮਿਊਨਿਸਟ ਪਾਰਟੀਆਂ ਨੇ ਵੀ ਅਜੇ ਬਹੁਮੁਖੀ

ਸੱਭਿਆਚਾਰਾਂ ਅਤੇ ਉਨ੍ਹਾਂ ਦੀਆਂ ਪਛਾਣਾਂ ਨੂੰ ਕਾਇਮ ਰੱਖਣ ਵਾਲੇ ਰਾਸ਼ਟਰ ਬਾਰੇ ਅਜੇ ਆਪਣਾ ਕੋਈ ਸਿਧਾਂਤ ਨਹੀਂ ਦਿੱਤਾ। ਉਹ ਸੱਭਿਆਚਾਰਾਂ ਨੂੰ ਜਾਗੀਰਦਾਰੀ ਪ੍ਰਬੰਧ ਦਾ ਵਿਚਾਰਕ ਰਹਿੰਦ-ਖੂੰਹਦ ਸਮਝ ਕੇ ਸੱਤਾਧਾਰੀ ਵਰਗ ਦੇ ਇਕ-ਮੁੱਖਵਾਦ ਦਾ ਹੀ ਪੱਖ ਪੂਰ ਰਹੇ ਹਨ। ਇਸ ਮੁਆਮਲੇ ਵਿਚ ਕਮਿਊਨਿਸਟ ਪਾਰਟੀਆਂ ਨੇ ਸੋਵੀਅਤ ਪ੍ਰਬੰਧ ਤੋਂ ਵੀ ਬਹੁਤਾ ਕੁਝ ਨਹੀਂ ਸਿੱਖਿਆ। ਸੋਵੀਅਤ ਯੂਨੀਅਨ ਨੇ ਪ੍ਰਾਂਤਕ ਸੱਭਿਆਚਾਰਾਂ ਨੂੰ ਜਿਸ ਮਾਣ, ਇੱਜ਼ਤ ਅਤੇ ਕ੍ਰਿਆਵੰਤ ਢੰਗ ਨਾਲ ਸਾਂਭਿਆ ਸੀ ਉਸ ਨਾਲ ਉਨ੍ਹਾਂ ਦੀ ਜ਼ਿੰਦਗੀ ਵਿਚ ਦਿਲਚਸਪੀ ਤੇ ਰੰਗੀਨੀ ਕਾਇਮ ਰਹੀ ਹੈ। ਇਸ ਨਾਲ ਸੋਸ਼ਲਿਜ਼ਮ ਨੂੰ ਇਕ-ਮੁਖੀ ਹੋਣ ਤੋਂ ਬਚਾਈ ਰੱਖਿਆ ਹੈ। ਵੱਧ ਇਹ ਕਿ ਇਨ੍ਹਾਂ ਸੱਭਿਆਚਾਰਾਂ ਦਾ ਰਾਸ਼ਟਰੀ ਜਾਂ ਅੰਤਰਰਾਸ਼ਟਰੀ ਚੇਤਨਤਾ ਨਾਲ ਕੋਈ ਵਿਰੋਧ ਨਹੀਂ ਬਣਿਆ। ਸਾਡੀਆਂ ਕਮਿਊਨਿਸਟ ਪਾਰਟੀਆਂ ਦਾ ਮਾਡਲ ਵਿਕਸਿਤ ਪੂੰਜੀਵਾਦ ਦੇ ਇਕ-ਮੁਖਵਾਦ ਵਾਲਾ ਹੈ। ਉਨ੍ਹਾਂ ਦਾ ਆਰਥਿਕ ਸਮਾਜਵਾਦ ਪੂੰਜੀਵਾਦੀ ਸ਼ੈਲੀ ਵਾਲੇ ਸੱਭਿਆਚਾਰਵਾਦ ਨਾਲ ਇਕਮਿਕ ਹੋ ਗਿਆ ਹੈ। ਭਾਵੇਂ ਕਾਂਗਰਸ (ਆਈ) ਅਤੇ ਭਾਰਤ ਦੀਆਂ ਖੱਬੀਆਂ ਪਾਰਟੀਆਂ ਇਕ ਦੂਜੇ ਦੀਆਂ ਵਿਰੋਧੀ ਹਨ, ਪਰ ਉਨ੍ਹਾਂ ਦਾ ਇੱਕ-ਮੁਖਵਾਦ ਪ੍ਰਤੀ ਸਾਂਝ ਰੱਖਣਾ ਬੜੀ ਵਚਿੱਤਰ ਗੱਲ ਹੈ।

ਅਕਾਲੀ ਇਤਿਹਾਸਕ ਤੌਰ 'ਤੇ ਇਕ ਬਹੁਮੁਖੀ ਸੱਭਿਆਚਾਰ ਨੂੰ ਉਸਾਰਨ ਦੇ ਵਧੇਰੇ ਸਮਰੱਥ ਹਨ। ਘੱਟੋ-ਘੱਟ ਉਨ੍ਹਾਂ ਕੋਲ ਇਕ ਸਹਾਇਕ ਮਨ ਜ਼ਰੂਰ ਹੈ ਪਰ ਇਸ ਲਈ ਅਨਿਵਾਰਯ ਹੈ ਕਿ ਉਹ ਗੁਫਤਗੂ ਅਤੇ ਸਿਰਜਨਾਤਮਕ ਟਕਰਾਓ ਦੀ ਨੀਤੀ ਨੂੰ ਚੇਤੰਨ ਤੌਰ 'ਤੇ ਅਪਨਾਉਣ ਨਹੀਂ ਤਾਂ ਸੱਤਾਧਾਰੀ ਵਰਗ ਦੀ ਇਕ-ਮੁਖੀ ਸੱਭਿਆਚਾਰ ਉਸਾਰਨ ਦੀ ਬਹੁਪੱਖੀ ਨੀਤੀ ਅਕਾਲੀਆਂ ਅਤੇ ਉਨ੍ਹਾਂ ਦੀ ਸੱਭਿਆਚਾਰਕ ਪਛਾਣ ਨੂੰ ਹਜ਼ਮ ਕਰ ਲਵੇਗੀ। ਜੋ ਤਾਣਾ-ਪੇਟਾ ਹੁਣ ਬੁਣਿਆ ਜਾ ਰਿਹਾ ਹੈ ਉਹ ਇਕ ਅਜਿਹਾ ਨੈੱਟਵਰਕ ਹੈ ਜਿਸ ਵਿਚ ਨੱਥੀ ਹੋ ਜਾਣਾ, ਬਿਨਾਂ ਚੇਤਨਤਾ ਤੋਂ, ਬਿਲਕੁਲ ਸਹਿਜ ਦੀ ਗੱਲ ਹੈ। ਪਰ ਜੋ ਇਤਿਹਾਸਿਕ ਸੁਵਿਧਾ ਪ੍ਰਾਂਤਕ ਸੱਭਿਆਚਾਰ ਦੀ ਪਛਾਣ ਨਾਲ ਬਹੁਮੁਖੀ ਸੱਭਿਅਤਾ ਉਸਾਰਨ ਲਈ ਅਕਾਲੀਆਂ ਨੂੰ ਹਾਸਲ ਹੈ ਉਸਨੂੰ ਕੇਵਲ ਨਾਅਰਿਆਂ ਜਾਂ ਤੱਤਫੱਟ ਜਿਹੇ ਆਰਥਿਕ ਪ੍ਰੋਗਰਾਮਾਂ ਨਾਲ ਨਹੀਂ ਮੂਰਤੀਮਾਨ ਕੀਤਾ ਜਾ ਸਕਦਾ। ਉਸ ਲਈ ਕੁਝ ਸੰਸਥਕ ਸੰਗਠਨਾਂ ਵਿਚ ਤਬਦੀਲੀ ਲਿਆਉਣ ਦੀ ਲੋੜ ਹੈ।

ਸਭ ਤੋਂ ਪਹਿਲਾਂ ਵਿੱਦਿਅਕ ਪ੍ਰਬੰਧ ਨੂੰ ਨਵਾਂ ਸੰਗਠਨ ਦੇਣ ਦੀ ਲੋੜ ਹੈ। ਪ੍ਰਾਇਮਰੀ ਅਤੇ ਮਿਡਲ ਪੱਧਰ ਉਤੇ ਵਿਗਿਆਨਾਂ ਤੋਂ ਬਿਨਾਂ ਬਾਕੀ ਮਨੁੱਖਵਾਦੀ ਸ਼ਾਸਤਰਾਂ ਵਿਚ ਅਜਿਹੀਆਂ ਪਾਠ ਪੁਸਤਕਾਂ ਲਾਉਣੀਆਂ ਚਾਹੀਦੀਆਂ ਹਨ, ਜੋ ਪੰਜਾਬੀ ਸੱਭਿਆਚਾਰ ਦਾ ਵਿਸ਼ਾਲ, ਖੁੱਲ੍ਹਾ ਅਤੇ ਬਾਕੀ ਸੱਭਿਆਚਾਰਾਂ ਵੱਲ ਸਹਿਯੋਗੀ ਅਤੇ ਸਹਿਕਾਰੀ ਸਵਰੂਪ ਪੇਸ਼ ਕਰੇ। ਇਹ ਪਾਠ ਪੁਸਤਕਾਂ ਇਸ ਤਰ੍ਹਾਂ ਲਿਖੀਆਂ ਜਾ

ਸਕਦੀਆਂ ਹਨ ਕਿ ਪੰਜਾਬ ਦੇ ਲੋਕ ਸਾਹਿਤ, ਚਿੰਨਾਂ, ਰੀਤੀ-ਰਿਵਾਜ਼ ਰਾਹੀਂ ਪੰਜਾਬੀ ਸੱਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਉਸਾਰਨ। ਪੰਜਾਬੀਆਂ ਦੇ ਜ਼ਿੰਦਗੀ ਅਤੇ ਮਨੁੱਖ ਪ੍ਰਤੀ ਨਾਇਕੀ ਅਤੇ ਮਾਨਵਵਾਦੀ ਵਿਸ਼ਵਾਸ ਨੂੰ ਪੱਕਿਆਂ ਕਰਨ। ਜੇ ਪ੍ਰਾਂਤਕ ਸੱਭਿਆਚਾਰ ਵਿਚ ਸਥਿਤ ਅਤੇ ਸਵਸਥ ਮਨੁੱਖ ਪੈਦਾ ਕਰਨਾ ਹੈ ਤਾਂ ਇਸੇ ਪੱਧਰ ਉਤੇ ਹੀ ਹੋਵੇਗਾ।

ਇਸ ਪ੍ਰਯੋਜਨ ਲਈ-ਪੰਜਾਬੀ, ਗੁਰੂ ਨਾਨਕ ਦੇਵ ਅਤੇ ਪੰਜਾਬ-ਤਿੰਨੇ ਯੂਨੀਵਰਸਿਟੀਆਂ ਨੂੰ ਨਵੇਂ ਸਿਰਿਓਂ ਸੰਗਠਿਤ ਕਰਨਾ ਚਾਹੀਦਾ ਹੈ। ਇਨ੍ਹਾਂ ਦੇ ਐਕਟਾਂ ਵਿਚ ਤੁਰੰਤ ਸੋਧ ਕਰਨ ਦੀ ਲੋੜ ਹੈ। ਇਨ੍ਹਾਂ ਲਈ ਇਹ ਜ਼ਰੂਰੀ ਬਣਾ ਦੇਣਾ ਚਾਹੀਦਾ ਹੈ ਕਿ ਇਹ ਆਪਣੇ ਸਮਾਜ ਸ਼ਾਸਤਰੀ ਅਤੇ ਮਨੁੱਖ ਸ਼ਾਸਤਰੀ ਕੋਰਸਾਂ ਵਿਚ ਪੰਜਾਬੀ ਸੱਭਿਆਚਾਰ ਦੇ ਵਿਲੱਖਣ ਅਤੇ ਖੁੱਲ੍ਹੇ ਰੂਪ ਬਾਰੇ ਚੇਤਨਤਾ ਪੈਦਾ ਕਰਨ। ਵਿਗਿਆਨ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਸੱਭਿਆਚਾਰਕ ਚੇਤਨਤਾ ਨਾਲ ਸਬੰਧਿਤ ਇਕ ਹੋਰ ਕੋਰਸ ਪਾਸ ਕਰਨਾ ਜ਼ਰੂਰੀ ਹੋਣਾ ਚਾਹੀਦਾ ਹੈ। ਸਭ ਅਧਿਆਪਕਾਂ ਲਈ ਵੀ ਇਸ ਚੇਤਨਤਾ ਵਾਲਾ ਯੋਗਦਾਨ ਕਿਸੇ ਨਾ ਕਿਸੇ ਰੂਪ ਵਿਚ ਲਾਜ਼ਮੀ ਹੋਣਾ ਚਾਹੀਦਾ ਹੈ। ਪੰਜਾਬੀ ਯੂਨੀਵਰਸਿਟੀ ਵਿਚ ਇਸ ਪਾਸੇ ਕੀਤੇ ਯਤਨ ਨੂੰ ਅਕਾਲੀ ਸਰਕਾਰ ਦੇ ਨਿਯੁਕਤ ਕੀਤੇ ਇਕ ਵਾਈਸ ਚਾਂਸਲਰ ਨੇ ਹੀ ਅਸਫਲ ਬਣਾ ਦਿੱਤਾ ਸੀ।

ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਕਾਂਗਰਸ (ਆਈ) ਵਲੋਂ ਨਿਯੁਕਤ ਵਾਈਸ ਚਾਂਸਲਰਾਂ ਨੇ ਯੂਨੀਵਰਸਿਟੀਆਂ ਨੂੰ ਪੰਜਾਬੀ ਸੱਭਿਆਚਾਰ ਪ੍ਰਤੀ ਚੇਤਨਤਾ ਨਾਲ ਵਿਕਸਿਤ ਨਹੀਂ ਹੋਣ ਦਿੱਤਾ। ਸਗੋਂ ਕਿਹਾ ਜਾਂਦਾ ਹੈ ਕਿ ਕੁਝ ਕੇਂਦਰੀ ਕਾਂਗਰਸ ਮੰਤਰੀਆਂ 'ਤੇ ਆਪਣੇ ਪ੍ਰਾਂਤਕ ਕਾਂਗਰਸੀ ਲੀਡਰਾਂ ਤੋਂ ਫਾਇਦੇ ਉਠਾਉਣ ਲਈ ਉਨ੍ਹਾਂ ਦੇ ਆਖੇ ਬੇਸ਼ੁਮਾਰ ਅਜਿਹੇ ਫੈਸਲੇ ਕੀਤੇ ਹਨ ਜੋ ਪੰਜਾਬੀ ਸੱਭਿਆਚਾਰ ਵਿਰੋਧੀ ਹਨ। ਪੰਜਾਬੀ ਯੂਨੀਵਰਸਿਟੀ ਵਿਚ ਮਿਸਾਲ ਦੇ ਤੌਰ 'ਤੇ ਬਹੁਤ ਵੱਡੀਆਂ ਸੰਸਥਾਵਾਂ ਉਤੇ ਅਜਿਹੇ ਵਿਅਕਤੀ ਬਿਠਾ ਦਿੱਤੇ ਗਏ ਹਨ ਜੋ ਪੰਜਾਬੀ ਸੱਭਿਆਚਾਰ ਪ੍ਰਤੀ ਅਗਿਆਨੀ ਹੀ ਨਹੀਂ ਸਗੋਂ ਵਿਰੋਧੀ ਹਨ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਨਿਯੁਕਤੀਆਂ ਕਾਂਗਰਸੀ ਮੰਤਰੀਆਂ ਦੇ ਕਹਿਣ 'ਤੇ ਹੋਈਆਂ ਹਨ। ਪੰਜਾਬੀ ਯੂਨੀਵਰਸਿਟੀ ਜੋ ਮੁੱਖ ਤੌਰ 'ਤੇ ਪੰਜਾਬੀ ਸੱਭਿਆਚਾਰ ਦੀ ਵਿਆਖਿਆ, ਵਿਕਾਸ ਅਤੇ ਸੱਭਿਆਚਾਰ ਪ੍ਰਤੀ ਚੇਤਨ ਮਨੁੱਖ ਸਜਾਉਣ ਲਈ ਬਣਾਈ ਗਈ ਸੀ ਆਪਣਾ ਕਾਰਜ ਨਿਭਾਉਣ ਦੇ ਬਿਲਕੁਲ ਅਸਮਰਥ ਹੈ। ਇਸ ਨੂੰ ਜਿਸ ਤਰ੍ਹਾਂ ਕਾਂਗਰਸ ਸਰਕਾਰ ਦੇ ਨਿਯੁਕਤ ਵਾਈਸ ਚਾਂਸਲਰਾਂ ਨੇ ਵਿਗਾੜਿਆ ਹੈ ਉਸ ਦੀ ਪੜਤਾਲ ਲਈ ਇਕ ਕਮਿਸ਼ਨ ਮੁਕੱਰਰ ਹੋਣਾ ਚਾਹੀਦਾ ਹੈ। ਪੰਜਾਬੀ ਸੱਭਿਆਚਾਰ ਕੇਵਲ ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਭੰਗੜਾ, ਗਿੱਧਾ ਜਾਂ ਫੁਲਕਾਰੀ ਨਹੀਂ। ਇਸ ਪਿਛੇ ਕੰਮ ਕਰ ਰਹੀ ਇਕ ਚੇਤਨਤਾ ਹੈ ਜੋ ਥਿਰ ਵੀ ਹੈ ਅਤੇ ਸਥਿਰ ਵੀ, ਜੋ

ਆਪਣੇ ਇਤਿਹਾਸ, ਭੂਗੋਲ ਅਤੇ ਭਾਸ਼ਾ ਨਾਲ ਸਬੰਧਿਤ ਇਕ ਖਾਸ ਵਿਧਾਨ ਨਾਲ ਜੁੜੀ ਹੋਈ ਹੈ। ਇਸ ਸੱਭਿਆਚਾਰ ਦੀ ਖਾਸੀਅਤ ਸੱਤਾ ਵਿਰੋਧ, ਲੁੱਟ-ਵਿਰੋਧ ਅਤੇ ਮਨੁੱਖੀ ਭਾਵਾਂ ਦਾ ਇਕ ਪ੍ਰਜਵਲਿਤ ਅਤੀ ਵਿਸਤ੍ਰਿਤ ਪ੍ਰਕਾਸ਼ ਕਰਨ ਵਿਚ ਹੈ। ਇਨ੍ਹਾਂ ਖਾਸੀਅਤਾਂ ਦਾ ਸਮਕਾਲੀ ਖੋਜ ਦੇ ਪ੍ਰਸੰਗ ਵਿਚ ਵਿਸ਼ਲੇਸ਼ਣ ਕਰਨਾ ਅਤੇ ਇਸ ਨੂੰ ਅਜੋਕੇ ਪੰਜਾਬ ਵਿਚ ਚੇਤਨਤਾ ਵਜੋਂ ਦੇਣਾ, ਪੰਜਾਬੀ ਯੂਨੀਵਰਸਿਟੀ ਦਾ ਕੰਮ ਸੀ ਜੋ ਅਜੇ ਤੱਕ ਇਸ ਨੇ ਆਰੰਭ ਨਹੀਂ ਕੀਤਾ ਅਤੇ ਨਾ ਹੀ ਇਥੇ ਇਹੋ ਜਿਹੇ ਵਿਦਵਾਨਾਂ ਨੂੰ ਜੋੜਨ ਦਾ ਕੋਈ ਸਾਹਸ ਕੀਤਾ ਹੈ ਹੁਣ ਤੱਕ ਕੀਤੇ ਇੱਕਾ-ਦੁੱਕਾ ਜਤਨ ਤੋਂ ਬਿਨਾਂ ਬਾਕੀ ਨਿਰਦਿਸ਼ਾ ਅਤੇ ਨਿਗੂਣੇ ਹਨ।

ਵਿੱਦਿਅਕ ਪ੍ਰਬੰਧ ਵਿਚ ਤਬਦੀਲੀਆਂ ਲਿਆਉਣ ਅਤੇ ਇਸ ਨੂੰ ਸੱਭਿਆਚਾਰ-ਚੇਤਨ ਬਨਾਉਣ ਦੇ ਨਾਲ ਅਕਾਲੀ ਸਰਕਾਰਾਂ ਨੂੰ ਚਾਹੀਦਾ ਹੈ ਕਿ ਪੰਜਾਬ ਦੇ ਆਰਥਿਕ ਢਾਂਚੇ ਵਿਚ ਤਬਦੀਲੀਆਂ ਲਿਆਉਣ। ਖੇਤੀਬਾੜੀ ਵਾਲਾ ਉਤਪਾਦਨ ਪ੍ਰਬੰਧ ਆਪਣਾ ਸਿਖਰ ਛੂਹਣ ਦੇ ਨੇੜੇ ਹੈ। ਧਨੀ ਕਿਸਾਨ ਤੋਂ ਬਿਨਾਂ ਛੋਟੇ ਜਾਂ ਮੱਧਲੇ ਕਿਸਾਨ ਲਈ ਖੇਤੀ ਵਿਚ ਜਿਊਣ ਸਾਧਨ ਪੈਦਾ ਕਰਨੇ ਔਖੇ ਹਨ। ਉਹ ਆਪਣੇ ਮੁੰਡੇ-ਕੁੜੀਆਂ ਨੂੰ ਚੰਗੇ ਕਾਲਜਾਂ, ਸਕੂਲਾਂ ਵਿਚ ਨਹੀਂ ਭੇਜ ਸਕਦਾ। ਇਹ ਅਸੰਤੋਖ ਦੀ ਵੱਡੀ ਜੜ੍ਹ ਹੈ। ਖੇਤੀਬਾੜੀ ਨਾਲ ਸਬੰਧਤ ਸਨਅਤ ਪਿੰਡਾਂ ਵਿਚ ਲੱਗਣੀ ਚਾਹੀਦੀ ਹੈ। ਧਨ-ਸੰਕਟ ਵਿਚ ਗ੍ਰਸਿਤ ਪਰਿਵਾਰਾਂ ਦੇ ਬੱਚਿਆਂ ਨੂੰ ਉੱਚ ਵਿੱਦਿਆ ਲਈ ਗਰਾਂਟਾਂ ਜਾਂ ਕਰਜ਼ੇ ਮਿਲਣੇ ਚਾਹੀਦੇ ਹਨ। ਪੰਜਾਬ ਦੇ ਉੱਚ ਸਿੱਖਿਅਤ ਨੌਜਵਾਨ ਵਰਗ ਲਈ ਹਾਈ-ਟੈਕ ਸਨਅਤ ਲਾਉਣ ਦੀ ਲੋੜ ਹੈ ਤਾਂ ਕਿ ਇਹ ਵਰਗ ਪੰਜਾਬ ਤੋਂ ਬਾਹਰ ਨਾ ਰਹੇ ਜਾਂ ਇਥੇ ਰਹਿ ਕੇ ਅਸੰਤੁਸ਼ਟ ਨਾ ਹੋਵੇ।

ਪਰ ਵੱਧ ਧਿਆਨ ਦੀ ਗੱਲ ਇਹ ਹੈ ਕਿ ਸਨਅਤ ਦਾ ਵਿਕਾਸ, ਪੰਜਾਬ ਵਿਚ ਨਿਰੋਲ ਪੂੰਜੀਵਾਦੀ ਮਾਡਲ ਨਾਲ ਨਹੀਂ ਹੋਣਾ ਚਾਹੀਦਾ। ਪੰਜਾਬ ਦੇ ਇਤਿਹਾਸ ਅਤੇ ਖਾਸ ਤੌਰ 'ਤੇ ਸਿੱਖ ਪ੍ਰੰਪਰਾ ਨੂੰ ਸਾਹਮਣੇ ਰੱਖਿਆ ਜਾਵੇ ਤਾਂ ਇਹ ਸਮਝਣਾ ਔਖਾ ਨਹੀਂ ਕਿ ਜੋ ਨੌਜਵਾਨ ਵਰਗ ਇਸ ਪ੍ਰਥਾ ਵਿਚ ਪਲਿਆ ਹੈ ਉਸਨੂੰ ਅਜਿਹੀਆਂ ਪੂੰਜੀਵਾਦੀ ਸੰਸਥਾਵਾਂ ਵਿਚ ਢਾਲਣਾ ਔਖਾ ਹੈ ਜੋ ਪੂੰਜੀ ਇਕੋ ਵਰਗ ਨੂੰ ਦੇਣ ਅਤੇ ਬਾਕੀ ਕਿਰਤੀਆਂ ਨੂੰ ਕੇਵਲ "ਚਾਕਰ" ਵਾਲੇ ਦਰਜੇ ਉਤੇ ਰੱਖਣ। ਪੰਜਾਬ ਦੇ ਸਿੱਖ ਪਿਛੋਕੜ ਵਾਲੇ ਨੌਜਵਾਨ ਲਈ ਇਹ ਸਵੀਕਾਰ ਕਰਨਾ ਔਖਾ ਹੈ। ਇਸ ਨੌਜਵਾਨ ਨੂੰ ਮੁੱਖ ਧਾਰਾ ਵਿਚ ਤਾਂ ਹੀ ਲਿਆਂਦਾ ਜਾ ਸਕਦਾ ਹੈ ਜੇ ਪੰਜਾਬ ਵਿਚ ਸਨਅਤ ਦਾ ਸੰਗਠਨ ਕੁਝ ਸਮਾਜਵਾਦੀ ਢੰਗ ਨਾਲ ਕੀਤਾ ਜਾਵੇ। ਇਸ ਦਾ ਭਾਵ ਹੈ ਕਿ ਇਸ ਸੈਕਟਰ ਵਿਚ ਕੋਆਪ੍ਰੇਟਿਵ ਜਾਂ ਰਾਜ ਸੰਸਥਾਵਾਂ ਖੜ੍ਹੀਆਂ ਕੀਤੀਆਂ ਜਾਣ ਜਿਨ੍ਹਾਂ ਵਿਚ ਮਾਲਕ ਅਤੇ ਚਾਕਰ ਵਾਲਾ ਰਿਸ਼ਤਾ ਨਾ ਹੋਵੇ। ਕਾਮਿਆਂ ਨੂੰ ਸਨਅਤ ਚਲਾਉਣ, ਇਸ ਦੇ ਹਿਤਾਂ ਲਈ ਮੁੱਖ ਫੈਸਲੇ ਲੈਣ ਵਿਚ ਸ਼ਰੀਕ ਕੀਤਾ

ਜਾਵੇ। ਜਦੋਂ ਕੇਂਦਰੀ ਸਰਕਾਰ ਪੂਰੀ ਤਰ੍ਹਾਂ ਪੱਛਮੀ ਸ਼ੈਲੀ ਵਾਲੇ ਪੂੰਜੀਵਾਦੀ ਵਿਕਾਸ ਨੂੰ ਉਤਸ਼ਾਹਿਤ ਕਰ ਰਹੀ ਹੋਵੇ ਪੰਜਾਬ ਲਈ ਅਜਿਹੀਆਂ ਸੰਗਠਨਾਵੀ ਤਬਦੀਲੀਆਂ ਲਿਆਉਣੀਆਂ ਵੱਡੀ ਸਮੱਸਿਆ ਬਣੇਗੀ। ਪਰ ਇਨ੍ਹਾਂ ਤੋਂ ਬਿਨਾਂ ਪੰਜਾਬ ਵਿਚ ਕੋਈ ਥਿਰ ਸ਼ਾਂਤੀ ਦੀ ਸੰਭਾਵਨਾ ਨਹੀਂ। ਜਿਸ "ਵੰਡ ਕੇ ਛਕਣ" ਅਤੇ "ਕਿਰਤ ਕਰਨ" ਦੀ ਪ੍ਰਥਾ ਸਿੱਖ-ਪ੍ਰੰਪਰਾ ਨੇ ਆਰੰਭ ਕੀਤੀ ਸੀ ਉਸ ਨੂੰ ਨਵੀਂ ਬਰਾਬਰੀ ਦੀ ਆਰਥਿਕਤਾ ਅਤੇ ਸੰਸਥਾਵਾਂ ਵਿਚ ਢਾਲਣ ਨਾਲ ਹੀ ਪੰਜਾਬ ਲਈ ਨਵਾਂ ਭਵਿੱਖ ਸਜ ਸਕਦਾ ਹੈ। ਜੇ ਅਕਾਲੀ ਸਰਕਾਰਾਂ ਪੰਜਾਬ ਦੀਆਂ ਵੱਖ-ਵੱਖ ਸੰਸਥਾਵਾਂ ਨੂੰ ਨੀਮ-ਜਗੀਰਦਾਰੀ ਜਾਂ ਵਿਕਸਿਤ ਪੂੰਜੀਵਾਦੀ ਢਾਂਚੇ ਦੇ ਨੇੜੇ ਜਾਂ ਉਨ੍ਹਾਂ ਦੀ ਰਲ-ਗਡ ਵਜੋਂ ਰੱਖਣਗੀਆਂ ਤਾਂ ਨਾ ਉਹ ਕੋਈ ਸਿੱਖ-ਪ੍ਰੰਪਰਾ ਦਾ ਸਤਿਕਾਰ ਕਰ ਰਹੀਆਂ ਹੋਣਗੀਆਂ ਅਤੇ ਨਾ ਹੀ ਇਸ ਪ੍ਰੰਪਰਾ ਵਿਚ ਪਲੀ ਨਵੀਂ ਪੀੜ੍ਹੀ ਨੂੰ ਸੰਤੁਸ਼ਟ ਰੱਖਣ ਦਾ ਕੋਈ ਤਰੀਕਾ ਅਮਲ ਵਿਚ ਲਿਆ ਰਹੀਆਂ ਹੋਣਗੀਆਂ। ਇਹ ਯਤਨ ਕਰਨ ਲਈ ਇਕ ਅਜਿਹਾ ਕਮਿਸ਼ਨ ਮੁਕੱਰਰ ਕਰਨ ਦੀ ਲੋੜ ਹੈ ਜਿਸ ਵਿਚ ਸੱਭਿਆਚਾਰ, ਆਰਥਿਕਤਾ ਅਤੇ ਧਰਮ ਦੇ ਅਜਿਹੇ ਵਿਸ਼ੇਸ਼ੱਗ ਹੋਣ ਜਿਨ੍ਹਾਂ ਨੂੰ ਪੂਰਬੀ ਅਤੇ ਪੱਛਮੀ ਢਾਚਿਆਂ ਦਾ ਸਿੱਧਾ ਗਿਆਨ ਹੋਵੇ।

# ਸਿੱਖ ਨੌਜਵਾਨਾਂ ਦਾ ਮਨ

ਜਦੋਂ ਅਕਾਲੀ ਸਰਕਾਰ ਨੇ ਸ. ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਸੱਤਾ ਸੰਭਾਲੀ ਤਾਂ ਇਹ ਆਸ ਬੱਝ ਗਈ ਸੀ ਕਿ ਪੰਜਾਬ ਵਿਚ ਛੇਤੀ ਹੀ ਸ਼ਾਂਤੀ ਸਥਾਪਤ ਹੋ ਜਾਵੇਗੀ। ਪਰ ਇਹ ਆਸ ਨਿਰਮੂਲ ਨਿਕਲੀ। ਹੁਣ ਇਹ ਸਮਝਣ ਵਿਚ ਕੋਈ ਔਖ ਨਹੀਂ ਹੋਣੀ ਚਾਹੀਦੀ ਕਿ ਪੰਜਾਬ ਵਿਚ ਸ਼ਾਂਤੀ ਨਹੀਂ ਲਿਆਂਦੀ ਜਾ ਸਕਦੀ, ਜੇ ਪੰਜਾਬ ਦੀ ਰਾਜਨੀਤੀ ਵਿਚ ਜੁਝਾਰੂ ਸਿੱਖ ਨੌਜਵਾਨਾਂ ਨੂੰ ਇਕ ਫੈਸਲਾਕੁੰਨ ਜਾਂ ਘੱਟੋ-ਘੱਟ ਸਹਾਇਕ ਅੰਸ਼ ਨਹੀਂ ਮੰਨਿਆ ਜਾਂਦਾ। ਉਨ੍ਹਾਂ ਦੀ ਨਿਰੰਤਰ ਅਸ਼ਾਂਤੀ ਤੇ ਵਿਰੋਧ ਨਾਲ ਇਹ ਸਪੱਸ਼ਟ ਹੈ ਕਿ ਸਾਡੇ ਸ਼ਾਸਕਾਂ ਕੋਲ ਕੋਈ ਅਜਿਹੀ ਪਹੁੰਚ ਜਾਂ ਵਿਧੀ ਨਹੀਂ ਵਿਕਸਿਤ ਹੋ ਸਕੀ ਜਿਸ ਨਾਲ ਨੌਜਵਾਨਾਂ ਨੂੰ ਮੁੱਖ ਧਾਰਾ ਵਿਚ ਲਿਆਂਦਾ ਜਾ ਸਕੇ ਅਤੇ ਹਿੰਸਾਤਮਕ ਪ੍ਰਗਟਾਉ ਨੂੰ ਸਮਾਪਤ ਕਰਨ ਲਈ ਪ੍ਰੇਰਿਆ ਜਾ ਸਕੇ।

ਸਿੱਖ ਨੌਜਵਾਨਾਂ ਦਾ ਇਕ ਵਿਸ਼ੇਸ਼ ਮਨ ਹੈ ਜੋ ਦੇਸ਼ ਦੀ ਬਾਕੀ ਯੁਵਾ ਪੀੜ੍ਹੀ ਨਾਲੋਂ ਵੱਖਰਾ ਹੈ। ਕਾਰਣ ਪੰਜਾਬ ਦਾ ਇਤਿਹਾਸ ਹੈ। ਚੌਥੀ ਅਤੇ ਪੰਜਵੀਂ ਪੂਰਵ ਈਸਵੀ ਵਿਚ ਫਾਰਸੀਆਂ ਅਤੇ ਯੂਨਾਨੀਆਂ ਦੇ ਪੰਜਾਬ ਵਿਚ ਆਉਣ ਤੋਂ ਪਿਛੋਂ ਇਥੋਂ ਦਾ ਜੀਵਨ ਅਤਿਅੰਤ ਨਿਰੰਤਰਸ਼ੀਲ ਅਤੇ ਗਤੀਮੁਖੀ ਬਣ ਗਿਆ। ਨਵੀਂ ਸਥਿਤੀ ਨਾਲ ਬਦਲਦਾ ਅਤੇ ਜਿਉਂਦੇ ਰਹਿਣ ਲਈ ਬਲਵਾਨ ਕਰਮ ਦੇ ਯੋਗ ਧਿਆਨ ਧਾਰਨਾ ਪੰਜਾਬੀ ਮਨ ਦਾ ਇਕ ਖਾਸ ਲੱਛਣ ਬਣ ਗਏ। ਇਹ ਲੱਛਣ ਅੱਠਵੀਂ ਸਦੀ ਵਿਚ ਤੁਰਕਾਂ ਦੇ ਪੰਜਾਬ ਆਉਣ ਤੇ ਇਸ ਨੂੰ ਲੁੱਟਣ ਤੋਂ ਪਿਛੋਂ ਹੋਰ ਵੀ ਸ਼ਕਤੀਵਰ ਬਣ ਗਿਆ।

ਬਾਬਰ ਦੀ ਆਮਦ ਪਿਛੋਂ ਪੰਜਾਬੀਆਂ ਦਾ ਵਿਸ਼ਾਦ ਹੋਰ ਵਧਿਆ। ਮੁਗ਼ਲਾਂ ਨੇ ਆਪਣਾ ਪ੍ਰਬੰਧ ਇਸ ਤਰ੍ਹਾਂ ਉਸਾਰਿਆ ਕਿ ਉਹ ਉਸ ਵੇਲੇ ਦੀ ਕੇਵਲ ਜਿਉਣ ਜੋਗੀ ਉਤਪਾਦਨ ਵਾਲੀ ਆਰਥਿਕਤਾ ਵਿਚ ਵੀ ਕਿਸਾਨੀ ਕੋਲੋਂ ਦੋ ਤਿਹਾਈ ਹਿੱਸਾ ਲੈਣ ਲੱਗੇ। ਇਸ ਤੋਂ ਬਿਨਾਂ ਸਥਾਨਕ ਪ੍ਰਬੰਧਕ ਅਤੇ ਮਾਮਲਾ ਅਧਿਕਾਰੀ ਆਪਣੇ ਟੈਕਸ ਅਲੱਗ ਲਾ ਲੈਂਦੇ ਸਨ। ਕਿਸਾਨ, ਨਿਰਜ਼ਮੀਨ ਕਾਮੇ ਅਤੇ ਛੋਟੇ ਦੁਕਾਨਦਾਰ ਕਾਫੀ ਔਖ ਵਾਲਾ ਜੀਵਨ ਜਿਉਣ ਲਈ ਮਜਬੂਰ ਹੋਏ।

ਜਦੋਂ ਸਿੱਖ ਗੁਰੂ ਉੱਭਰੇ, ਕਿਸਾਨ, ਨਿਰਜ਼ਮੀਨ ਕਾਮਾ ਅਤੇ ਛੋਟਾ ਦੁਕਾਨਦਾਰ ਕਾਫੀ ਸੰਕਟ ਵਾਲਾ ਜੀਵਨ ਜਿਉ ਰਹੇ ਸਨ। ਬਾਬਰ ਨੇ ਆਪਣੇ 'ਬਾਬਰਨਾਮਾ' ਵਿਚ ਕਿਸਾਨ ਅਤੇ ਨਿਰਜ਼ਮੀਨ ਕਾਮੇ ਦੀ ਦਰਦਨਾਕ ਹਾਲਤ ਦਾ ਜ਼ਿਕਰ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬੀਆਂ ਦੀ ਇਹ ਲੁੱਟ, ਦੁਰਦਸ਼ਾ

ਅਤੇ ਇਸ ਨਾਲ ਸਬੰਧਤ ਸੰਤਾਪ ਨੂੰ ਪੂਰੀ ਤਰ੍ਹਾਂ ਸਮਝਿਆ ਅਤੇ ਨਾਲ ਹੀ ਪੰਜਾਬੀ ਧਰਮਾਂ ਅਤੇ ਸੰਸਕ੍ਰਿਤੀ ਦੇ ਸੰਭਵ ਵਿਨਾਸ਼ ਨੂੰ ਵੀ। ਉਨ੍ਹਾਂ ਨੇ ਜੋ ਸ੍ਰਿਸ਼ਟੀ-ਪ੍ਰਬੰਧ ਆਪਣੀ ਬਾਣੀ ਵਿਚ ਉਸਾਰਿਆ ਅਤੇ ਜਿਸ ਬਰਾਬਰੀ ਲਈ ਵਚਨਬੱਧ ਨਿਰਵਰਗ ਸੰਸਥਾ ਦੀ ਸਿਰਜਨਾ ਕੀਤੀ, ਉਸ ਰਾਹੀਂ ਸਫਲਤਾ ਨਾਲ ਵਿਸ਼ਾਦ-ਗ੍ਰਸਤ ਅਤੇ ਲੁੱਟੇ ਗਏ ਪੰਜਾਬੀ ਕਿਸਾਨ ਵਰਗ ਨੂੰ ਨਾਇਕ ਵਿਚ ਬਦਲ ਦਿੱਤਾ।

ਸਿੱਖ ਨੌਜਵਾਨਾਂ ਨੂੰ ਜਾਣਨ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਇਨ੍ਹਾਂ ਨੌਜਵਾਨਾਂ ਨੇ ਇਤਿਹਾਸ ਵਿਚ ਅਮਲ ਕਰਨ ਵਾਲਾ ਇਕ ਤੀਖਣ ਅਤੇ ਪ੍ਰਤੀਕਾਤਮਿਕ ਮਨ ਵਿਰਸੇ ਵਿਚ ਲਿਆ ਹੈ। ਜਿਸ ਤਰ੍ਹਾਂ ਇਕ ਨੌਜਵਾਨ ਆਪਣੇ ਪਰਿਵਾਰ ਵਿਚ ਪਲਦਾ ਹੈ ਅਤੇ ਜਿਸ ਤਰ੍ਹਾਂ ਦੇ ਸਿੱਖ ਵਿਚਾਰ-ਪ੍ਰਬੰਧ ਵਿਚ ਵਿਗਸਦਾ ਹੈ ਉਸ ਵਿਚ ਕੇਵਲ ਸਿੱਖ ਗ੍ਰੰਥ ਹੀ ਸ਼ਾਮਲ ਨਹੀਂ ਸਗੋਂ ਗੁਰੂਆਂ ਦੇ ਆਪਣੇ ਜੀਵਨ ਅਤੇ ਕਰਮ, ਸਿੱਖ ਕ੍ਰਾਂਤੀਕਾਰੀਆਂ ਦੀਆਂ ਮਿਸਾਲਾਂ ਵੀ ਸੰਮਿਲਤ ਹਨ। ਇਸ ਨਾਲ ਜੋ ਮਨ ਉਸਰਦਾ ਹੈ ਉਸ ਦਾ ਝੁਕਾਅ ਅਮਲ ਵੱਲ ਹੁੰਦਾ ਹੈ। ਇਕ ਸਾਂਝੀ ਅਤੇ ਨਿਆਂ-ਪੂਰਵਕ ਬਰਾਬਰੀ ਵਾਲੇ ਸਮਾਜ ਦੀ ਸਹਿਜੇ ਹੀ ਮੋਹਰ ਲੱਗ ਜਾਂਦੀ ਹੈ। ਗੁਰੂ ਗੋਬਿੰਦ ਸਿੰਘ ਪਹਿਲੇ ਭਾਰਤੀ ਪ੍ਰਮੁੱਖ ਕਵੀ-ਪੈਗ਼ੰਬਰ ਸਨ ਜਿਨ੍ਹਾਂ ਨੇ ਸੋਚ ਅਤੇ ਸਮੂਹਿਕ ਇਤਿਹਾਸਕ ਕਰਮ ਨੂੰ ਜੋੜਿਆ। ਇਸ ਤੋਂ ਪਹਿਲਾਂ ਮਹਾਤਮਾ ਬੁੱਧ ਨੇ ਮਨੁੱਖੀ ਜੀਵਨ ਨੂੰ ਕਈ ਕੋਣਾਂ ਤੋਂ ਦੇਖਿਆ ਸੀ ਪਰ ਉਨ੍ਹਾਂ ਦਾ 'ਸੰਘ' ਦਾ ਸੰਕਲਪ ਇਕ ਅਜਿਹੇ ਸਮੂਹਿਕ ਕਰਮ ਦਾ ਰੂਪ ਨਾ ਧਾਰ ਸਕਿਆ ਜੋ ਪੁਰਾਣੇ ਹੋ ਚੁੱਕੇ ਸਮਾਜਿਕ ਅਤੇ ਰਾਜਨੀਤਕ ਸੰਗਠਨਾਂ ਨੂੰ ਉਲਟਾ ਸਕਣ।

ਭਾਵੇਂ ਸਭ ਸਿੱਖ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿਚ ਬ੍ਰਹਿਮੰਡੀ ਨਾਇਕ (ਗੁਰਮੁਖ) ਅਤੇ ਉਸ ਦੇ ਦੋਖੀ (ਮਨਮੁਖ) ਬਾਰੇ ਵਿਵਾਦ ਕਾਇਮ ਰੱਖਿਆ, ਪਰ ਇਸ ਦਾ ਰੂਪ ਬ੍ਰਹਿਮੰਡੀ ਨਾਇਕ ਦੀ ਚੇਤਨਤਾ ਅਤੇ ਸੰਕਲਪ ਨਾਲ ਪੂਰੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਦੀ ਬਾਣੀ ਵਿਚ ਹੀ ਪ੍ਰਜਵਲਿਤ ਹੋਇਆ। ਕਵੀ ਦੇ ਤੌਰ ਉਤੇ ਗੁਰੂ ਸਾਹਿਬ ਦੀ ਪ੍ਰਾਪਤੀ ਇਹ ਹੈ ਕਿ ਉਨ੍ਹਾਂ ਨੇ ਆਪਣਾ ਵਿਚਾਰ ਪ੍ਰਗਟਾਉਣ ਲਈ ਯੋਗ ਭਾਸ਼ਾ ਅਤੇ ਪ੍ਰਤੀਕ ਪ੍ਰਬੰਧ ਦੀ ਸਿਰਜਣਾ ਵੀ ਕੀਤੀ। ਉਨ੍ਹਾਂ ਦੇ ਨਾਦ ਅਤੇ ਰਿਦਮ ਵੀ ਅਜਿਹੇ ਢੰਗ ਨਾਲ ਵਰਤੇ ਕਿ ਸ਼ਬਦ ਵਿਚ ਪਾਠਕ ਜਾਂ ਸਰੋਤੇ ਨੂੰ ਤੱਤ ਫੱਟ ਬਦਲਣ ਦੀ ਸਮਰੱਥਾ ਪੈਦਾ ਹੋਈ।

ਦਿਲੋਂ ਹਰ ਸਿੱਖ ਨੌਜਵਾਨ ਗੁਰੂ ਗੋਬਿੰਦ ਸਿੰਘ ਦੀ ਦ੍ਰਿਸ਼ਟੀ ਅਨੁਸਾਰ ਨਾਇਕ ਬਣਨਾ ਚਾਹੁੰਦਾ ਹੈ। ਉਸ ਲਈ ਗੁਰੂ ਸਾਹਿਬ ਆਪਣੇ ਜੀਵਨ ਅਤੇ ਕਰਮ ਰਾਹੀਂ ਖੁਦ ਇਕ ਪ੍ਰੇਰਣਾਤਮਕ ਮਿਸਾਲ ਬਣੇ ਰਹਿੰਦੇ ਹਨ। ਗੁਰੂ ਸਾਹਿਬ ਦਾ ਕਹਾਣੀ ਬਣ ਚੁੱਕਿਆ ਨੀਲਾ ਘੋੜਾ, ਤੀਰ ਅਤੇ ਹੱਥ ਉਤੇ ਬੈਠਾ ਸ਼ਕਤੀਵਰ ਬਾਜ਼,

ਇਕ ਸਿੱਖ ਨੌਜਵਾਨ ਨੂੰ ਜਨੂੰਨ ਦੀ ਹੱਦ ਤਕ ਪ੍ਰੇਰਿਤ ਕਰਦੇ ਹਨ। ਇਹ ਸਿੱਖ ਜੀਵਨ ਦਾ ਇਕ ਇਤਿਹਾਸਕ ਅਤੇ ਅਸਤਿਤਵੀ ਤੱਤ ਹੈ ਕਿ ਇਸ ਵਿਚ ਗੁਰੂ ਗੋਬਿੰਦ ਸਿੰਘ ਇਕ ਸੰਤ-ਸਿਪਾਹੀ ਵਜੋਂ ਇਕ ਅਜਿਹਾ ਆਦਰਸ਼-ਰੂਪ ਬਣ ਚੁੱਕੇ ਹਨ ਜੋ ਆਪਣੇ ਸਮੇਂ ਦੇ ਬੌਧਿਕ ਅਤੇ ਸਮਾਜਿਕ -ਰਾਜਨੀਤਕ ਸੰਗਠਨਾਂ ਨੂੰ ਤੋੜ ਰਿਹਾ ਹੈ ਅਤੇ ਆਪਣੇ ਨਵੇਂ ਨਿਆਂ ਵਾਲੇ ਦੈਵੀ ਸੰਕਲਪ ਉਸਾਰ ਰਿਹਾ ਹੈ। ਇਸ ਤਰ੍ਹਾਂ ਗੁਰੂ ਸਾਹਿਬ, ਇਕ ਸਿੱਖ ਨੌਜਵਾਨ ਲਈ ਆਦਰਸ਼-ਮਨੋ-ਬਿੰਬ ਹਨ। ਹੁਣ ਸਾਨੂੰ ਇਹ ਪਤਾ ਹੈ ਕਿ ਆਦਰਸ਼ ਮਨੋ-ਬਿੰਬ ਵਿਚ ਕਿੰਨੀ ਸ਼ਕਤੀ ਹੁੰਦੀ ਹੈ, ਇਹ ਸਾਡੀਆਂ ਚੋਣਾਂ ਨੂੰ ਹੀ ਨਹੀਂ ਪ੍ਰੇਰਦਾ ਸਗੋਂ ਸਾਡੀ ਭਾਸ਼ਾ ਅਤੇ ਸਾਡੇ ਕਰਮ ਨੂੰ ਨਿਸ਼ਚਿਤ ਕਰਨ ਵਿਚ ਹਿੱਸਾ ਪਾਉਂਦਾ ਹੈ।

ਗੁਰੂ ਗੋਬਿੰਦ ਸਿੰਘ ਆਦਰਸ਼-ਮਨੋ-ਬਿੰਬ ਜਾਂ ਉਨ੍ਹਾਂ ਦਾ ਚਿਤਵਿਆ ਅਤੇ ਸਾਕਾਰ ਕੀਤਾ ਬ੍ਰਹਿਮੰਡੀ ਨਾਇਕ, ਸਿੱਖ ਨੌਜਵਾਨ ਦੇ ਮਨ ਵਿਚ ਘਰ ਕਰ ਗਿਆ ਹੈ। ਸਾਡੇ ਨਵੇਂ ਸਮਾਜਿਕ ਵਿਗਿਆਨ ਨੇ ਸਾਨੂੰ ਇਹ ਸਿਖਾਇਆ ਹੈ ਕਿ ਆਦਰਸ਼-ਮਨੋ-ਬਿੰਬ ਅਤੇ ਉਸ ਦੀ ਸ਼ਕਤੀ ਸਾਡੇ ਵਰਗ ਰਿਸ਼ਤੇ ਅਨੁਸਾਰ ਪ੍ਰਭਾਵ ਪਾਉਂਦੇ ਹਨ। ਪਰ ਜਿਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਆਦਰਸ਼-ਮਨੋ-ਬਿੰਬ ਨੇ ਸਿੱਖ ਨੌਜਵਾਨਾਂ ਨੂੰ ਪ੍ਰੇਰਿਆ ਹੈ ਉਹ ਵਰਗ ਹੱਦ-ਬੰਦੀਆਂ ਨੂੰ ਲੰਘ ਗਿਆ ਹੈ। ਇਸ ਦਾ ਕਾਰਣ ਇਹ ਹੈ ਕਿ ਇਹ ਉਨ੍ਹਾਂ ਆਦਰਸ਼-ਮਨੋ-ਬਿੰਬਾਂ ਵਿਚੋਂ ਹੈ ਜੋ ਜ਼ਿੰਦਗੀ ਦੇ ਬੁਨਿਆਦੀ ਸੰਗਠਨ ਨਾਲ ਸਬੰਧਤ ਹਨ।

ਇਕ ਆਦਰਸ਼-ਮਨੋ-ਬਿੰਬ ਨੂੰ ਇਤਿਹਾਸ ਵਿਚ ਨਿਰਸ਼ਕਤ ਅਤੇ ਨਿਮਨ ਵੀ ਕੀਤਾ ਜਾ ਸਕਦਾ ਹੈ। ਉਸ ਲਈ ਜੀਵਨ ਸਥਿਤੀ ਨੂੰ ਆਦਰਸ਼-ਮਨੋ-ਬਿੰਬ ਦੇ ਖੇਤਰ ਵਿਚ ਪ੍ਰੇਰਣਾ-ਦਾਇਰੇ ਤੋਂ ਅੱਗੇ ਲੰਘਣਾ ਪੈਂਦਾ ਹੈ। ਤਦ ਹੀ ਆਦਰਸ਼-ਮਨੋ-ਬਿੰਬ ਨਿਰਪ੍ਰਭਾਵ ਬਣਦਾ ਹੈ। ਮਿਸਾਲ ਦੇ ਤੌਰ 'ਤੇ ਜੋਨ ਆਫ ਆਰਕ ਅਤੇ ਰੌਬਿਨਹੁੱਡ ਨਾਲ ਸਬੰਧਤ ਆਦਰਸ਼-ਮਨੋ-ਬਿੰਬਾਂ ਨੂੰ ਜੋ ਕਿ ਮੱਧ ਕਲੀਨ ਸਾਮੰਤੀ ਯੁੱਗ ਦੀ ਕਾਣੀ ਵੰਡ ਨਾਲ ਸਬੰਧਤ ਹਨ, ਸਮਕਾਲੀ ਯੂਰਪੀ ਸਮਾਜਾਂ ਨੇ ਪੂਰੀ ਤਰ੍ਹਾਂ ਨਿਰਕ੍ਰਿਆਵੰਤ ਕਰ ਦਿੱਤਾ ਹੈ। ਉਨ੍ਹਾਂ ਨੇ ਇਸ ਵਾਸਤੇ ਵਾਧੂ ਉਤਪਾਦਨ ਅਤੇ ਉਨ੍ਹਾਂ ਦੀ ਉਪਯੋਗ ਵੰਡ ਦਾ ਸਾਧਨ ਵਰਤਿਆ ਹੈ। ਹੁਣ ਦੇ ਵਕਤ ਵਿਚ ਲੈਨਿਨ ਆਦਰਸ਼-ਮਨੋ-ਬਿੰਬ ਜੋ ਤੀਹਵਿਆਂ ਦੇ ਸੰਕਟ ਦਿਨਾਂ ਵਿਚ ਪ੍ਰਜਵੱਲਿਤ ਹੋਇਆ ਅਤੇ ਪਿਛੋਂ ਚੇਗੁਵੇਰਾ ਅਤੇ ਹੋ ਚੀ ਮਿੰਨ ਜਾਂ ਮਾਓ ਆਦਰਸ਼-ਮਨੋ-ਬਿੰਬ, ਜੋ ਵੀਅਤਨਾਮ ਜੰਗ ਦੇ ਦਿਨਾਂ ਵਿਚ ਪ੍ਰਭਾਵਸ਼ਾਲੀ ਬਣੇ, ਅਮਰੀਕਾ ਅਤੇ ਪੱਛਮੀ ਯੂਰਪ ਵਿਚ ਬੜੀ ਸਫਲਤਾ ਨਾਲ ਨਿਮਨ ਕੀਤੇ ਜਾ ਚੁੱਕੇ ਹਨ। ਪੱਛਮੀ ਯੂਰਪੀ ਅਤੇ ਅਮਰੀਕਾ ਪ੍ਰਬੰਧਾਂ ਦੀ ਵਿਉਂਤ ਸੰਕਟਸ਼ੀਲ ਜਾਂ ਤੰਗ ਵਰਗਾਂ ਵੱਲ ਪੂੰਜੀ ਦਾ ਵਹਿਣ ਵਧਾਉਣਾ ਹੈ। ਇਹ ਵਿਕਸਿਤ ਪੂੰਜੀਪਤੀ ਸਮਾਜਾਂ ਵਿਚ ਉਨ੍ਹਾਂ ਦੇ ਵਿਰੋਧਾਂ ਅਤੇ ਹੋਰ ਸਮੱਸਿਆਵਾਂ ਦੇ

ਬਾਵਜੂਦ ਸੰਭਵ ਹੋ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਆਦਰਸ਼-ਮਨੋ-ਬਿੰਬ ਦੇ ਸਿੱਖ ਨੌਜਵਾਨਾਂ ਵਿਚ ਸੁਕ੍ਰਿਆਵੰਤ ਹੋਣ ਦਾ ਵੱਡਾ ਕਾਰਨ ਉਨ੍ਹਾਂ ਦੇ ਪਰਿਵਾਰਾਂ ਅਤੇ ਭਾਈਚਾਰੇ ਉਤੇ ਆਇਆ ਸੰਕਟ ਹੈ। ਉਨ੍ਹਾਂ ਵਿਚੋਂ ਬਹੁਤੇ ਜੋ ਜੁਝਾਰਵਾਦੀ ਲਹਿਰ ਨਾਲ ਸਬੰਧਤ ਹਨ, ਛੋਟੀ ਕਿਸਾਨੀ ਅਤੇ ਮੱਧ ਵਰਗ ਵਿਚੋਂ ਹਨ। ਕਾਂਗਰਸ (ਆਈ) ਦੇ ਸ਼ਾਸਕ ਗ੍ਰੋਹ ਦੀਆਂ ਨੀਤੀਆਂ ਨੇ ਆਰਥਿਕ ਵਿਕਾਸ ਨੂੰ ਸਮਾਜਿਕ ਨਿਆਂ ਨਾਲੋਂ ਤੋੜ ਦਿੱਤਾ ਹੈ। ਇਸ ਨਾਲ ਛੋਟੀ ਕਿਸਾਨੀ ਵੱਡੀ ਤੰਗੀ ਦਾ ਸ਼ਿਕਾਰ ਹੋ ਚੁੱਕੀ ਹੈ। ਵਪਾਰਕ ਇਜਾਰੇਦਾਰੀ ਦੇ ਵਧਣ ਨਾਲ ਛੋਟੇ ਸਿੱਖ ਵਪਾਰੀ ਲਈ ਵੀ ਫੁੱਲਣ-ਵਿਗਸਣ ਦੇ ਰਾਹ ਬੰਦ ਹੋ ਚੁੱਕੇ ਹਨ। ਇੰਦਰਾ ਗਾਂਧੀ ਦੇ ਰਾਜ ਦੇ ਪਹਿਲੇ ਸਾਲਾਂ ਵਿਚ ਵਿਕਾਸ ਅਤੇ ਨਿਆਂ ਘੱਟੋ-ਘੱਟ ਸੀਮਿਤ ਰੂਪ ਵਿਚ ਇਕੱਠੇ ਸਨ। ਜਿਉ-ਜਿਉ ਕਾਂਗਰਸ ਅੰਦਰਲੇ ਵਿਰੋਧ ਆਰਥਿਕ ਨੀਤੀਆਂ ਦੇ ਅਸਫਲ ਹੋਣ ਕਾਰਨ ਵਧਦੇ ਗਏ, ਵਿਰੋਧੀ ਪਾਰਟੀਆਂ ਦੇ ਲੋਕ ਅਸੰਤੋਖ ਨੂੰ ਵਰਤਣ ਤੋਂ ਮਿਲੀ ਸ਼ਕਤੀ ਨੂੰ ਨਜਿੱਠਣ ਲਈ ਉਸ ਨੇ ਵੱਡੇ ਵਪਾਰਕ ਵਰਗ 'ਤੇ ਨਿਰਭਰ ਕਰਨਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਨਹਿਰੂ ਕਾਲ ਦਾ ਆਰਥਿਕ ਖੁਸ਼ਹਾਲੀ ਨਾਲ ਜੁੜਿਆ ਸਮਾਜਿਕ ਨਿਆਂ ਦਾ ਦਾਈਆ ਸੁੰਗੜ ਗਿਆ। ਰਾਜੀਵ ਗਾਂਧੀ ਦੇ ਦੌਰ ਵਿਚ ਨਹਿਰੂ ਕਾਲ ਦਾ ਮੂਲ ਦਾਈਆ ਤਿਆਗ ਦਿੱਤਾ ਗਿਆ ਹੈ।

ਵਿਕਾਸ ਅਤੇ ਸਮਾਜਿਕ ਨਿਆਂ ਦੇ ਟੁੱਟਣ ਦਾ ਛੋਟੀ ਸਿੱਖ ਕਿਸਾਨੀ ਅਤੇ ਸਿੱਖ ਮੱਧ-ਵਰਗ ਉਤੇ ਬੜਾ ਮਾੜਾ ਪ੍ਰਭਾਵ ਪਿਆ ਹੈ। ਉਹ ਆਪਣੇ ਆਰਥਿਕ ਸੰਕੋਚਾਂ ਕਾਰਨ ਬੱਚਿਆਂ ਨੂੰ ਚੰਗੇ ਸਕੂਲਾਂ-ਕਾਲਜਾਂ ਵਿਚ ਨਹੀਂ ਭੇਜ ਸਕਦੇ। ਆਪਣੀ ਆਯੋਗ ਵਿੱਦਿਆ ਕਾਰਨ ਇਨ੍ਹਾਂ ਬੱਚਿਆਂ ਦਾ ਕੋਈ ਰੌਸ਼ਨ ਭਵਿੱਖ ਨਹੀਂ। ਰਾਜ ਪੱਧਰ ਉਤੇ ਪੰਜਾਬ ਵਿਚ ਕਾਂਗਰਸ ਨੇ ਜਦੋਂ ਵੀ ਸੱਤਾ ਸੰਭਾਲੀ ਉਸ ਨੇ ਕਾਂਗਰਸ ਦੇ ਕੇਂਦਰੀ ਸ਼ਾਸਕਾਂ ਦੀਆਂ ਨੀਤੀਆਂ ਨੂੰ ਅੰਧਾ-ਧੁੰਦ ਪਾਲਿਆ। ਅਕਾਲੀ ਵੀ ਆਪਣੀਆਂ ਪਹਿਲੀਆਂ ਵਜ਼ਾਰਤਾਂ ਸਮੇਂ ਕੋਈ ਵਿਸ਼ੇਸ਼ ਤਬਦੀਲੀ ਨਾ ਲਿਆ ਸਕੇ। ਅਸਲ ਵਿਚ ਕੋਈ ਵੀ ਰਾਜ ਰਾਸ਼ਟਰੀ ਨੀਤੀ ਦੇ ਪ੍ਰਭਾਵ ਥੱਲੇ ਆਏ ਕਿਸੇ ਵਰਗ ਨੂੰ ਬਹੁਤ ਰਾਹਤ ਨਹੀਂ ਦੇ ਸਕਦਾ। ਕੇਵਲ ਮਾਮੂਲੀ ਫਰਕ ਹੀ ਪਾ ਸਕਦਾ ਹੈ। ਸਮੁੱਚੇ ਤੌਰ 'ਤੇ ਜੋ ਉਤਸ਼ਾਹ ਅਤੇ ਅੱਗੇ ਵਧਾਉਣ ਵਾਲਾ ਵਰਤਾਰਾ ਵੱਡੇ ਵਪਾਰ ਨੂੰ ਕੇਂਦਰ ਵਲੋਂ ਮਿਲ ਰਿਹਾ ਹੈ ਉਸ ਨਾਲ ਇਸ ਦੇ ਹੀ ਵਿਚਾਰਧਾਰਕ ਅਤੇ ਸੰਸਕ੍ਰਿਤਕ ਸੰਗਠਨ ਵਧ-ਫੁੱਲ ਰਹੇ ਹਨ। ਪ੍ਰਾਂਤਕ ਸੱਭਿਆਚਾਰਕ ਸੰਗਠਨ, ਜਿਨ੍ਹਾਂ ਨਾਲ ਸਾਡੀ ਕਿਸਾਨੀ ਨੂੰ ਵਿਸ਼ੇਸ਼ ਕਰ ਕੇ ਮੋਹ ਹੈ, ਟੁੱਟ ਭੱਜ ਰਹੇ ਹਨ। ਇਸ ਪਿਛੋਕੜ ਵਿਚ ਸਿੱਖ ਨੌਜਵਾਨਾਂ ਦਾ ਮਨ ਬਹੁਤ ਪ੍ਰਭਾਵਿਤ ਹੋਇਆ ਹੈ। ਆਰਥਿਕ ਅਤੇ ਸੱਭਿਆਚਾਰਕ ਤੌਰ 'ਤੇ ਉਹ ਇਸ ਵਿਗਸ ਰਹੇ ਇਕਾਂਗੀ ਪ੍ਰਬੰਧ ਵਿਚ ਅਣਗੌਲੇ ਮਹਿਸੂਸ ਕਰਦੇ ਹਨ।

ਪੱਛਮੀ ਬੰਗਾਲ ਦੀ ਖੱਬੇ-ਪੱਖੀ ਸਰਕਾਰ ਨੇ ਸਾਡੀਆਂ ਅਜਾਰਾਦਾਰੀ ਰਾਸ਼ਟਰੀ ਨੀਤੀਆਂ ਦੇ ਪ੍ਰਬੰਧ ਥੱਲੇ ਪੈਣ ਵਾਲੇ ਪ੍ਰਭਾਵਾਂ ਨੂੰ ਸਮਝ ਕੇ ਬੰਗਾਲ ਦੇ ਵਿੱਦਿਅਕ ਅਜੇ ਦੂਜੇ ਸੰਗਠਨਾਂ ਵਿਚ ਕੁਝ ਸੀਮਿਤ ਤਬਦੀਲੀਆਂ ਕੀਤੀਆਂ ਹਨ। ਜਵਾਨ ਵਰਗ ਨੂੰ ਕੁਝ ਤਰੱਕੀ ਪਸੰਦ ਮੰਤਵਾਂ ਨਾਲ ਜੋੜਨ ਦੀ ਵੀ ਕੋਸ਼ਿਸ਼ ਕੀਤੀ ਹੈ। ਕਰਨਾਟਕ ਵਿਚ ਰਾਮਕ੍ਰਿਸ਼ਨ ਹੈਗੜੇ ਨੇ ਕੁਝ ਭਲਾਈ ਯੋਜਨਾਵਾਂ ਬਣਾ ਕੇ ਨਿੱਘਰ ਰਹੇ ਵਰਗਾਂ ਦੀ ਕੁਝ ਸਹਾਇਤਾ ਕਰਨ ਦਾ ਯਤਨ ਕੀਤਾ ਹੈ। ਜਿਉ-ਜਿਉ ਵੱਡੇ ਵਪਾਰ ਨੂੰ ਨਿਝੱਕ ਵਧਣ-ਫੁੱਲਣ ਦਾ ਮੌਕਾ ਵੱਧ ਮਿਲਣ ਲੱਗਾ ਹੈ, ਤੰਗ ਹੋਏ ਵਰਗਾਂ ਦੇ ਹੋਰ ਤੰਗ ਹੋਣ ਦੀ ਸੰਭਾਵਨਾ ਵੱਧ ਰਹੀ ਹੈ। ਉਸ ਹਾਲਤ ਵਿਚ ਸਿੱਖ ਨੌਜਵਾਨਾਂ ਦੇ ਹਿੰਸਾਤਮਕ ਵਿਰੋਧ ਵਰਗੀਆਂ ਲਹਿਰਾਂ ਹੋਰਾਂ ਰਾਜਾਂ ਵਿਚ ਚੱਲਣ ਦੀ ਸੰਭਾਵਨਾ ਵੀ ਵੱਡੀ ਹੋ ਰਹੀ ਹੈ।

ਸਾਡੇ ਦੇਸ਼ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਜਿਸ ਲਹਿਰ ਨੂੰ ਸਿੱਖ ਨੌਜਵਾਨਾਂ ਦਾ "ਆਤੰਕਵਾਦ" ਕਿਹਾ ਜਾਂਦਾ ਹੈ, ਇਹ ਬੀਜ ਰੂਪ ਵਿਚ ਕਾਂਗਰਸ (ਆਈ) ਦੇ ਸ਼ਾਸਕਾਂ ਵਲੋਂ ਫੈਲਾਏ ਜਾ ਰਹੇ ਉਸ ਪ੍ਰਬੰਧ ਵਿਰੁਧ ਰੋਸ ਹੈ ਜਿਸ ਵਿਚ ਵਿਕਾਸ ਨੂੰ ਨਿਆਂ ਨਾਲੋਂ ਅੱਡ ਕਰ ਦਿੱਤਾ ਗਿਆ ਹੈ। ਜਿਸ ਤਰ੍ਹਾਂ ਦੇਸ਼ ਦੀ ਛੋਟੀ ਕਿਸਾਨੀ ਅਤੇ ਥੱਲੇ ਦੇ ਮੱਧ-ਵਰਗ ਦੇ ਨੌਜਵਾਨਾਂ ਨੂੰ ਅਣਗੌਲ ਕੇ ਭਵਿੱਖਹੀਣ ਬਣਾ ਦਿੱਤਾ ਗਿਆ ਹੈ, ਉਸ ਦੀ ਪ੍ਰਤੀਕੀ ਸਮਝ ਸਿੱਖ ਨੌਜਵਾਨਾਂ ਦੀ ਲਹਿਰ ਤੋਂ ਲਈ ਜਾ ਸਕਦੀ ਹੈ। ਇਸ ਵਰਗ ਦੇ ਮਨ ਵਿਚ ਘਰ ਕਰ ਚੁੱਕਾ ਗੁਰੂ ਗੋਬਿੰਦ ਸਿੰਘ ਆਦਰਸ਼ ਮਨੋ-ਬਿੰਬ ਕੇਵਲ ਅਨਿਆਂ ਦਾ ਵਿਰੋਧ ਕਰਨ ਵੱਲ ਹੀ ਨਹੀਂ ਦਿਸ਼ਾ ਦਿੰਦਾ ਸਗੋਂ ਉਸ ਸਮਾਜ ਵਿਚ ਨਾਇਕ ਬਣਨ ਲਈ ਵੀ ਪ੍ਰੇਰਦਾ ਹੈ ਜਿਸ ਵਿਚ ਨੌਜਵਾਨ ਵਰਗ ਨੂੰ ਨਿਰਗੌਰਵ ਕਰ ਦਿੱਤਾ ਗਿਆ ਹੈ। ਜੋ ਵਿੱਦਿਆ ਸਕੂਲਾਂ ਅਤੇ ਕਾਲਜਾਂ ਵਿਚ ਦਿੱਤੀ ਜਾ ਰਹੀ ਹੈ ਉਸ ਨੇ ਨੌਜਵਾਨ ਵਰਗ ਦੇ ਮਨ ਨੂੰ ਤੱਤਫਟ ਹੱਲ ਲੱਭਣ ਲਈ ਹੀ ਤਿਆਰ ਕੀਤਾ ਹੈ।

ਕਿਉਕਿ ਪੰਜਾਬ ਦੇ ਹਿੰਦੂ ਨਿਮਨ ਵਪਾਰੀ ਵਰਗ ਨੇ ਪੰਜਾਬੀ ਬੋਲੀ ਅਤੇ ਸੱਭਿਆਚਾਰ ਤੋਂ ਇਨਕਾਰ ਕੀਤਾ ਹੈ ਅਤੇ ਆਪਣੇ ਸਬੰਧ ਕੇਂਦਰੀ ਸ਼ਾਸਤ ਵਰਗ ਨਾਲ ਜੋੜੇ ਹਨ, ਸਿੱਖ ਜੁਝਾਰੂ ਨੌਜਵਾਨ ਵਰਗ ਉਸ ਨੂੰ ਆਪਣੇ ਗੁੱਸੇ ਦਾ ਵਿਸ਼ਾ ਬਣਾ ਰਿਹਾ ਹੈ। ਨੌਜਵਾਨ ਦੀ ਸਮਝ ਅਨੁਸਾਰ ਉਸ ਦੇ ਨਿਰਗੌਰਵ ਅਤੇ ਨਿਰਭਵਿੱਖ ਹੋਣ ਦੀ ਜ਼ਿੰਮੇਵਾਰੀ ਵੀ ਇਸ ਹਿੰਦੂ ਨਿਮਨ ਵਪਾਰਕ ਵਰਗ ਦੀ ਹੈ। ਇਸ ਅਮਲ ਵਿਚ ਸਿੱਖ ਨੌਜਵਾਨ ਇਹ ਸੌਖੀ ਤਰ੍ਹਾਂ ਭੁੱਲ ਜਾਂਦਾ ਹੈ ਕਿ ਛੋਟਾ ਹਿੰਦੂ ਵਪਾਰੀ ਵੱਡੇ ਕੇਂਦਰੀ ਵਪਾਰੀ ਦੀ ਅਜਾਰਾਦਾਰੀ ਦਾ ਉਨਾ ਹੀ ਸ਼ਿਕਾਰ ਹੈ ਜਿੰਨਾ ਕਿ ਛੋਟਾ ਕਿਸਾਨ, ਪਰ ਸਵੈ-ਧੋਖੇ ਕਾਰਣ, ਆਪਣੀ ਬੇ-ਸਮਝੀ ਕਾਰਣ ਅਤੇ ਕੇਂਦਰੀ ਵਪਾਰੀ ਵਰਗ ਨਾਲ ਵਰਗ ਸਹਿਚਾਰ ਦਾ ਸਬੰਧ ਹੋਣ ਕਾਰਣ ਇਹ ਹਿੰਦੂ ਨਿਮਨ ਮੱਧ-ਵਰਗੀ ਵਪਾਰੀ

ਆਪਣੀ ਅਸਲ ਸਥਿਤੀ ਸਮਝਣ ਦੇ ਸਮਰੱਥ ਨਹੀਂ।

ਸਿੱਖ ਨੌਜਵਾਨਾਂ ਦਾ ਗੁਰੂ ਗੋਬਿੰਦ ਸਿੰਘ ਆਦਰਸ਼-ਮਨੋ-ਬਿੰਬ ਨਾਲ ਪਰਮ ਸੁਕ੍ਰਿਆਵੰਤ ਅਤੇ ਸਮਾਜਿਕ-ਸੱਭਿਆਚਾਰਕ ਅਨਿਆਂ ਨਾਲ ਲੜਨ ਲਈ ਸੂਰਮਗਤੀ ਨਾਲ ਤਿਆਰ ਹੋਇਆ ਮਨ ਪਛਾਣੇ ਅਤੇ ਸਮਝੇ ਜਾਣ ਦਾ ਅਧਿਕਾਰੀ ਹੈ। ਇਹ ਦੇਸ਼ ਨੂੰ ਯਾਦ ਕਰਵਾ ਰਿਹਾ ਹੈ ਕਿ ਕਿਵੇਂ ਇਕ ਵਰਗ ਇਸ ਨੂੰ ਆਪਣੇ ਹਿੱਤਾਂ ਲਈ ਵਰਤ ਕੇ ਥੱਲੇ ਦੇ ਵਰਗਾਂ ਦਾ ਜੀਵਨ ਔਖਾ ਕਰਨ ਉਤੇ ਤੁਲਿਆ ਹੋਇਆ ਹੈ। ਪਰ ਨਾਲ ਹੀ ਇਹ ਵੀ ਕਹਿਣਾ ਜ਼ਰੂਰੀ ਹੈ ਕਿ ਸਿੱਖ ਨੌਜਵਾਨ ਦਾ ਮਨ ਅਜੇ ਇਸ ਵਿਸ਼ਾਲਤਰ ਪਛਾਣ ਉਤੇ ਨਹੀਂ ਪਹੁੰਚਿਆ ਜਿਸ ਵਿਚ ਇਹ ਸਮਝ ਵਿਗਸੇ ਕਿ ਕਰੋਧ ਦਾ ਵਿਸ਼ਾ ਉਹ ਨਿਮਨ ਵਰਗ ਨਹੀਂ ਬਣਨੇ ਚਾਹੀਦੇ ਜੋ ਖੁਦ ਅਜਾਰਾਦਾਰੀ ਦਾ ਸ਼ਿਕਾਰ ਹਨ, ਭਾਵੇਂ ਸ਼ਿਕਾਰ ਵਰਗ ਖੁਦ ਇਹ ਨਾ ਵੀ ਸਮਝਦਾ ਹੋਵੇ। ਜੋ ਹਿੰਦੂ ਨਿਮਨ ਵਰਗ ਸਿੱਖ ਜੁਝਾਰੂਆਂ ਦੇ ਕ੍ਰੋਧ ਦਾ ਵਿਸ਼ਾ ਬਣਦੇ ਹਨ, ਉਹ ਖੁਦ ਵੱਡੇ ਅਜਾਰਾਦਾਰਾਂ ਹੱਥੋਂ ਆਉਣ ਵਾਲੇ ਸਾਲਾਂ ਵਿਚ ਨਿਘਾਰੇ ਜਾਣ ਵਾਲੇ ਹਨ। ਉਹ ਨਿਮਨ ਵਰਗ ਜਿੰਨੀ ਛੇਤੀ ਇਹ ਸਮਝ ਲੈਣ, ਪੰਜਾਬ ਲਈ ਇਹ ਚੰਗੀ ਗੱਲ ਹੋਵੇਗੀ। ਇਸ ਵਰਗ ਦੇ ਹਿੱਤ ਪੰਜਾਬ, ਪੰਜਾਬੀ ਸੱਭਿਆਚਾਰ ਅਤੇ ਬੋਲੀ ਨਾਲ ਹਨ। ਇਸ ਵਰਗ ਨੂੰ ਵੱਡੀ ਅਜਾਰਾਦਾਰੀ ਨਾਲ ਆਪਣਾ ਲੋਟੂ ਰਿਸ਼ਤਾ ਜੇ ਸਮਾਪਤ ਨਹੀਂ ਤਾਂ ਛੋਟਾ ਤੇ ਸੀਮਿਤ ਬਣਾਉਣਾ ਚਾਹੀਦਾ ਹੈ।

ਸਾਡੇ ਕੌਮੀ ਪ੍ਰੈਸ ਨੇ ਸਾਰੇ ਸਿੱਖ ਨੌਜਵਾਨਾਂ ਨੂੰ "ਆਤੰਕਵਾਦੀ" ਅਤੇ "ਦੇਸ਼ ਧ੍ਰੋਹੀ" ਕਹਿ ਕੇ ਦੇਸ਼ ਨਾਲ ਧੋਖਾ ਕੀਤਾ ਹੈ। ਸਿੱਖ ਨੌਜਵਾਨਾਂ ਦੀ ਲਹਿਰ ਦਾ ਆਰਥਿਕ ਅਤੇ ਸੱਭਿਆਚਾਰਕ ਪੱਖ ਜਾਣ ਬੁੱਝ ਕੇ ਅੱਖੋਂ ਉਹਲੇ ਕੀਤਾ ਹੈ। ਕਾਰਣ ਸਪੱਸ਼ਟ ਹੈ : ਸਾਡੇ ਕੌਮੀ ਪ੍ਰੈਸ ਦਾ ਇਕ ਵੱਡਾ ਹਿੱਸਾ ਉਸੇ ਵਰਗ ਦੀ ਮਲਕੀਅਤ ਹੈ ਜਿਸ ਦੀਆਂ ਨੀਤੀਆਂ ਵਿਰੁੱਧ ਸਿੱਖ ਨੌਜਵਾਨ ਲੜ ਰਹੇ ਹਨ। ਇਸ ਵਿਰੋਧ ਨੂੰ ਧੁੰਦਲਾਉਣਾ ਅਤੇ ਇਸ ਨੂੰ ਇਕ ਸੰਪਰਦਾਇਕ ਅਤੇ ਮੂਲਵਾਦੀ ਰੂਪ ਦੇਣਾ, ਦੇਸ਼ ਨੂੰ ਗੁੰਮਰਾਹ ਕਰਨਾ ਹੈ। ਇਕ ਸੰਤੁਲਿਤ ਪਹੁੰਚ ਅਪਣਾ ਕੇ ਅਜਾਰਾਦਾਨਾ ਕੌਮੀ ਨੀਤੀਆਂ ਦੀ ਪੁਣ-ਛਾਣ ਕਰਨੀ ਚਾਹੀਦੀ ਸੀ ਅਤੇ ਸ਼ਾਸਕ ਗ੍ਰੋਹ ਨੂੰ ਵੱਡੇ ਵਪਾਰ ਅਤੇ ਪੂੰਜੀਵਾਦੀ ਹਿੱਤ ਪਾਲਣ ਦੀ ਥਾਂ ਲੋਕ-ਹਿੱਤ ਨੀਤੀਆਂ ਅਪਨਾਉਣ ਲਈ ਮਜਬੂਰ ਕਰਨਾ ਚਾਹੀਦਾ ਸੀ। ਵਿਕਾਸ ਨੂੰ ਮੁੜ ਸਮਾਜਿਕ ਨਿਆਂ ਨਾਲ ਜੋੜਨਾ ਜ਼ਰੂਰੀ ਹੈ। ਸਾਡੇ ਸਭ ਸੰਸਥਕ ਸੰਗਠਨ ਬਦਲਣੇ ਲੋੜੀਂਦੇ ਹਨ। ਪੰਜਾਬ ਵਿਚ ਇਹ ਕੰਮ ਸਭ ਤੋਂ ਪਹਿਲਾਂ ਅਤੇ ਜੋਸ਼ ਨਾਲ ਹੋਣਾ ਚਾਹੀਦਾ ਹੈ।

ਫੌਜੀ ਜਾਂ ਪੁਲਿਸ ਹੱਲ ਇਸ ਮਾਮਲੇ ਵਿਚ ਕਾਰਗਰ ਨਹੀਂ ਹੋ ਸਕਦੇ। 'ਫੜੋ ਅਤੇ ਮਾਰੋ' ਨੀਤੀ ਸਿੱਖ

ਨੌਜਵਾਨਾਂ ਦੇ ਪ੍ਰਸੰਗ ਵਿੱਚ ਬਿਲਕੁਲ ਘਾਤਕ ਸਿੱਧ ਹੋਵੇਗੀ। ਇਸ ਨਾਲ ਉਹ ਇਸ ਵਿਸ਼ਵਾਸ ਵਿਚ ਹੋਰ ਪੱਕੇ ਹੋਣਗੇ ਕਿ ਇਹ ਰਾਜ ਉਨ੍ਹਾਂ ਨੂੰ ਆਪਣੇ ਸ਼ਹਿਰੀ ਨਹੀਂ ਮੰਨਦਾ। ਰਾਜ ਨੂੰ ਵੱਧ ਤੋਂ ਵੱਧ ਉਨ੍ਹਾਂ ਨੂੰ ਰਾਜਨੀਤਕ ਕੈਦੀਆਂ ਵਾਂਗ ਰੱਖਣਾ ਚਾਹੀਦਾ ਹੈ। ਨਾਲ ਹੀ ਗੱਲਬਾਤ ਦੇ ਬੂਹੇ ਖੋਲ੍ਹਣੇ ਚਾਹੀਦੇ ਹਨ। ਇਹ ਵਿਸ਼ਵਾਸ ਦਿਵਾਉਣਾ ਚਾਹੀਦਾ ਹੈ ਕਿ ਉਹ ਇਕ ਬਹੁ-ਸੰਸਕ੍ਰਿਤਕ ਅਤੇ ਬਹੁ-ਪੱਖੀ ਸਮਾਜ ਦਾ ਸਤਿਕਾਰਯੋਗ ਹਿੱਸਾ ਹਨ। ਸਾਂਝੀਵਾਲਤਾ ਅਤੇ ਮਨੁੱਖੀ ਕੀਮਤਾਂ ਪ੍ਰਤੀ ਵਚਨ-ਬੱਧ ਵਿੱਦਿਆ ਨੀਤੀ ਬਨਾਉਣ ਦੀ ਲੋੜ ਹੈ। ਛੋਟੀ ਅਤੇ ਸੰਕੁਚਿਤ ਕਿਸਾਨੀ ਅਤੇ ਨਿਮਨ ਵਰਗਾਂ ਦੇ ਬੱਚਿਆਂ ਲਈ ਆਰਥਿਕ ਮਦਦ ਦੀ ਸੁਵਿਧਾ ਹੋਣੀ ਚਾਹੀਦੀ ਹੈ। ਜੋ ਵਿੱਦਿਆ ਨੀਤੀ ਬਣਾਈ ਗਈ ਹੈ, ਉਸ ਦਾ ਵਿਗਿਆਨਕ ਅਤੇ ਤਕਨਾਲੋਜੀ ਵਾਲਾ ਇਕਾਂਗੀ ਬਲ ਮਨੁੱਖਵਾਦੀ ਕੀਮਤਾਂ ਦਾ ਪ੍ਰਚਾਰ ਨਹੀਂ ਕਰੇਗਾ। ਸਿੱਖ ਨੌਜਵਾਨ ਦੇ ਮਨ ਨੂੰ ਤੱਤ ਫੱਟ ਅਤੇ ਵੱਡੇ ਮੰਤਵਾਂ ਵਾਲੀਆਂ ਮਨੁੱਖਵਾਦੀ ਅਤੇ ਨਿਆਂ ਪੂਰਵਕ ਨੀਤੀਆਂ ਨਾਲ ਹੀ ਬਦਲਿਆ ਜਾ ਸਕਦਾ ਹੈ।

# ਸਿੱਖ ਇਨਕਲਾਬ ਅਤੇ ਨੌਜਵਾਨਾਂ ਦੀ ਲਹਿਰ

ਪੰਜਾਬ ਵਿਚ ਚੱਲ ਰਹੀ ਜੁਝਾਰੂ ਸਿੱਖ ਨੌਜਵਾਨਾਂ ਦੀ ਲਹਿਰ ਨੂੰ ਸਮਝਣ ਲਈ ਸਿੱਖ ਇਨਕਲਾਬ ਦਾ ਚਰਿੱਤਰ ਅਤੇ ਇਸ ਦੇ ਵਾਅਦੇ ਸਮਝਣੇ ਜ਼ਰੂਰੀ ਹਨ। ਇਹ ਲਹਿਰ ਅੱਜ ਸ਼ਿੱਦਤ ਨਾਲ ਉੱਭਰੀ ਹੈ ਕਿਉਕਿ ਇਤਿਹਾਸ ਵਿਚ ਉਹ ਵਾਅਦੇ ਪੂਰੇ ਨਹੀਂ ਹੋ ਸਕੇ, ਜੋ ਸੁਪਨੇ ਗੁਰੂ ਸਾਹਿਬਾਨ ਦੇ ਗਏ ਹਨ ਅਤੇ ਜਿਨ੍ਹਾਂ ਦੇ ਪ੍ਰਭਾਵ ਥੱਲੇ ਸਿੱਖ ਨੌਜਵਾਨ ਪਲਦਾ ਹੈ ਉਨ੍ਹਾਂ ਦੀ ਪੂਰਤੀ ਆਜ਼ਾਦੀ ਤੋਂ ਪਿਛੋਂ ਦੇ ਭਾਰਤੀ ਸੰਗਠਨ ਵਿਚ ਵੀ ਨਹੀਂ ਹੋ ਸਕੀ। ਨਾ ਹੀ ਬਰਾਬਰ ਕੋਈ ਏਡਾ ਵੱਡਾ ਸੁਪਨਾ ਦਿੱਤਾ ਜਾ ਸਕਿਆ ਜਿਸ ਨਾਲ ਉਹ ਉਮੀਦਾਂ ਅਤੇ ਇਨ੍ਹਾਂ ਦੇ ਸੱਚ ਨਾ ਹੋ ਸਕਣ ਤੋਂ ਆਏ ਸੰਕਟ ਵਿਚ ਨੌਜਵਾਨ ਕਿਸੇ ਹੋਰ ਦਿਸ਼ਾ ਵੱਲ ਵੱਧ ਸਕਦੇ।

ਗੁਰੂ ਸਾਹਿਬਾਨ ਦੀ ਲਹਿਰ ਇਕ ਇਨਕਲਾਬ ਸੀ ਇਸ ਵਿਚ ਕੋਈ ਸੰਦੇਹ ਨਹੀਂ। ਰੂਸੀ ਲੇਖਕ ਰੇਸਤਿਸਲਾਵ ਉਲਿਆਨੌਵਸਕੀ ਨੇ ਆਪਣੀ 1981 ਵਿਚ ਮਾਸਕੋ ਤੋਂ ਛਪੀ ਪੁਸਤਕ 'ਅਗ੍ਰੇਰੀਅਨ ਇੰਡੀਆ ਬਿਟਵੀਨ ਦੀ ਵਰਲਡ ਵਾਰਜ਼' ਵਿਚ ਸਿੱਖ ਲਹਿਰ ਨੂੰ "ਇਨਕਲਾਬ" ਆਖਿਆ ਹੈ। ਇਨਕਲਾਬ ਕਿਸੇ ਦੇਸ਼ ਦੇ ਲੋਕਾਂ ਨੂੰ ਬਹੁ-ਪੱਖੀ ਸੰਕਟ ਤੋਂ ਮੁਕਤ ਕਰਵਾਉਂਦਾ ਹੈ। ਇਸ ਨਾਲ ਮੁੱਢਲੀਆਂ ਤਬਦੀਲੀਆਂ ਵਾਪਰਦੀਆਂ ਹਨ। ਜੋ ਸੰਸਥਾਵਾਂ, ਵਿਚਾਰ ਅਤੇ ਸੰਗਠਨ ਲੋਕਾਂ ਦੇ ਉਚਤਮ ਵਿਕਾਰ ਦੇ ਰਾਹ ਵਿਚ ਅੜਿੱਕਾ ਬਣਦੇ ਹਨ, ਉਨ੍ਹਾਂ ਨੂੰ ਤੋੜ-ਭੰਨ ਕੇ ਨਵੀਂ ਸਿਰਜਨਾ ਕੀਤੀ ਜਾਂਦੀ ਹੈ। ਇਸ ਸਦੀ ਵਿਚ ਰੂਸ ਅਤੇ ਚੀਨ ਵਿਚ ਆਏ ਇਨਕਲਾਬ ਇਸੇ ਪ੍ਰਕਾਰ ਦੇ ਹਨ। ਰੂਸ ਦੇ ਲੋਕ ਜ਼ਾਰਸ਼ਾਹੀ ਅਤੇ ਇਸ ਨਾਲ ਪਲ ਰਹੇ ਪੂੰਜੀਵਾਦ ਵਿਚ ਇਸ ਤਰ੍ਹਾਂ ਲੁੱਟ ਰਹੇ ਅਤੇ ਵਿਨਾਸ਼ ਹੋ ਰਹੇ ਸਨ ਕਿ ਉਨ੍ਹਾਂ ਦਾ ਹਰ ਪੱਖੋਂ ਵਿਕਾਸ ਰੁਕ ਗਿਆ ਸੀ। ਚੀਨ ਵਿਚ ਸਾਮੰਤੀ ਪ੍ਰਬੰਧ ਅਤੇ ਇਸ ਨਾਲ ਵੱਧ ਰਹੇ ਸਹਾਇਕ ਪੂੰਜੀਵਾਦ ਨੇ ਵੀ ਚੀਨੀ ਲੋਕਾਂ ਦੇ ਸੱਭਿਆਚਾਰਕ ਅਤੇ ਆਰਥਿਕ ਵਿਕਾਸ ਵਿਚ ਰੁਕਾਵਟ ਪੈਦਾ ਕਰ ਦਿੱਤੀ ਸੀ। ਲੈਨਿਨ ਨੇ ਰੂਸ ਵਿਚ ਅਤੇ ਮਾਓ ਨੇ ਚੀਨ ਵਿਚ ਇਨ੍ਹਾਂ ਸੰਕਟ ਸਥਿਤੀਆਂ ਤੋਂ ਲੋਕਾਂ ਨੂੰ ਮੁਕਤ ਕੀਤਾ। ਲੋਕਾਂ ਨੂੰ ਸੰਗਠਿਤ ਕਰਕੇ ਉਨ੍ਹਾਂ ਸਭ ਰਾਜਸੀ ਤਾਕਤਾਂ ਨੂੰ ਹਾਰ ਦਿੱਤੀ ਜੋ ਇਤਿਹਾਸ ਨੂੰ ਜੱਫਾ ਮਾਰ ਕੇ ਬੈਠੇ ਸਨ, ਜਿਨ੍ਹਾਂ ਨੇ ਇਤਿਹਾਸ ਦਾ ਪਹੀਆ ਜਾਮ ਕੀਤਾ ਹੋਇਆ ਸੀ।

ਸਿੱਖ ਇਨਕਲਾਬ ਨੂੰ ਵਾਪਰਨ ਵਿੱਚ ਕੋਈ ਢਾਈ ਸੌ ਸਾਲ ਲੱਗੇ। ਇਹ ਸਮਾਂ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਤੱਕ ਦਾ ਹੈ। ਸਿੱਖ ਲਹਿਰ ਭਾਰਤ ਦੇ ਇਤਿਹਾਸ ਵਿਚ ਆਏ ਇਕ ਸੰਕਟ

ਵਿੱਚੋਂ ਉਭਰੀ ਸੀ। ਇਹ ਸੰਕਟ ਮੁਗ਼ਲ ਸਲਤਨਤ ਅਤੇ ਉਸ ਸਮੇਂ ਦੇ ਅਧੋਗਤ ਬ੍ਰਾਹਮਣਵਾਦੀ ਸਮਾਜ ਦੀ ਪੈਦਾਵਾਰ ਸੀ। ਸਲਤਨਤ ਨੇ ਜਿਸ ਤਰ੍ਹਾਂ ਸੁਲਤਾਨ ਜਾਂ ਸ਼ਹਿਨਸ਼ਾਹ ਅਤੇ ਉਸ ਦੇ ਸਹਾਇਕ ਨਵਾਬਾਂ ਦੀ ਐਸ਼ੋ-ਇਸ਼ਰਤ ਲਈ ਸਮੁੱਚਾ ਅਰਥਚਾਰਾ ਸੰਗਠਿਤ ਕੀਤਾ ਸੀ ਉਸ ਵਿਚ ਕਿਸਾਨੀ ਦੀ ਬਹੁਤ ਮੰਦੀ ਹਾਲਤ ਸੀ। ਲੈ ਦੇ ਕੇ ਕਿਸਾਨ ਕੋਲ ਆਪਣੀ ਪੈਦਾਵਾਰ ਦਾ ਕੇਵਲ ਚਾਲੀ ਫੀਸਦੀ ਹੀ ਰਹਿ ਜਾਂਦਾ ਸੀ, ਕਈ ਵਾਰ ਇਸ ਤੋਂ ਵੀ ਘੱਟ। ਇਸ ਨਾਲ ਉਸਦਾ ਗੁਜ਼ਾਰਾ ਨਹੀਂ ਹੋ ਸਕਦਾ ਸੀ। ਉਤੋਂ ਜ਼ਮੀਨ ਉਤੇ ਮਾਲਕੀ ਉਸ ਦੀ ਨਹੀਂ ਸੀ। ਜਦੋਂ ਸਰਕਾਰ ਚਾਹੇ, ਖੋਹ ਲਵੇ। ਸੁਲਤਾਨ ਅਤੇ ਉਸ ਦੇ ਸਾਮੰਤੀ (ਜਾਗੀਰੂ) ਸਹਾਇਕ ਨੇ ਵਪਾਰ ਲਈ ਵੀ ਕੁਝ ਪਰਿਵਾਰਾਂ ਨੂੰ ਹੀ ਪਾਲਿਆ ਹੋਇਆ ਸੀ। ਛੋਟੀ ਵਣਜ ਵਾਲੇ, ਵਿਸ਼ੇਸ਼ ਕਰਕੇ ਨਗਰਾਂ ਵਿਚ ਰਹਿਣ ਵਾਲੇ, ਕਾਫੀ ਔਖੇ ਸਨ।

ਮੁਗ਼ਲ ਸਲਤਨਤ ਦੇ ਅਰਥਚਾਰੇ ਵਿਚ ਕਿਸਾਨ ਅਤੇ ਛੋਟੇ ਵਣਜ ਵਾਲੇ ਬਰਾਬਰ ਦੁਖੀ ਸਨ। ਇਸ ਦੁੱਖ ਨੂੰ ਨਿਪੁੰਸਕ ਜਾਂ ਨਾਮਰਦ ਬਣਾਉਣ ਵਿਚ ਹਿੰਦੂ ਵਰਗ-ਪ੍ਰਬੰਧ ਅਤੇ ਵੇਦਾਂਤਕ ਪ੍ਰਕਾਰ ਦੀ ਕਰਮਵਾਦੀ ਵਿਚਾਰਧਾਰਾ ਹੋਰ ਸਹਾਇਤਾ ਕਰ ਰਹੇ ਸਨ। ਸਮੁੱਚਾ ਸਮਾਜ ਲੋਟੂ ਅਰਥਚਾਰੇ ਤੇ ਨਿਪੁੰਸਕ ਵਿਚਾਰਧਾਰਾ ਦਾ ਦੀਰਘ ਸ਼ਿਕਾਰ ਸੀ।

ਗੁਰੂ ਸਾਹਿਬਾਨ ਦੀ ਇਨਕਲਾਬੀ ਵਿਸ਼ੇਸ਼ਤਾ ਇਸ ਵਿਚ ਸੀ ਕਿ ਉਨ੍ਹਾਂ ਨੇ ਮੁਗ਼ਲਾਂ ਦੇ ਅਰਥਚਾਰੇ ਦੇ ਸਭ ਤੋਂ ਵੱਡੇ ਅਧਿਕਾਰੀ ਉਤੇ ਹਮਲਾ ਕੀਤਾ। ਉਨ੍ਹਾਂ ਮੁਗ਼ਲ ਪਾਤਸ਼ਾਹ ਜਾਂ ਸੁਲਤਾਨ ਨੂੰ "ਕੂੜਿ" ਆਖਿਆ। ਉਸ ਦੇ ਲੋਟੂ ਅਹਿਲਕਾਰਾਂ ਅਤੇ ਸਹਾਇਕਾਂ ਨੂੰ "ਕੁੱਤੇ" ਕਿਹਾ। ਇਨ੍ਹਾਂ ਝੂਠੇ ਅਤੇ "ਕੁੱਤੇ" ਲੋਟੂਆਂ ਦੇ ਬਰਾਬਰ "ਸੱਚੇ ਪਾਤਸ਼ਾਹ" ਦਾ ਸੰਕਲਪ ਦਿੱਤਾ। ਇਹ ਸੱਚਾ ਪਾਤਸ਼ਾਹ ਸਭ ਤੋਂ ਉਪਰ ਹੈ, ਨਿਰਭੈ ਹੈ। ਤਲਵਾਰ ਵੀ ਇਸ ਦਾ ਇਕ ਰੂਪ ਹੈ। ਇਹ, ਸੱਚਾ ਪਾਤਸ਼ਾਹ ਆਪਣੇ "ਭਗਤਾਂ" ਦੀ ਜਾਂ "ਗੁਰਮੁਖਾਂ" ਦੀ ਰੱਖਿਆ ਕਰਦਾ ਹੈ ਅਤੇ ਦੁਸ਼ਟਾਂ ਦਾ ਨਾਸ਼ ਕਰਦਾ ਹੈ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਸੁਲਤਾਨ ਅਤੇ ਉਸ ਦੀ ਉਪਰ ਤੋਂ ਥੱਲੇ ਤਕ ਦੀ ਪੂਰੀ ਮੰਡਲੀ ਉਤੇ ਯੋਜਨਾਬੱਧ ਹਮਲਾ ਹੈ। ਬਾਕੀ ਗੁਰੂ ਸਾਹਿਬਾਨ ਨੇ ਵੀ ਆਪਣੀ ਪਿਛੋਂ ਲਿਖੀ ਬਾਣੀ ਵਿਚ ਇਹ ਹਮਲਾ ਕਰਨ ਵਾਲੇ ਅਤੇ ਇਸ ਵਿਚ ਜਿੱਤ ਹਾਸਲ ਕਰਨ ਵਾਲੇ ਮਨੁੱਖ ਦੀ ਸਿਰਜਨਾ ਉਤੇ ਜ਼ੋਰ ਦਿੱਤਾ। ਇਸ ਦੀ ਬਣਤਰ, ਮੂਲ ਰੂਪ ਵਿਚ, ਗੁਰੂ ਨਾਨਕ ਸਾਹਿਬ ਆਪਣੀ ਬਾਣੀ ਵਿਚ ਦੇ ਗਏ ਸਨ। ਇਹ ਮਨੁੱਖ ਸੀ "ਗੁਰਮੁਖ"। ਬਾਕੀਆਂ ਗੁਰੂਆਂ ਨੇ ਗੁਰਮੁਖ ਅਤੇ ਇਸ ਦੇ ਵਿਰੋਧੀ ਮਨਮੁਖ ਦੇ ਚਰਿੱਤਰਾਂ ਬਾਰੇ ਵਿਸਥਾਰ

ਨਾਲ ਲਿਖਿਆ। ਇਨ੍ਹਾਂ ਨਵੀਂਆਂ ਸੋਚਾਂ ਨਾਲ ਗੁਰੂ ਸਾਹਿਬਾਨ ਨੇ ਵਿਚਾਰਧਾਰਕ ਤੌਰ 'ਤੇ ਨਵਾਂ ਇਨਸਾਨ ਪੈਦਾ ਕੀਤਾ ਜੋ ਮੁਗ਼ਲ ਸਲਤਨਤ ਨਾਲ ਟੱਕਰ ਲੈਣ ਅਤੇ ਜਾਤ-ਪਾਤ ਦੇ ਬ੍ਰਾਹਮਣਵਾਦੀ ਸਮਾਜ ਨੂੰ ਉਲਟਾਉਣ ਦੇ ਯੋਗ ਸੀ। ਜਦੋਂ ਗੁਰੂ ਹਰਿਗੋਬਿੰਦ ਸਾਹਿਬ ਨੇ 1606 ਈ: ਵਿਚ ਅਕਾਲ ਤਖ਼ਤ ਬਣਾ ਕੇ ਮੀਰੀ-ਪੀਰੀ ਨੂੰ ਇਕ ਕਰ ਦਿੱਤਾ ਤਾਂ ਇਹ ਰਚੇ ਗਏ ਇਨਕਲਾਬੀ ਇਨਸਾਨ ਦੇ ਐਕਸ਼ਨ ਪ੍ਰੋਗਰਾਮ ਦਾ ਐਲਾਨ ਸੀ। ਇਸ ਨਵੇਂ ਉਭਰ ਰਹੇ ਇਨਕਲਾਬੀ ਪੁਰਸ਼ ਨੇ ਇਕ ਨਵੇਂ ਬਦਲ, ਇਕ ਨਵੇਂ ਪ੍ਰਬੰਧ ਦੀ ਨੀਂਹ ਧਰਨੀ ਸੀ। 1699 ਈ: ਵਿਚ ਆਨੰਦਪੁਰ ਸਾਹਿਬ ਵਿਚ ਇਹ ਨੀਂਹ ਧਰੀ ਗਈ।

ਗੁਰੂ ਗੋਬਿੰਦ ਸਿੰਘ ਜੀ ਨੇ ਪਹੁਲ ਛਕਾ ਕੇ ਇਕ ਨਵੇਂ ਇਨਕਲਾਬੀ ਪ੍ਰਬੰਧ ਜਾਂ ਸੰਗਠਨ ਦਾ ਐਲਾਨ ਕਰ ਦਿੱਤਾ। ਇਸ ਦਾ ਨਾਂ "ਖ਼ਾਲਸਾ" ਰੱਖਿਆ ਗਿਆ। ਵੱਖ-ਵੱਖ ਜਾਤਾਂ ਅਤੇ ਖਿੱਤਿਆਂ ਵਿਚੋਂ ਚੁਣੇ ਪੰਜ ਪਿਆਰਿਆਂ ਅੱਗੇ ਆਪਣੇ ਆਪ ਨੂੰ ਸਮਰਪਿਤ ਕਰ ਕੇ ਗੁਰੂ ਸਾਹਿਬ ਨੇ ਸਥਾਪਿਤ ਕਰ ਦਿੱਤਾ ਕਿ ਇਹ ਨਵਾਂ ਸੰਗਠਨ ਇਕ ਪੁਰਖੀ ਰਾਜ ਤੋਂ ਮੁਕਤ, ਸਮੂਹਵਾਦੀ, ਕਿਰਤ ਅਤੇ ਬਰਾਬਰੀ ਉਤੇ ਆਧਾਰਿਤ ਹੋਵੇਗਾ। ਇਸ ਦੀ ਅਧਿਆਤਮਿਕ ਲੀਡਰਸ਼ਿਪ ਗੁਰੂ ਗ੍ਰੰਥ ਸਾਹਿਬ ਕੋਲ ਹੋਵੇਗੀ। ਗੁਰੂ ਗ੍ਰੰਥ ਸਾਹਿਬ ਦੀ ਵਿਆਖਿਆ ਅਤੇ ਇਸ ਉਤੇ ਅਧਾਰਿਤ ਰਾਜਨੀਤਕ ਦਿਸ਼ਾ ਦਾ ਫੈਸਲਾ ਸਮੁੱਚਾ ਪੰਥ ਕਰੇਗਾ।

ਫਰਾਂਸ ਦੇ ਇਨਕਲਾਬ ਤੋਂ 90 ਸਾਲ ਪਹਿਲਾਂ ਅਤੇ ਰੂਸੀ ਇਨਕਲਾਬ ਤੋਂ 218 ਸਾਲ ਪਹਿਲਾਂ ਆਨੰਦਪੁਰ ਸਾਹਿਬ ਵਿਚ ਵਾਪਰੀ ਇਹ ਘਟਨਾ ਮਨੁੱਖੀ ਇਤਿਹਾਸ ਵਿਚ ਇਕ ਚਮਤਕਾਰ ਹੈ। ਮਨੁੱਖ ਦੀ ਇਕ ਅਦੁੱਤੀ ਪ੍ਰਾਪਤੀ ਹੈ। ਗੌਰਵ ਵਾਲੀ ਗੱਲ ਇਹ ਹੈ ਕਿ ਸਿੱਖ ਇਨਕਲਾਬ ਸਿਖਰ ਉਤੇ ਲਿਆ ਕੇ ਇਸ ਨੂੰ ਇਕ ਪੂਰਨ ਰਾਜਨੀਤਕ ਵਿਦਰੋਹ ਅਤੇ ਅੰਤਮ ਐਕਸ਼ਨ ਵਿਚ ਬਦਲਣ ਤੋਂ ਪਹਿਲਾਂ ਕੋਈ ਦੋ ਸੌ ਸਾਲ ਤਕ ਵਿਚਾਰਧਾਰਕ ਤਬਦੀਲੀ ਲਿਆਂਦੀ ਗਈ। ਇਕ ਨਵੇਂ ਮਾਨਸਿਕ ਅਤੇ ਸਰੀਰਕ ਪ੍ਰਬੰਧ ਵਾਲਾ ਇਨਸਾਨ ਰਚਿਆ ਗਿਆ। ਇਸ ਦੀਆਂ ਰਗਾਂ ਵਿਚ ਦੌੜਨ ਵਾਲਾ ਖ਼ੂਨ ਇਕ ਨਵੇਂ ਮਾਡਲ ਤੋਂ ਪ੍ਰੇਰਣਾ ਲੈਂਦਾ ਸੀ। ਇਸ ਵਿਚਿੱਤਰਤਾ ਕਾਰਨ ਹੀ ਇਹ ਇਨਕਲਾਬੀ ਇਨਸਾਨ ਸਮਝੌਤਾਵਾਦੀ ਨਹੀਂ ਹੋ ਸਕਦਾ ਸੀ। ਹਰਬਰਟ ਮਾਰਕੂਜ਼ੇ ਨੇ 'ਐਨ ਐਸੇ ਔਨ ਲਿਬਰੇਸ਼ਨ' ਵਿਚ ਠੀਕ ਲਿਖਿਆ ਹੈ ਕਿ ਮਨ ਅਤੇ ਸਰੀਰ ਦੇ ਇਕ ਨਵੇਂ ਸੰਯੋਗ ਤੋਂ ਬਿਨਾ ਪਰਮਾਣਿਕ ਇਨਕਲਾਬੀ ਬਣਨਾ ਕਠਿਨ ਹੈ। ਸਮੁੱਚੇ ਹਾਵ-ਭਾਵ (ਰੈਸਪੌਂਸ ਸਿਸਟਮ) ਬਦਲਣ ਦੀ ਲੋੜ ਹੈ। ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਸਿੱਖ ਗੁਰੀਲੇ ਸੌ ਸਾਲ ਤਕ ਜੰਗਲਾਂ ਵਿਚ ਰਹਿ ਕੇ ਮੁਗ਼ਲਾਂ ਅਤੇ ਵਿਦੇਸ਼ੀ ਧਾੜਵੀਆਂ ਨਾਲ ਲੜਦੇ ਰਹੇ। ਇਸ ਤਰ੍ਹਾਂ ਦੀ ਲੜਾਈ ਲਈ ਜਨੂੰਨ ਦੀ ਹੱਦ ਤਕ ਵਚਨ-ਬੱਧਤਾ ਚਾਹੀਦੀ ਹੈ ਜੋ ਇਸ ਇਨਕਲਾਬੀ ਕੋਲ ਸੀ।

ਸਿੱਖ ਮਿਸਲਾਂ ਨੇ ਅਤੇ ਪਿਛੋਂ ਮਹਾਰਾਜਾ ਰਣਜੀਤ ਸਿੰਘ ਨੇ ਘਸਮਾਣ ਦੇ ਯੁੱਧਾਂ ਨਾਲ ਆਖਰ ਉੱਤਰੀ ਹਿੰਦ ਵਿਚ ਇਕ ਨਵਾਂ ਰਾਜ ਸਥਾਪਿਤ ਕਰ ਲਿਆ। ਰਣਜੀਤ ਸਿੰਘ ਨੂੰ ਕੋਈ ਸੱਤਰ ਸਾਲ ਇਲਾਕੇ ਜਿੱਤ ਕੇ ਰਾਜ ਪੱਕਾ ਕਰਨ ਵਿਚ ਹੀ ਲੱਗ ਗਏ। ਭਾਵੇਂ ਉਸ ਨੇ ਆਪਣੇ ਰਾਜ ਵਿਚ ਧਰਮ, ਵਿਚਾਰ ਪੱਖੋਂ ਕਿਸੇ ਨਾਲ ਕੋਈ ਵਿਤਕਰਾ ਨਾ ਕੀਤਾ, ਆਪਣੇ ਮੰਤਰੀ ਮੰਡਲ ਵਿਚ ਵੀ ਕਈ ਧਰਮਾਂ ਦੇ ਪ੍ਰਤੀਨਿਧ ਰੱਖੇ, ਫੌਜੀ ਟਰੇਨਿੰਗ ਲਈ ਵਿਦੇਸ਼ੀਆਂ ਨੂੰ ਵੀ ਲਾਇਆ ਪਰ ਸਿੱਖ ਇਨਕਲਾਬ ਦਾ ਇਕ ਗੌਰਵਸ਼ੀਲ ਵਾਅਦਾ ਉਹ ਵੀ ਪੂਰਾ ਨਾ ਕਰ ਸਕਿਆ। ਉਹ ਸੀ ਅਜਿਹਾ ਅਰਥਚਾਰਾ ਰਚਣਾ ਜਿਸ ਵਿਚ ਬਰਾਬਰੀ ਹੋਵੇ। ਭਾਵੇਂ ਕਿਸਾਨਾਂ ਨਾਲ ਹਮਦਰਦੀ, ਟੈਕਸਾਂ ਵਿਚ ਰਾਹਤ ਆਦਿ ਦੀਆਂ ਸਭ ਮਿਸਾਲਾਂ ਮੌਜੂਦ ਹਨ ਪਰ ਸ਼ਾਇਦ ਵਕਤ ਦੀ ਘਾਟ ਕਾਰਨ ਅਤੇ ਕੁਝ ਆਧੁਨਿਕ ਕਿਸਮ ਦੇ ਵਿਗਿਆਨਕਾਂ ਦੇ ਘੱਟ ਵਿਕਸਿਤ ਹੋਣ ਕਾਰਨ ਉਹ ਬਰਾਬਰੀ ਦੇ ਵਾਅਦੇ ਨੂੰ ਨਵਾਂ ਅਰਥਚਾਰਾ ਦੇ ਕੇ ਪੂਰਾ ਨਾ ਕਰ ਸਕਿਆ। ਭੂਮੀ-ਵਾਹੀ ਉਵੇਂ ਹੀ ਕਾਇਮ ਰਹੀ।

ਅੰਗਰੇਜ਼ ਸਾਮਰਾਜ ਦੇ ਆਉਣ ਉਤੇ ਪੰਜਾਬੀ ਕਿਸਾਨਾਂ ਨੇ ਭੂਮੀਦਾਰੀ ਵਿਰੁੱਧ ਅਸੰਤੋਸ਼ ਪ੍ਰਗਟ ਕੀਤਾ। ਅੰਗਰੇਜ਼ਾਂ ਨੇ ਪਹਿਲਾਂ ਤਾਂ ਪੰਜਾਬ ਦੇ ਸਧਾਰਨ ਕਿਸਾਨ ਨੂੰ ਖੁਸ਼ ਕਰਨ ਲਈ ਵੱਡੀ ਜ਼ਿਮੀਦਾਰੀ ਜਾਂ ਅਸਟ੍ਰੇਟ ਖਤਮ ਕੀਤੀ ਪਰ ਪਿਛੋਂ ਫੇਰ ਬਹਾਲ ਕਰ ਦਿੱਤੀ ਤਾਂ ਕਿ ਸਿੱਖ ਭੂਮੀਪਤੀਆਂ ਨੂੰ ਵਰਤਿਆ ਜਾ ਸਕੇ। ਫਿਰ ਸਾਮਰਾਜੀਆਂ ਨੇ ਜਿਸ ਤਰ੍ਹਾਂ ਪੰਜਾਬ ਦੀ ਆਰਥਿਕਤਾ ਨੂੰ ਨੀਮ ਜਾਂ ਪੂਰੇ ਜਾਗੀਰਦਾਰੀ ਅੰਸ਼ਾਂ ਨਾਲ ਆਪਣੀ ਲੋਟੂ ਆਰਥਿਕਤਾ ਦਾ ਹਿੱਸਾ ਬਣਾਇਆ, ਉਸ ਨਾਲ ਕਿਸਾਨ ਕੋਲ ਆਪਣੀ ਪੈਦਾਵਾਰ ਦਾ ਪੰਜਵਾਂ ਹਿੱਸਾ ਹੀ ਬਚਣ ਲੱਗਾ। ਬਹੁਤੇ ਛੋਟੇ ਕਿਸਾਨ ਸੂਦ-ਖੋਰਾਂ ਅਤੇ ਆੜ੍ਹਤੀਆਂ ਦੇ ਗ਼ੁਲਾਮ ਹੋ ਗਏ।

ਵੰਡ ਤੋਂ ਪਿਛੋਂ ਉਮੀਦ ਸੀ ਕਿ ਆਜ਼ਾਦ ਭਾਰਤ ਵਿਚ ਅਜਿਹੀ ਆਰਥਿਕਤਾ ਉਸਾਰੀ ਜਾਵੇਗੀ ਜੋ ਪੰਜਾਬ ਦੇ ਸਧਾਰਨ ਕਿਸਾਨ ਅਤੇ ਨਿਮਨ ਮੱਧ ਵਰਗ ਨੂੰ ਰਾਹਤ ਦੇ ਸਕੇ। ਪਰ "ਸਮਾਜਵਾਦ" ਦੇ ਨਾਅਰੇ ਦੇ ਬਾਵਜੂਦ ਜਗੀਰਦਾਰੀ ਅੰਸ਼ਾਂ ਨਾਲ ਸਮਝੌਤਾ ਕਰ ਕੇ ਪੂੰਜੀਪਤੀ ਅਰਥਚਾਰਾ ਖੜ੍ਹਾ ਕਰ ਦਿੱਤਾ ਗਿਆ। ਇਸ ਅਰਥਚਾਰੇ ਵਿਚ ਸਧਾਰਣ ਕਿਸਾਨ ਅਤੇ ਨਿਮਨ ਮੱਧ-ਵਰਗਾਂ ਦੀ ਹਾਲਤ ਬਹੁਤੀ ਠੀਕ ਨਹੀਂ ਹੋਈ। ਜਿਸ ਅਨੁਸਾਰ ਨਾਲ ਦੇਸ਼ ਦੀ ਪੂੰਜੀ ਵਧੀ ਹੈ, ਉਸ ਅਨੁਸਾਰ ਇਨ੍ਹਾਂ ਵਰਗਾਂ ਦੀ ਆਮਦਨ ਵਿਚ ਵਾਧਾ ਨਹੀਂ ਹੋਇਆ। ਸਗੋਂ ਜ਼ਮੀਨ ਦੀ ਪੈਦਾਵਾਰ ਅਤੇ ਇਸ ਦੀਆਂ ਵੱਧ ਪੂੰਜੀ ਨਾ ਕਰਨ ਦੀਆਂ ਸੀਮਿਤ ਸੰਭਾਵਨਾਵਾਂ ਦਾ ਗਿਆਨ ਹੋਰ ਵਧਿਆ ਹੈ।

ਜਿਸ ਆਰਥਿਕ ਅਤੇ ਰਾਜਨੀਤਕ ਬਰਾਬਰੀ ਦਾ ਵਾਅਦਾ ਸਿੱਖ ਇਨਕਲਾਬ ਨੇ ਦਿੱਤਾ ਸੀ ਉਹ ਨਾ

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਨੇ ਪੂਰਾ ਕੀਤਾ, ਨਾ ਅੰਗਰੇਜ਼ੀ ਸਾਮਰਾਜ ਨੇ ਅਤੇ ਨਾ ਹੀ ਆਜ਼ਾਦ ਭਾਰਤ ਦੇ ਅਰਥਚਾਰੇ ਨੇ। ਪੈਦਾ ਹੋਣ ਵਾਲੀ ਪੂੰਜੀ ਦਾ ਹੀ ਬਹੁਤਾ ਹਿੱਸਾ ਇਕੋ ਜਮਾਤ ਹੜੱਪ ਕਰ ਰਹੀ ਹੈ। ਅੱਜ ਚੱਲ ਰਹੀ ਜੁਝਾਰੂ ਸਿੱਖ ਨੌਜਵਾਨਾਂ ਦੀ ਲਹਿਰ ਜਿਸ ਇਤਿਹਾਸ ਅਤੇ ਵਿਚਾਰਧਾਰਾ ਤੋਂ ਪ੍ਰਭਾਵਿਤ ਹੈ ਉਹ ਇਸ ਵਾਅਦੇ ਨੂੰ ਪੂਰਿਆਂ ਕਰਨ ਨਾਲ ਸਬੰਧਤ ਹੈ। ਨਵੀਂ ਸਿੱਖਿਆ ਨੇ ਨੌਜਵਾਨਾਂ ਦੀ ਇਸ ਬਾਰੇ ਸੰਵੇਦਨਾ ਨੂੰ ਹੋਰ ਵੀ ਵਧਾ ਦਿੱਤਾ ਹੈ।

ਇਸ ਤੋਂ ਵੀ ਵੱਧ ਇਹ ਕਿ ਜੁਝਾਰੂ, ਸਿੱਖ ਇਨਕਲਾਬ ਵਿਚ ਰਚੇ ਗਏ ਉਸ ਇਨਸਾਨ ਦੇ ਉਤਰਾਧਿਕਾਰੀ ਹਨ ਜੋ ਨਵੇਂ ਅਰਥਚਾਰੇ ਦੇ ਸੁਪਨੇ ਦੇ ਨਾਲ ਇਕ ਬਦਲੇ ਹੋਏ ਮਾਨਸਿਕ ਅਤੇ ਸਰੀਰਕ ਸੰਯੋਗ ਦਾ ਵੀ ਮਾਲਕ ਹੈ। ਇਸ ਨੂੰ "ਸਹਜ" ਅਤੇ "ਆਤਮ ਰਸਿ" ਵਿਚ ਰਹਿਣ ਦਾ ਉੱਚਾ ਆਦਰਸ਼ ਦਿੱਤਾ ਗਿਆ ਹੈ। ਇਹ ਆਦਰਸ਼ ਪੂੰਜੀਵਾਦ ਦੇ ਸ਼ਖ਼ਸੀਅਤ ਨੂੰ ਵੰਡਣ ਖਿਲਾਰਨ ਅਤੇ ਤੋੜਨ-ਫੋੜਨ ਵਾਲੇ ਪ੍ਰਬੰਧ ਵਿਚ ਫਲ ਨਹੀਂ ਸਕਦਾ। ਇਸ ਲਈ ਜੁਝਾਰੂਆਂ ਦੇ ਵਿਦਰੋਹ ਦੀਆਂ ਜੜ੍ਹਾਂ ਪੰਜਾਬ ਦੇ ਇਤਿਹਾਸ ਅਤੇ ਸਮਕਾਲੀ ਪੂੰਜੀਵਾਦ ਦੀ ਅਸਫਲਤਾ ਵਿਚ ਹਨ। ਇਸ ਵਿਦਰੋਹ ਲਹਿਰ ਤੋਂ ਭਾਰਤੀ ਪ੍ਰਬੰਧਕਾਂ ਨੂੰ ਸਬਕ ਸਿੱਖਣੇ ਚਾਹੀਦੇ ਹਨ। "ਦਹਿਸ਼ਤਵਾਦ" ਜਾਂ "ਫਿਰਕਾਪ੍ਰਸਤੀ" ਕਹਿ ਕੇ ਗ਼ੈਰ-ਜ਼ਿੰਮੇਵਾਰ ਨਹੀਂ ਬਣਨਾ ਚਾਹੀਦਾ ਅਤੇ ਨਾ ਹੀ ਇਹ ਕਹਿ ਕੇ ਆਪਣੀ ਅਸਫਲਤਾ ਅਤੇ ਸੀਮਾ ਉਤੇ ਪਰਦਾ ਪਾਉਣਾ ਚਾਹੀਦਾ ਹੈ।

ਸਿੱਖ ਇਨਕਲਾਬ ਦੇ ਵਾਅਦੇ ਪੂਰੇ ਕਰਨ ਲਈ ਜੁਝਾਰੂ ਜਿਸ ਤਰ੍ਹਾਂ ਵਚਨਬੱਧ ਹਨ, ਉਸ ਲਈ ਉਨ੍ਹਾਂ ਦੀ ਪੂੰਜੀਪਤੀ ਪ੍ਰਬੰਧ ਨਾਲ ਟੱਕਰ ਰੋਕੀ ਨਹੀਂ ਜਾ ਸਕਦੀ। ਅਕਾਲੀ ਦਲ ਦੇ ਨੇਤਾ, ਜੋ ਬਹੁਤੇ ਵੱਡੇ ਜ਼ਿਮੀਦਾਰਾਂ ਜਾਂ ਪੂੰਜੀਪਤੀਆਂ ਵਿਚੋਂ ਹਨ, ਇਸ ਟੱਕਰ ਨੂੰ ਅਸਫਲ ਬਣਾਉਣਾ ਚਾਹੁਣਗੇ ਕਿਉਂਕਿ ਉਹ ਆਪਣੀ ਮਾਲਕੀ ਅਤੇ ਉਸ ਦੇ ਸੁੱਖ ਤਿਆਗ ਨਹੀਂ ਸਕਦੇ। ਉਨ੍ਹਾਂ ਲਈ ਬਰਾਬਰੀ, ਮਲਕੀਅਤ ਨਾਲ ਸਬੰਧ ਨਹੀਂ ਰੱਖਦੀ। ਸਿਰਫ ਲੰਗਰ ਵਿਚ ਬਰਾਬਰ ਬਣਾਉਣ ਤਕ ਹੀ ਸੀਮਿਤ ਹੈ।

ਅਕਾਲ ਤਖ਼ਤ ਦੇ ਜਥੇਦਾਰ ਦੀ ਜ਼ਿੰਮੇਵਾਰੀ ਸਿੱਖ ਇਨਕਲਾਬ ਦੇ ਵਾਅਦੇ ਪੂਰੇ ਕਰਵਾਉਣ ਵਿਚ ਹੈ। ਜੋ ਵਰਗ ਇਹ ਵਾਅਦੇ ਪੂਰੇ ਕਰਵਾ ਸਕਦਾ ਹੈ ਸਿਰਫ ਉਸ ਨੂੰ ਹੀ ਅੱਗੇ ਲਿਆਉਣ ਵਿਚ ਸਿਆਣਪ ਹੈ। ਜੇ ਅਕਾਲੀ ਦਲ ਰੋਕਦਾ ਹੈ ਤਾਂ ਹੁਣ ਵਾਲੇ ਨੂੰ ਤੋੜ ਕੇ ਯੁਵਕ-ਪ੍ਰਧਾਨ, ਭਵਿੱਖ ਮੁਖੀ ਅਤੇ ਵਿਚਾਰਧਾਰਕ ਤੌਰ 'ਤੇ ਚੇਤੰਨ ਅਕਾਲੀ ਦਲ ਬਣਾਇਆ ਜਾਵੇ।

ਜੁਝਾਰੂਆਂ ਦੇ ਇਕ ਗਰੁੱਪ 'ਬੱਬਰਾਂ' ਨੇ ਆਪਣੇ ਇਕ ਪੈਂਫਲਿਟ ਵਿਚ ਸਾਫ ਲਿਖਿਆ ਹੈ ਕਿ ਉਨ੍ਹਾਂ ਦੀ

ਲੜਾਈ "ਮਨੁੱਖਤਾ ਵਿਚ ਪਈਆਂ ਕੁੱਲ ਗ਼ੈਰ-ਕੁਦਰਤੀ ਵੰਡੀਆਂ" ਮਿਟਾਉਣ ਲਈ ਹੈ। ਉਹ ਅਜਿਹਾ ਰਾਜ ਰਚਣਾ ਚਾਹੁੰਦੇ ਹਨ ਜਿਸ ਵਿਚ "ਇਜਾਰੇਦਾਰ ਤੇ ਸਰਮਾਏਦਾਰ ਜ਼ਾਲਮਾਂ, ਮਜ਼ਲੂਮਾਂ ਦੇ ਦੁੱਧ-ਪੁੱਤ, ਗ਼ੈਰਤ ਤੇ ਇੱਜ਼ਤ ਦੀ ਬਲੀ ਲੈ ਕੇ ਐਸ਼ ਦੀ ਜ਼ਿੰਦਗੀ ਲਈ ਉਸਾਰੇ ਬਹਿਸ਼ਤ ਨਹੀਂ ਰਹਿਣਗੇ।"

ਇਹ ਜੁਝਾਰੂ ਏਨੀ ਵਰਗ-ਚੇਤਨਤਾ ਰੱਖਦੇ ਹਨ, ਇਹ ਸੰਤੋਖ ਵਾਲੀ ਗੱਲ ਹੈ, ਪਰ ਉਨ੍ਹਾਂ ਨੂੰ ਇਹ ਵੀ ਸਮਝਣ ਦੀ ਲੋੜ ਹੈ ਕਿ ਇਹ ਲੜਾਈ 'ਹਿੰਦੂ ਸਾਮਰਾਜ' ਨਾਲ ਨਹੀਂ ਸਗੋਂ ਕੇਂਦਰ ਦੇ ਪੂੰਜੀਵਾਦੀ ਅਤੇ ਉਸ ਦੇ ਸਹਾਇਕ ਜਗੀਰਦਾਰੀ ਗ੍ਰੋਹ ਨਾਲ ਹੈ ਜੋ ਆਪਣੀਆਂ ਲੋਟੂ-ਵਿਉਂਤਾਂ ਅੱਗੇ ਨਾ ਝੁਕਣ ਵਾਲੀ ਹਰ ਸਵੈ-ਚੇਤੰਨ ਸੱਭਿਆਚਾਰਕ ਇਕਾਈ ਨੂੰ ਤੋੜਨਾ ਚਾਹੁੰਦਾ ਹੈ ਭਾਵੇਂ ਉਹ ਸਿੱਖ ਹੋਵੇ, ਭਾਵੇਂ ਨਾਗਾ ਅਤੇ ਭਾਵੇਂ ਮੀਜ਼ੋ। ਕਿਸੇ ਲੋਟੂ ਦਾ ਕੋਈ ਧਰਮ ਨਹੀਂ ਹੁੰਦਾ। ਉਹ ਧਰਮ ਨੂੰ ਲੁੱਟ ਲਈ ਸਿਰਫ ਵਰਤਦਾ ਹੀ ਹੈ।

# ਮੂਲਵਾਦ ਕੀ ਹੈ ?

ਭਾਰਤ ਦੇ ਬੁਰਜੂਆ ਪ੍ਰੈਸ ਅਤੇ ਕੁਝ ਰਾਜਸੀ ਪਾਰਟੀਆਂ ਨੇ ਸ਼ਬਦ "ਮੂਲਵਾਦ" (ਫੰਡਾਮੈਂਟਲਿਜ਼ਮ) ਕੁਝ ਰਾਜਸੀ ਲਹਿਰਾਂ ਬਾਰੇ, ਵਿਸ਼ੇਸ਼ ਕਰ ਕੇ ਪੰਜਾਬ ਵਿਚ ਚੱਲ ਰਹੀ ਸਿੱਖ ਨੌਜਵਾਨਾਂ ਦੀ ਖਾੜਕੂ ਲਹਿਰ ਬਾਰੇ ਵਰਤਿਆ ਹੈ। ਇਸ ਲੇਖ ਦਾ ਮਨੋਰਥ ਇਸ ਸ਼ਬਦ ਪਿਛੇ ਲੁਕੇ ਸੰਕਲਪ ਨੂੰ ਸਮਝਣਾ ਅਤੇ ਇਸ ਦੀ ਵਰਤੋਂ ਕਰਨ ਵਾਲੀਆਂ ਧਿਰਾਂ ਦੇ ਮੰਤਵ ਨੂੰ ਉਘਾੜਨਾ ਹੈ।

ਸ਼ਬਦ "ਮੂਲਵਾਦ" ਦੀ ਵਰਤੋਂ 19ਵੀਂ ਸਦੀ ਦੇ ਅੰਤ ਉਤੇ ਚੱਲੀ ਇਕ ਈਸਾਈ ਪ੍ਰੋਟੈਸਟੈਂਟ ਲਹਿਰ ਬਾਰੇ ਸ਼ੁਰੂ ਹੋਈ। ਇਹ ਲਹਿਰ ਅਮਰੀਕਾ ਵਿਚ 1920 ਵਾਲੇ ਦਹਾਕੇ ਦੌਰਾਨ ਸ਼ਕਤੀਵਰ ਬਣੀ ਅਤੇ ਕੁਝ ਬਦਲੇ ਰੂਪ ਵਿਚ 1950 ਤਕ ਕਾਇਮ ਰਹੀ। ਬਾਈਬਲ ਦੀ ਸਦੀਵਤਾ, ਯਸੂ ਮਸੀਹ (ਈਸਾ) ਦੇ ਕੰਵਾਰ-ਜਨਮ, ਪਰਮਾਤਮਾ ਦੇ ਹੁਕਮ ਨਾਲ ਰਚਨਾ ਦੇ ਤਤਫੱਟ ਹੋਂਦ ਵਿਚ ਆਉਣ, ਮਨੁੱਖ ਦਾ ਪਤਨ, ਯਸੂ ਮਸੀਹ ਦੇ ਮਨੁੱਖੀ ਪਾਪਾਂ ਲਈ ਚਰਖੜੀ ਚੜ੍ਹਨ ਅਤੇ ਉਸਦੇ ਦੇਹਧਾਰੀ ਪਾਰਗਮਨ ਇਕ ਹਜ਼ਾਰ ਸਾਲ ਦੀ ਪ੍ਰਭੁਤਾ ਲਈ ਵਾਪਸ ਮੁੜਨ, ਉਸ ਵਿਚ ਵਿਸ਼ਵਾਸ ਕਰਨ ਵਾਲਿਆਂ ਦੀ ਦੇਹਗਤ ਸੁਰਜੀਤੀ ਅਤੇ ਗੁਨਾਹਗਾਰਾਂ ਨੂੰ ਸਜ਼ਾ ਵਿਚ ਦ੍ਰਿੜ੍ਹ ਵਿਸ਼ਵਾਸ ਹੀ ਇਸ ਲਹਿਰ ਦੇ ਮੁੱਖ ਸਿਧਾਂਤ ਸਨ।

ਇਹ ਸਮਾਂ ਉਹ ਸੀ ਜਦੋਂ ਯੂਰਪ ਅਤੇ ਅਮਰੀਕਾ ਵਿਚ ਪੂੰਜੀਵਾਦੀ ਦੇ ਅੰਦਰਲੇ ਵਿਰੋਧ ਇਸ ਦੇ ਹੋਰ ਵਿਕਾਸ ਵਿਚ ਅੜਿੱਕਾ ਬਣ ਰਹੇ ਸਨ। ਨਤੀਜੇ ਵਜੋਂ ਪਹਿਲਾ ਸੰਸਾਰ ਯੁੱਧ ਛਿੜਿਆ ਜਿਸਦੇ ਮੁੱਖ ਕਾਰਣ ਇਸ ਅੜਿੱਕੇ ਤੋਂ ਮੁਕਤੀ ਹਾਸਲ ਕਰਨ ਲਈ ਰਾਹ ਨਾ ਲੱਭ ਸਕਣਾ ਅਤੇ ਕੁਝ ਕੁ ਪੂਰਵ ਪੂੰਜੀਵਾਦੀ ਤਾਕਤਾਂ ਦਾ ਅੜੇ ਰਹਿਣਾ ਵੀ ਸੀ। ਪਰ ਇਸ ਦਾ ਨਤੀਜਾ ਹੋਇਆ ਕਿ ਯੂਰਪ ਅਤੇ ਅਮਰੀਕਾ ਦੋਹਾਂ ਥਾਵਾਂ ਉਤੇ ਮੱਧ ਸ਼੍ਰੇਣੀ ਅਤੇ ਛੋਟੀ ਕਿਸਾਨੀ ਨੂੰ ਕਾਫੀ ਸੰਤਾਪ ਝੱਲਣਾ ਪਿਆ। ਅਮਰੀਕਾ ਵਿਚ 1930 ਦੇ ਨੇੜੇ ਵਾਪਰੀ "ਡੀਪਰੈਸ਼ਨ" ਜਾਂ ਆਰਥਿਕ ਨਿਘਾਰ ਵੀ ਇਹ ਸੰਤਾਪ ਕਾਲ ਸੀ।

ਇਸ ਸੰਕਟ ਦੌਰਾਨ ਛੋਟੀ ਕਿਸਾਨੀ ਅਤੇ ਮੱਧ ਸ਼੍ਰੇਣੀ ਕੋਲ ਚੱਲ ਰਹੇ ਅਰਥਚਾਰੇ ਦੇ ਦਰਸ਼ਨ ਅਤੇ ਵਿਚਾਰਧਾਰਾ ਵਿਚ ਕੋਈ ਵਿਸ਼ਵਾਸ ਨਹੀਂ ਰਿਹਾ ਸੀ। ਵੱਧ ਰਹੇ ਵਿਗਿਆਨਵਾਦ ਅਤੇ ਬਲਵੰਤ ਹੋ ਰਹੇ ਵਿਕਾਸਵਾਦ ਨੇ ਵੀ ਅਜਿਹੀ ਅਸਥਿਰਤਾ ਲੈ ਆਂਦੀ ਸੀ ਕਿ ਇਨ੍ਹਾਂ ਵਰਗਾਂ ਲਈ ਕੋਈ ਵਿਚਾਰਧਾਰਕ ਸਹਾਰਾ ਚਾਹੀਦਾ ਸੀ। ਇਸ ਸੰਤਾਪ ਅਤੇ ਸੰਕਟ ਸਮੇਂ ਜੋ ਇਕ ਟੇਕ ਦਿੱਤੀ ਗਈ ਉਹ ਇਹ ਮੂਲਵਾਦ ਸੀ।

ਜਿਸ ਦੇ ਮੁੱਖ ਵਿਚਾਰ ਬਾਈਬਲ ਨੂੰ ਅਬਦਲ ਮੰਨਣਾ ਅਤੇ ਇਸ ਵਿਚ ਯਸੂ ਮਸੀਹ ਅਤੇ ਮਨੁੱਖ ਦੀ ਦੇਹਧਾਰੀ ਪੁਨਰ ਸੁਰਜੀਤੀ ਬਾਰੇ ਦਿੱਤੇ ਪੌਰਾਣ ਜਾਂ ਮਿੱਥ ਵਰਗੀ ਕਹਾਣੀ ਨੂੰ ਸ਼ਿੱਦਤ ਭਰਪੂਰ ਸੱਚ ਵਜੋਂ ਸਥਾਪਿਤ ਕਰਨਾ ਸੀ।

ਇਸ ਇਤਿਹਾਸਕ ਪ੍ਰਸੰਗ ਵਿਚ ਜੇ ਮੂਲਵਾਦ ਦਾ ਸਿਧਾਂਤ ਸਮਝਿਆ ਜਾਵੇ ਤਾਂ ਇਹ ਇਕ ਪ੍ਰਵਾਨ ਹੋ ਚੁੱਕੇ ਗ੍ਰੰਥ ਵਿਸ਼ਵਾਸ ਜਾਂ ਦਰਸ਼ਨ ਦੇ ਮੁੱਢਲੇ ਜਾਂ ਮੂਲ ਵਿਚਾਰਾਂ ਵੱਲ ਵਾਪਸੀ ਅਤੇ ਹਰ ਪ੍ਰਕਾਰ ਦੇ ਵਿਕਾਸ ਨੂੰ ਰੱਦ ਕਰ ਕੇ ਉਨ੍ਹਾਂ ਵਿਚਾਰਾਂ ਨੂੰ ਅਬਦਲ ਮੰਨਣਾ ਬਣਦਾ ਹੈ। ਅਜਿਹੀ ਪ੍ਰਕਿਰਿਆ ਦਾ ਵੱਡਾ ਲੱਛਣ "ਦੁਹਰਾਉ" ਜਾਂ ਉਨ੍ਹਾਂ ਮੂਲ ਵਿਚਾਰਾਂ ਨੂੰ ਵਾਰ-ਵਾਰ ਜੀਵਨ ਵਿਚ ਲਿਆਉਣਾ ਅਤੇ ਜੀਵਨ ਦੀ ਗਤੀ ਨੂੰ ਅਸਵੀਕਾਰ ਕਰਕੇ ਜੀਵਨ ਦੀਆਂ ਸਭ ਸੰਸਥਾਵਾਂ ਅਤੇ ਅਮਲਾਂ ਨੂੰ ਉਨ੍ਹਾਂ ਮੂਲ ਵਿਚਾਰਾਂ ਅਨੁਸਾਰ ਢਾਲਣਾ ਹੈ। ਜੇ ਕੋਈ ਨਾ ਢਲੇ ਤਾਂ ਉਸ ਪ੍ਰਤੀ ਹਿੰਸਾਤਮਕ ਹੋਣਾ ਹੈ। ਘੱਟੋ-ਘੱਟ ਅਜਿਹੀ ਹਿੰਸਾ ਦੀ ਜੇ ਸਿੱਧੀ ਨਹੀਂ ਤਾਂ ਅਸਿੱਧੀ ਸੰਭਾਵਨਾ ਇਸ ਦੁਹਰਾਉ ਵਿਚ ਮੌਜੂਦ ਹੈ।

ਦੁਹਰਾਉ ਆਪਣੇ-ਆਪ ਵਿਚ ਕੋਈ ਨਿਸ਼ੇਧਾਤਮਕ ਜਾਂ ਨੈਗੇਟਿਵ ਕਿਰਿਆ ਨਹੀਂ। ਜਰਮਨ ਫਿਲਾਸਫਰ ਨੀਟਸ਼ੇ ਦੁਹਰਾਉ ਨੂੰ ਜੀਵਨ ਅਤੇ ਇਤਿਹਾਸ ਦਾ ਇਕ ਅਹਿਮ ਪੱਖ ਮੰਨਦਾ ਸੀ। ਇਤਿਹਾਸ ਉਸ ਅਨੁਸਾਰ ਦੁਹਰਾਵਾਂ ਤੋਂ ਹੀ ਆਪਣੇ ਵਿਸ਼ਰਾਮ ਚਿੰਨ੍ਹ ਲੈਂਦਾ ਹੈ। ਸੌਖੇ ਸ਼ਬਦਾਂ ਵਿਚ ਜੀਵਨ ਅਤੇ ਇਤਿਹਾਸ ਦਾ ਵਿਕਾਸ ਸਿੱਧੀ ਲਕੀਰ ਵਾਂਗ ਨਹੀਂ ਹੈ, ਜਿਵੇਂ ਇਸ ਨੂੰ ਈਸਾਈਅਤ ਜਾਂ ਹੋਰ ਧਰਮ ਅਤੇ ਦਰਸ਼ਨ ਦੇਖਦੇ ਹਨ ਕਿਉਂਕਿ ਸਿਰਜਨਾ ਦੇ ਅਮਲ ਨਾਲ ਸਬੰਧਤ ਰੂਪ ਸੀਮਤ ਹੀ ਹਨ ਇਸ ਲਈ ਉਹ ਆਪਣੇ-ਆਪ ਨੂੰ ਦੁਹਰਾਉਂਦੇ ਰਹਿੰਦੇ ਹਨ। ਪਰ ਇਸ ਦੇ ਬਾਵਜੂਦ ਪਰਮ ਮਨੁੱਖਾਂ ਦੀ ਸਿਰਜਨਾਤਮਕਤਾ ਅਤੇ ਇੱਛਾ ਸ਼ਕਤੀ ਰਾਹੀਂ ਪਰਿਵਰਤਨ ਅਤੇ "ਵਿਕਾਸ" ਵੀ ਹੁੰਦਾ ਹੈ।

ਜੇ ਦੁਹਰਾਉ ਕੁਝ ਸੀਮਤ ਰੂਪਾਂ ਦਾ ਜੀਵਨ ਨੂੰ ਕਾਇਮ ਰੱਖਣ ਅਤੇ ਅੱਗੇ ਤੋਰਨ ਦੇ ਤਰਕ ਵਿਚ ਹੋਣ ਵਾਲਾ ਜ਼ਰੂਰੀ ਅਮਲ ਹੈ ਤਾਂ ਸਿਰਜਨਾ ਅਤੇ ਇੱਛਾ ਸ਼ਕਤੀ ਨਾਲ ਕੁਝ ਤਣਾਓ ਵਿਚ ਉਨ੍ਹਾਂ ਸੀਮਤ ਜਾਂ ਮੁੱਢਲੇ ਰੂਪਾਂ ਦਾ ਦੁਹਰਾਉ ਜੀਵਨ ਅਤੇ ਇਤਿਹਾਸ ਦੇ ਅੱਗੇ ਜਾਣ ਨਾਲ ਹੀ ਸਬੰਧਿਤ ਹੈ। ਇਸ ਲਈ ਉਨ੍ਹਾਂ ਮੁੱਢਲੇ ਰੂਪਾਂ ਨੂੰ ਮੁੜ ਲਿਆਉਣਾ ਅਤੇ ਵਿਚਾਰਧਾਰਕ ਜਾਂ ਦਾਰਸ਼ਨਿਕ ਪੱਧਰ ਉਤੇ ਉਨ੍ਹਾਂ ਵੱਲ ਵਾਪਸੀ ਨਿਸ਼ੇਧਾਤਮਕ ਨਹੀਂ, ਪਰ ਨੀਟਸ਼ੇ ਦੀ ਸ਼ਰਤ ਇਹ ਹੈ ਕਿ ਅਜਿਹੇ ਚਿੰਤਨ ਨੂੰ ਸਵੀਕਾਰ ਕਰਨ ਤੋਂ ਪਹਿਲਾਂ ਵਿਅਕਤੀ ਦੀ ਆਪਣੀ ਇੱਛਾ ਸ਼ਕਤੀ, ਰਚਨਾਤਮਕਤਾ, ਚਰਿੱਤਰ ਅਤੇ ਸ਼ੈਲੀ ਬਾਰੇ ਸਵੈ-ਚੇਤਨਤਾ ਅਤੇ ਇਸ ਨੂੰ ਰੂਪ ਦੇਣ

ਵਿਚ ਸਫਲਤਾ ਵਾਪਰ ਚੁੱਕਣੇ ਚਾਹੀਦੇ ਹਨ।

ਪੱਛਮ ਦੇ ਵਿਕਸਿਤ ਦਸਤਕਾਰ ਦੇਸ਼ ਵੀ ਆਪਣੇ ਅਰਥਚਾਰੇ ਦੇ ਸੰਕਟਾਂ ਨੂੰ ਹੱਲ ਕਰਨ ਲਈ ਕੁਝ ਨੇਮ ਦੁਹਰਾਉਂਦੇ ਰਹੇ ਹਨ ਸਗੋਂ ਉਨ੍ਹਾਂ ਦੀ ਨਵੀਂ ਵਿਆਖਿਆ ਕਰਕੇ ਉਨ੍ਹਾਂ ਦੀ ਸੰਗਤ ਗੌਰਵਸ਼ੀਲ ਬਣਾਉਣ ਉਤੇ ਚੇਤਨ ਜ਼ੋਰ ਲਾਉਂਦੇ ਰਹੇ ਹਨ। ਬਰਤਾਨੀਆਂ ਅਤੇ ਅਮਰੀਕਾ ਨੇ ਦੂਜੀ ਜੰਗ ਤੋਂ ਪਿਛੋਂ ਆਪਣੇ ਅਰਥਚਾਰੇ ਦਾ ਵੱਡਾ ਗੁਰੂ ਕੇਨਜ਼ ਨੂੰ ਹੀ ਮੰਨਿਆ ਹੈ। ਉਸ ਦੇ ਇਸ ਪਰਮ-ਆਰਥਿਕ (ਮੈਕਰੋਇਕਨੌਮਿਕ) ਵਿਚਾਰ, ਕਿ ਪੂਰਨ ਰੁਜ਼ਗਾਰ ਅਤੇ ਨਿਰੰਤਰ ਵਿਕਾਸ ਨੂੰ ਰਾਜ ਦੀ ਦਖਲਅੰਦਾਜ਼ੀ ਅਤੇ ਪੂੰਜੀ ਪ੍ਰਚਲਨ ਨੂੰ ਸੁਨਿਯਮਿਤ ਕਰਨ ਨਾਲ ਹੀ ਕਾਇਮ ਰੱਖਿਆ ਜਾ ਸਕਦਾ ਹੈ, ਨੂੰ ਪਿਛਲੇ ਕੁਝ ਦਹਾਕਿਆਂ ਵਿਚ ਬੜੀ ਵਾਰ ਦੁਹਰਾਇਆ ਗਿਆ ਹੈ। ਨਵ-ਕੇਨਜ਼ਵਾਦੀਆਂ ਨੇ ਪੂੰਜੀਵਾਦੀ ਆਰਥਿਕਤਾ ਵਿਚ ਆਏ ਸੰਕਟ ਨੂੰ 'ਸਾਈਕਲ' ਕਹਿ ਕੇ 'ਸਾਈਕਲ-ਵਿਰੋਧੀ' ਸਿਧਾਂਤ ਬਣਾਏ ਜਿਨ੍ਹਾਂ ਅਨੁਸਾਰ ਬਜਟ, ਉਧਾਰ ਪ੍ਰਕਿਰਿਆ ਆਦਿ ਰਾਹੀਂ ਦਖਲਅੰਦਾਜ਼ੀ ਨੂੰ ਮਹੱਤਵਪੂਰਨ ਦੱਸਿਆ। ਅੱਜ ਅਸੀਂ ਜਿਸ ਨੂੰ 'ਫੋਰਡਵਾਦ' (ਸੰਚਾਰ ਮਾਧਿਅਮਾਂ ਅਤੇ ਸੁਰੱਖਿਅਤ ਰਾਸ਼ਟਰੀ ਮਾਰਕੀਟਾਂ ਰਾਹੀਂ ਉਪਭੋਗੀਆਂ ਨੂੰ ਮਿਆਰੀ ਵਸਤਾਂ ਖਰੀਦਣ ਲਈ ਉਤਸ਼ਾਹਿਤ ਕਰਨਾ) ਅਤੇ 'ਉੱਤਰ ਫੋਰਡਵਾਦ (ਜਨ ਮਾਰਕੀਟ ਨੂੰ ਉਪਭੋਗ ਕੀਮਤ ਦੇ ਨਾਲ ਜੀਵਨ ਸ਼ੈਲੀ ਅਤੇ ਡਿਜ਼ਾਈਨ ਨਾਲ ਜੋੜਨਾ) ਕਹਿੰਦੇ ਹਾਂ, ਇਹ ਵੀ ਕੇਨਜ਼ ਦੇ ਮੁੱਢਲੇ ਵਿਚਾਰਾਂ ਨੂੰ ਜੀਵਤ ਅਤੇ ਕਿਰਿਆਸ਼ੀਲ ਰੱਖਣ ਦੇ ਹੀ ਯਤਨ ਹਨ। ਇਥੋਂ ਤਕ ਕਿ ਕੁਝ ਵਿਦਵਾਨਾਂ ਅਨੁਸਾਰ ਪ੍ਰਸਿੱਧ ਖੱਬੇ-ਪੱਖੀ ਅਰਥ ਸ਼ਾਸਤਰੀ ਜੋਨ ਰੌਬਿਨਸਨ ਪਿਆਰੋ ਸਤ੍ਰਾਫਾ, ਲਗੀ ਪੈਸੀਨੈਤੀ ਦੇ ਸਨਾਤਨੀ ਬੁਰਜੁਆ ਅਰਥਚਾਰੇ ਬਾਰੇ ਕੀਤੇ ਤਰਕ-ਵਿਸ਼ਲੇਸ਼ਣ ਵਿਚ ਵੀ ਕੇਨਜ਼ ਦੇ ਪ੍ਰਮੁੱਖ ਸਿਧਾਂਤਾਂ ਦੀ ਨਵੀਂ ਵਿਆਖਿਆ ਹੀ ਹੈ। ਇਨ੍ਹਾਂ ਅਰਥ ਸ਼ਾਸਤਰੀਆਂ ਦੇ ਵਿਸ਼ਲੇਸ਼ਣ ਨੂੰ 'ਉੱਤਰ ਕੇਨਜ਼ਵਾਦ' ਵੀ ਆਖਿਆ ਗਿਆ ਹੈ।

ਮਿਖਾਇਲ ਗੋਰਬਾਚੇਵ ਨੇ ਰੂਸੀ ਸਮਾਜ ਨੂੰ ਨਵੇਂ ਸਿਰਿਓਂ ਸੰਰਚਣ ਲਈ ਲਿਖੀ ਪੁਸਤਕ 'ਪੇਰੇਸਤਰੋਇਕਾ' ਵਿਚ ਆਪਣੇ ਯਤਨ ਨੂੰ ਮਾਰਕਸ ਲੈਨਿਨ ਦੇ ਸੰਬਾਦ (ਡਾਇਲੈਕਟਿਕਸ) ਦੀ ਸ਼ਕਤੀ ਦਾ ਜ਼ਿਕਰ ਕਰਦਿਆਂ ਲੈਨਿਨ ਦੀਆਂ ਆਖਰੀ ਲਿਖਤਾਂ ਨਾਲ ਜੋੜਿਆ ਹੈ। ਗੋਰਬਾਚੇਵ 'ਪੇਰੇਸਤਰੋਇਕਾ' ਨੂੰ ਵੀ ਇਨਕਲਾਬ ਆਖਦਾ ਹੈ ਅਤੇ ਲੈਨਿਨ ਦੇ ਉਨ੍ਹਾਂ ਸ਼ਬਦਾਂ ਨੂੰ ਦੁਹਰਾਉਂਦਾ ਹੈ ਜਿਨ੍ਹਾਂ ਵਿਚ ਉਸ ਨੇ ਆਖਿਆ ਸੀ ਕਿ ਇਤਿਹਾਸ ਵਿਚ ਕੋਈ ਅਜਿਹਾ ਇਨਕਲਾਬ ਨਹੀਂ ਆਇਆ ਜਿਸ ਵਿਚ ਜਿੱਤ ਉਪਰੰਤ ਪ੍ਰਸ਼ੰਸਾ ਦੇ ਨਸ਼ੇ ਵਿਚ ਸਭ ਹਥਿਆਰ ਸੁੱਟ ਕੇ ਆਰਾਮ ਕੀਤਾ ਜਾਵੇ। ਭਾਵ ਇਹ ਹੈ ਕਿ ਇਕ ਇਨਕਲਾਬ ਤੋਂ ਪਿਛੋਂ ਦੂਜਾ ਫਿਰ ਤੀਜਾ ਆਦਿ ਨਿਰੰਤਰ ਲਿਆਉਣੇ ਹੁੰਦੇ ਹਨ ਜਿਨ੍ਹਾਂ ਰਾਹੀਂ ਮੁੱਢਲੇ ਇਨਕਲਾਬ ਦੇ ਮੂਲ ਸਿਧਾਂਤਾਂ ਨੂੰ

ਇਤਿਹਾਸ ਦੀ ਨਿੱਗਰ ਸਮਝ ਨਾਲ ਸਾਕਾਰਾ ਕੀਤਾ ਜਾ ਸਕੇ। ਮਾਓ ਨੇ ਸੱਭਿਆਚਾਰਕ ਇਨਕਲਾਬ ਨੂੰ ਵੀ ਆਪਣੀ ਕ੍ਰਾਂਤੀ ਦੀਆਂ ਬੁਨਿਆਦੀ ਧਾਰਨਾਵਾਂ ਦੀ ਇਕ ਮਹੱਤਵਪੂਰਨ ਡੂੰਘਿਆਈ ਵਜੋਂ ਹੀ ਕਿਰਿਆਸ਼ੀਲ ਕੀਤਾ ਸੀ। ਆਪਣੇ-ਆਪਣੇ ਢੰਗਾਂ ਅਤੇ ਸਥਿਤੀਆਂ ਅਨੁਸਾਰ ਰੂਸ ਅਤੇ ਚੀਨ ਦੋਵੇਂ 'ਉੱਤਰ-ਸਮਾਜਵਾਦ' ਦਾ ਵਧੇਰੇ ਬਲ ਸਨਾਤਨੀ ਸਮਾਜਵਾਦ ਦੇ ਮੁਕਾਬਲੇ ਵਿੱਚ ਬਹੁ-ਪੱਖਤਾ (ਪੋਸਟ ਸ਼ੋਸ਼ਲਿਜ਼ਮ) ਅਤੇ ਵੱਖੋ-ਵੱਖ ਸਮਾਜਾਂ ਦੇ ਆਪਣੇ ਸਥਾਨਕ ਸੱਭਿਆਚਾਰਾਂ ਅਤੇ ਪਰੰਪਰਾਵਾਂ ਅਨੁਸਾਰ ਮੁਕਤੀ ਵੱਲ ਵਧਣ ਉਤੇ ਹੈ। ਸਾਂਝ ਦਾ ਅਰਥ ਹੁਣ ਇਕੋ ਰਾਹ ਅਖਤਿਆਰ ਕਰਨਾ ਨਹੀਂ, ਸਗੋਂ ਮੁਕਤੀ ਦੀ ਜਗਿਆਸਾ ਅਤੇ ਇਸ ਲਈ ਆਪਣੇ ਵਿਰਸੇ ਅਤੇ ਪ੍ਰਤਿਭਾ ਅਨੁਸਾਰ ਸਾਧਨ ਅਤੇ ਸੰਸਥਾਵਾਂ ਜੁਟਾਉਣਾ ਹੈ।

ਪੂਰਬੀ ਰਿਸ਼ੀ ਅਤੇ ਚਿੰਤਕ ਜੀਵਨ ਦੇ ਮੂਲ ਨਿਯਮਾਂ ਅਤੇ ਉਨ੍ਹਾਂ ਦੇ ਅਨੁਭਵ ਲਈ ਕੁਝ ਅਹਿਮ ਵਿਚਾਰਾਂ ਅਤੇ ਧੁਨੀਆਂ ਨੂੰ ਦੁਹਰਾਉਣਾ ਲਾਭਵੰਦ ਮੰਨਦੇ ਰਹੇ ਹਨ। ਵੈਦਿਕ ਰਿਸ਼ੀਆਂ ਦੇ ਸ੍ਰਿਸ਼ਟੀ ਦੀਆਂ ਵੱਖ-ਵੱਖ ਸ਼ਕਤੀਆਂ ਦੇ ਪ੍ਰਤੀਨਿੱਧ ਦੇਵੀ ਦੇਵਤਿਆਂ ਨੂੰ ਸੰਬੋਧਿਤ ਕੀਤੇ ਗੀਤ ਉਨ੍ਹਾਂ ਦੇ ਇਸ ਵਿਸ਼ਵਾਸ ਦੇ ਗਵਾਹ ਹਨ। ਇਸ ਦੁਹਰਾਉ ਨੂੰ ਉਨ੍ਹਾਂ ਨੇ ਮੰਤਰ-ਸ਼ਕਤੀ ਨਾਲ ਜੋੜਿਆ ਹੈ ਜਾਂ ਇਹ ਕਹਿ ਲਈਏ ਕਿ ਮੰਤਰ-ਸ਼ਕਤੀ ਕੁਝ ਵਿਚਾਰਾਂ ਅਤੇ ਧੁਨੀਆਂ ਦਾ ਹੀ ਸ਼ਿੱਦਤ ਭਰਪੂਰ ਦੁਹਰਾਉ ਹੈ। ਇਸ ਦਾ ਮਾਧਿਅਮ ਵੇਦਾਂ ਅਤੇ ਉਪਨਿਸ਼ਦਾਂ ਵਿਚ ਅਨੁਨਾਸਿਕ ਧੁਨੀਆਂ ਹਨ। ਸਿੱਖ ਗੁਰੂ ਸਾਹਿਬਾਨ ਨੇ ਵੀ ਗੁਰਬਾਣੀ ਵਿਚ ਵਿਚਾਰ ਅਤੇ ਸ਼ਬਦ ਦੀ ਇਸ ਸ਼ਕਤੀ ਨੂੰ ਵਰਤਿਆ ਤਾਂ ਕਿ ਇਕ ਪਾਠਕ ਦੀ ਚੇਤਨਤਾ, ਅਵਚੇਤਨ ਅਤੇ ਦੇਹ-ਕੇਂਦਰਾਂ ਨੂੰ ਨਵੇਂ ਸਿਰਿਓਂ ਸੰਗਠਿਤ ਕੀਤਾ ਜਾ ਸਕੇ। ਪੂਰਬ ਨੇ ਇਸ ਦੁਹਰਾਉ ਨਿਯਮ ਨੂੰ ਜਿਸ ਤਰ੍ਹਾਂ ਵਿਚਾਰਕ, ਸ਼ਾਬਦਿਕ, ਸਰੀਰਕ ਅਤੇ ਸੌਂਦਰਯ-ਸ਼ਾਸਤਰੀ ਪੱਧਰ ਉਤੇ ਵਰਤਿਆ ਹੈ ਇਸ ਦਾ ਵੱਖ-ਵੱਖ ਪਸਾਰਾਂ ਵਿਚ ਅਜੇ ਯੋਗ ਅਧਿਐਨ ਨਹੀਂ ਹੋਇਆ। ਡਾਕਟਰ ਟ੍ਰੰਪ ਵਰਗੇ ਪੱਛਮੀ ਵਿਦਵਾਨ, ਜਿਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਜਾਂ ਕਿਸੇ ਹੋਰ ਪੂਰਬੀ ਗ੍ਰੰਥ ਦਾ ਅਨੁਵਾਦ ਕੀਤਾ ਹੈ, ਇਸ ਦੁਹਰਾਉ ਨੂੰ ਸਮਝਣ ਵਿਚ ਅਸਮਰੱਥ ਰਹੇ ਹਨ।

ਇਸ ਬਹਿਸ ਦਾ ਭਾਵ ਇਹ ਸਪੱਸ਼ਟ ਕਰਨਾ ਹੈ ਕਿ ਵਿਰਸੇ, ਦਰਸ਼ਨ ਜਾਂ ਗ੍ਰੰਥ ਵਿਚ ਆਏ ਜੀਵਨ ਜਾਂ ਸ੍ਰਿਸ਼ਟੀ ਨਾਲ ਸਬੰਧਤ ਵਿਚਾਰਾਂ, ਧੁਨੀਆਂ ਜਾਂ ਅਭਿਵਿਅੰਜਨ ਢੰਗਾਂ ਨੂੰ ਦੁਹਰਾਉਣਾ ਪੂਰਬ ਅਤੇ ਪੱਛਮ ਦੋਹਾਂ ਸੱਭਿਆਚਾਰਾਂ ਦਾ ਲੱਛਣ ਹੈ। ਕਿਸੇ ਸੋਚ, ਜੀਵਨ-ਸੰਗਠਨ, ਜੀਵਨ-ਸ਼ੈਲੀ ਨੂੰ ਥਿਰ ਕਰਨ ਅਤੇ ਖਾਸ ਪ੍ਰਕਾਰ ਦੇ ਮਨੋ-ਸਰੀਰਕ ਸੰਯੋਗ ਲਈ ਇਸ ਦੀ ਵਰਤੋਂ ਬੜੇ ਗੌਰਵ ਨਾਲ ਕੀਤੀ ਜਾਂਦੀ ਰਹੀ ਹੈ। ਜੇ ਕੇਵਲ ਕੁਝ ਅਹਿਮ ਵਿਚਾਰਾਂ ਅਤੇ ਧੁਨੀਆਂ ਵੱਲ ਮੁੜਨਾ ਹੀ ਮੂਲਵਾਦ ਹੈ ਤਾਂ ਪੂਰਬ ਅਤੇ ਪੱਛਮ ਦੋਵੇਂ ਮੂਲਵਾਦੀ

ਹਨ ਅਤੇ ਇਨ੍ਹਾਂ ਸੱਭਿਆਚਾਰਾਂ ਵਿਚ ਬਹੁਤ ਸੰਕਟਾਂ ਨੂੰ ਹੱਲ ਕਰਨ ਲਈ ਇਸ ਪ੍ਰਕਿਰਿਆ ਦੀ ਵਰਤੋਂ ਵੀ ਮੂਲਵਾਦੀ ਹੈ। ਉੱਤਰ-ਕੇਨਜ਼ਵਾਦੀ, ਸਨਾਤਨੀ ਅਤੇ ਉੱਤਰ-ਸਮਾਜਵਾਦੀ, ਵੈਦਿਕ ਰਿਸ਼ੀ ਅਤੇ ਸਿੱਖ ਗੁਰੂ ਸਾਹਿਬਾਨ, ਬੁੱਧ ਤੋਂ ਪਿਛੋਂ ਆਉਣ ਵਾਲੇ ਉਸ ਦੇ ਪੈਰੋਕਾਰ ਸੰਤ ਅਤੇ ਈਸਾ ਤੋਂ ਪਿਛੋਂ ਆਉਣ ਵਾਲੇ ਉਸ ਦੇ ਅਨੁਆਈ ਮਹਾਤਮਾ ਸਭ ਮੂਲਵਾਦੀ ਹਨ ਕਿਉਂਕਿ ਉਨ੍ਹਾਂ ਨੇ ਆਪਣੇ ਮਨਪਸੰਦ ਅਤੇ ਲਾਹੇਵੰਦ ਦਰਸ਼ਨਾਂ ਜਾਂ ਵਿਸ਼ਵਾਸਾਂ ਦੇ ਅਹਿਮ ਵਿਚਾਰਾਂ ਅਤੇ ਪ੍ਰਕਾਸ਼-ਵਿਧੀਆਂ ਨੂੰ ਵਾਰ-ਵਾਰ ਦੁਹਰਾ ਕੇ ਥਿਰ ਕੀਤਾ ਅਤੇ ਮਨੁੱਖੀ ਵਿਕਾਸ ਵਿਚ ਯੋਗ ਹਿੱਸਾ ਪਾਇਆ।

ਸਪੱਸ਼ਟ ਹੈ ਕਿ ਕੇਵਲ ਕੁਝ ਵਿਚਾਰਾਂ, ਨਿਯਮਾਂ ਜਾਂ ਧੁਨੀਆਂ ਵੱਲ ਆਪਸੀ ਮੂਲਵਾਦ ਨਹੀਂ। ਜਿਸ ਨਿਸ਼ੇਧਾਤਮਕ ਜਾਂ ਨ-ਅਰਥ ਵਿਚ ਇਸ ਸ਼ਬਦ ਦੀ ਵਰਤੋਂ ਕਿਸੇ ਪ੍ਰਕਿਰਿਆ ਬਾਰੇ ਕੀਤੀ ਜਾਂਦੀ ਹੈ ਉਸ ਤੋਂ ਭਾਵ ਅਜਿਹੀ ਵਾਪਸੀ ਜਾਂ ਦੁਹਰਾਉ ਹੈ ਜੋ ਕਿਸੇ ਸੰਕਟ ਨੂੰ ਹੱਲ ਕਰਨ ਦੇ ਯੋਗ ਨਹੀਂ। ਯੂਰਪ ਅਤੇ ਅਮਰੀਕਾ ਵਿਚ ਚੱਲੀ ਮੂਲਵਾਦੀ ਲਹਿਰ ਵਾਂਗ ਇਹ ਦੁਹਰਾਉ ਵਿਕਾਸ ਦੇ ਹਿੱਤਾਂ 'ਚ ਨਹੀਂ ਅਤੇ ਨਾ ਹੀ ਇਹ ਚਿੰਤਨ ਅਤੇ ਜੀਵਨ ਦੇ ਨਵੇਂ ਪ੍ਰਕਾਸ਼-ਢੰਗਾਂ ਨੂੰ ਜੀ ਆਇਆਂ ਆਖਦਾ ਹੈ। ਇਹ ਸਗੋਂ ਆਪਣੇ ਪਾਠਕਾਂ, ਸਰੋਤਿਆਂ ਜਾਂ ਪੈਰੋਕਾਰਾਂ ਨੂੰ ਸੁੰਗੇੜਦਾ ਹੈ ਅਤੇ ਨਵੀਆਂ ਸਥਿਤੀਆਂ ਨਾਲ ਦੋ ਹੱਥ ਕਰਨ ਦੀ ਪ੍ਰੇਰਣਾ ਦੇਣ ਦੀ ਇਕ ਥਾਂ ਇਕ ਫਾਰਮੂਲੇ ਜਾਂ ਇਤਿਹਾਸ ਨਾਲੋਂ ਟੁੱਟੇ ਮੰਤਰ ਦੁਆਲੇ ਜੋੜਨ ਦਾ ਯਤਨ ਕਰਦਾ ਹੈ। ਜੇ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਉਸ ਵਿਚ ਵੀ "ਸਹਿਜ" ਦਾ ਸੰਕਲਪ ਕਾਫੀ ਦੁਹਰਾਇਆ ਗਿਆ ਹੈ। ਭਾਵੇਂ ਇਸ ਸੰਕਲਪ ਦਾ ਸਰੋਤ ਬੁੱਧਵਾਦ ਸੀ, ਪਰ ਗੁਰੂ ਸਾਹਿਬਾਨ ਨੇ ਇਸ ਸ੍ਰਿਸ਼ਟੀ ਦੇ ਸਾਰੇ ਪ੍ਰਬੰਧ ਵਿਚ ਵਿਚਰਨ ਦਾ ਜਾਂ ਸ੍ਰਿਸ਼ਟੀ ਦੀ ਸੰਗਤ ਨਾਲ ਸਬੰਧਤ ਹੋਂਦ ਦਾ ਸੰਕਲਪ ਬਣਾ ਲਿਆ। ਇਸ ਵਿਚ ਚੇਤਨਤਾ ਅਤੇ ਅਮਲ ਦੋਵੇਂ ਸ਼ਾਮਲ ਹਨ, ਸਗੋਂ ਇਸ ਤੋਂ ਵੀ ਵੱਧ ਇਸ ਨਾਲ ਜੁੜੇ ਹੋਏ ਅਵਚੇਤਨ ਅਤੇ ਨਾੜ-ਪ੍ਰਬੰਧ ਤਕ ਇਹ ਸੰਕਲਪ ਪਹੁੰਚਦਾ ਹੈ। ਫਿਰ ਬਾਣੀ ਦੇ ਵਾਕ-ਪ੍ਰਬੰਧ ਅਤੇ ਧੁਨੀ-ਸੰਗਠਨ ਵੀ ਅਜਿਹੇ ਸਿਰਜੇ ਜਿਨ੍ਹਾਂ ਵਿਚੋਂ ਸਹਜ-ਪ੍ਰਾਪਤ ਹੋਣ ਲਈ ਇਕ ਸ਼ਕਤੀ ਹੁੰਦੀ ਹੈ, ਇਕ ਸੰਗੀਤ ਵੀ ਝਰਦਾ ਹੈ।

ਗੁਰੂ ਸਾਹਿਬਾਨ ਦੇ ਦੁਹਰਾਉ ਪਿਛੇ ਮੌਜੂਦ ਨਿਗ੍ਹਾ ਭੂਤਕਾਲ ਵੱਲ ਨਹੀਂ, ਭਵਿੱਖ ਵੱਲ ਹੈ, ਮਨੁੱਖ ਦੀ ਨਵੀਂ ਸੰਗਤ ਅਤੇ ਵਿਕਾਸ ਵੱਲ ਹੈ।

ਨਿਸ਼ਕਰਸ਼ ਇਹ ਹੈ ਕਿ ਉਹ ਦੁਹਰਾਉ ਮੂਲਵਾਦ (ਫੰਡਾਮੈਂਟਾਲਿਜ਼ਮ) ਹੈ ਜਿਸ ਦਾ ਮੁੱਖ ਭੂਤਕਾਲ

ਵੱਲ ਹੈ, ਭਵਿੱਖ ਵੱਲ ਨਹੀਂ। ਅਜਿਹਾ ਦੁਹਰਾਉ ਇਤਿਹਾਸਕ ਅਤੇ ਬ੍ਰਹਮੰਡੀ ਸਥਿਤੀਆਂ ਨੂੰ ਸਮਝ ਕੇ ਵਿਕਾਸ ਵੱਲ ਨਹੀਂ ਲੈ ਜਾਂਦਾ। ਨਵੇਂ ਗਿਆਨਾਂ ਨੂੰ ਸਮੋ ਕੇ ਨਵੇ ਚੇਤਨ, ਨਵੇਂ ਅਵਚੇਤਨ ਅਤੇ ਨਾੜ-ਪ੍ਰਬੰਧ ਦੀ ਸਾਜਨਾ ਨਹੀਂ ਕਰਦਾ।

ਪੰਜਾਬ ਵਿਚ ਸਿੱਖ ਨੌਜਵਾਨਾਂ ਦੀ ਲਹਿਰ ਦੁਹਰਾਉ ਦਾ ਗੌਰਵ ਅਜੇ ਪੂਰੀ ਤਰ੍ਹਾਂ ਨਹੀਂ ਸਮਝ ਸਕੀ। ਇਨ੍ਹਾਂ ਦੀਆਂ ਕੁਝ ਜਥੇਬੰਦੀਆਂ ਭੂਤਮੁਖੀ ਦੁਹਰਾਉ ਕਰ ਰਹੀਆਂ ਹਨ। ਸਿੱਖ ਗੁਰੂ ਸਾਹਿਬਾਨ ਦੀ ਬਾਣੀ ਦੇ ਨਿਯਮ ਵੀ ਅਜੇ ਕੁਝ ਜਥੇਬੰਦੀਆਂ ਦੀ ਪਕੜ ਵਿਚ ਨਹੀਂ ਆਏ। ਜੋ ਜਥੇਬੰਦੀਆਂ ਕੇਵਲ ਭੂਤਮੁਖੀ ਦੁਹਰਾਉ ਕਰ ਰਹੀਆਂ ਹਨ, ਸਿੱਖ ਗੁਰੂ ਸਾਹਿਬਾਨ ਦੇ ਸ੍ਰਿਸ਼ਟੀ ਅਤੇ ਮਨੁੱਖ ਬਾਰੇ ਦਿੱਤੇ ਮੁੱਢਲੇ ਨਿਯਮਾਂ ਦੀ ਨਵੇਂ ਗਿਆਨਾਂ ਦੀ ਸਹਾਇਤਾ ਨਾਲ ਵਿਕਾਸਮੁਖੀ ਵਿਆਖਿਆ ਨਹੀਂ ਕਰ ਰਹੀਆਂ ਸਗੋਂ ਸੌੜਾ ਕਰ ਰਹੀਆਂ ਹਨ ਉਹ ਮੂਲਵਾਦੀ ਹਨ। ਉਨ੍ਹਾਂ ਦੀ ਇਤਿਹਾਸਕ ਸਮਝ ਵੀ ਕਮਜ਼ੋਰ ਰਹੇਗੀ ਤੇ ਉਨ੍ਹਾਂ ਦੀ ਲਹਿਰ ਵੀ ਉਚੇਰੀਆਂ ਸ਼ਾਇਰਾਨਾ ਤੇ ਵਿਗਿਆਨਕ ਲੀਹਾਂ ਉੱਤੇ ਨਹੀਂ ਚੱਲੇਗੀ। ਸਿੱਖ ਗੁਰੂ ਸਾਹਿਬਾਨ ਦੀ ਸਪਿਰਿਟ ਸਿੱਖ ਕਿਸਾਨ ਨੇ ਪਕੜੀ ਹੋਈ ਹੈ, ਉਹ ਨਵੇਂ ਗਿਆਨ ਅਤੇ ਤਕਨਾਲੋਜੀ ਨੂੰ ਨਾਲ ਲੈ ਕੇ ਭਵਿੱਖਮੁਖੀ ਵਿਕਾਸ ਦੇ ਰਾਹ ਉਤੇ ਪੰਜਾਬ ਨੂੰ ਤੋਰ ਰਿਹਾ ਹੈ। ਉਸ ਨੇ ਭਾਰਤ ਦੇ ਹੋਰ ਲੋਕਾਂ ਲਈ ਵੀ ਮਿਸਾਲ ਕਾਇਮ ਕੀਤੀ ਹੈ।

ਭਾਰਤ ਦਾ ਬੁਰਜੂਆ ਪ੍ਰੈਸ ਅਤੇ ਕੁਝ ਹੋਰ ਰਾਜਨੀਤਕ ਪਾਰਟੀਆਂ ਪੰਜਾਬ ਦੀ ਖਾੜਕੂ ਲਹਿਰ ਨੂੰ ਜਦੋਂ "ਮੂਲਵਾਦੀ" ਕਹਿੰਦੀਆਂ ਹਨ ਤਾਂ ਉਹ ਇਸ ਦੇ ਕ੍ਰਾਂਤੀਕਾਰੀ ਅੰਸ਼ ਨੂੰ ਜਾਣ-ਬੁੱਝ ਕੇ ਅੱਖੋਂ ਓਹਲੇ ਕਰਦੀਆਂ ਹਨ। ਪੰਜਾਬ ਦੇ ਸੀਮਿਤ ਵਿਕਾਸ ਅਤੇ ਵਿਸ਼ਵ ਪ੍ਰਸੰਗ ਵਿਚ ਕ੍ਰਿਸ਼ੀ ਉੱਨਤੀ ਦੇ ਬਾਵਜੂਦ ਸਮੱਸਿਆਜਨਕ ਆਰਥਿਕਤਾ ਅਤੇ ਸਥਾਨਕ ਸੱਭਿਆਚਾਰ ਦੇ ਦਮਨ ਨੂੰ ਸਿੱਖ ਨੌਜਵਾਨਾਂ ਦੀ ਲਹਿਰ ਨੇ ਜਿਵੇਂ ਸਾਹਮਣੇ ਲਿਆਂਦਾ। ਉਹ ਪ੍ਰਸੰਸਾਯੋਗ ਹੈ, ਪਰ ਇਸ ਦੀ ਕਾਮਯਾਬੀ ਭਵਿੱਖਮੁਖੀ ਦੁਹਰਾਉ ਨਾਲ ਹੀ ਹੋ ਸਕੇਗੀ। ਇਸ ਲਈ ਲਹਿਰ ਨੂੰ ਆਪਣੇ ਅੰਦਰਲੇ ਮੂਲਵਾਦੀ ਅੰਸ਼ਾਂ ਨਾਲ ਜੂਝ ਕੇ ਗੁਰਬਾਣੀ ਦੀ ਭਵਿੱਖਾਰਥੀ ਪ੍ਰੇਰਣਾ ਅਤੇ ਨਵੇਂ ਗਿਆਨਾਂ ਨੂੰ ਸਮੋਣ ਨਾਲ ਆਪਣਾ ਨਿਰੰਤਰ ਕ੍ਰਾਂਤੀਕਾਰੀ ਸਰੂਪ ਸਥਾਪਿਤ ਕਰਦੇ ਰਹਿਣਾ ਹੋਵੇਗਾ।

# ਪੰਜਾਬ ਅਤੇ ਭਾਰਤੀ ਕਮਿਊਨਿਸਟ ਪਾਰਟੀਆਂ

ਪੰਜਾਬ ਮਸਲੇ ਦਾ ਕੋਈ ਗੰਭੀਰ ਵਿਦਿਆਰਥੀ ਇਸ ਤੱਥ ਨੂੰ ਅੱਖੋਂ ਓਹਲੇ ਨਹੀਂ ਕਰ ਸਕਦਾ ਕਿ ਇਸ ਰਾਜ ਦੀ ਅਜੋਕੀ ਹਾਲਤ, ਵਿਸ਼ੇਸ਼ ਕਰਕੇ ਸਿੱਖ ਨੌਜਵਾਨਾਂ ਦੀ ਵਿਰੱਕਤ ਹਿੰਸਾ, ਭਾਰਤ ਦੇ ਖੱਬੇ ਪੱਖ ਦੀਆਂ ਪੰਜਾਬ ਬਾਰੇ ਬਦਲਦੀਆਂ ਪੁਜ਼ੀਸ਼ਨਾਂ ਨਾਲ ਵੀ ਸਬੰਧਿਤ ਹੈ। ਇਸ ਖੱਬੇ ਪੱਖ ਤੋਂ ਭਾਵ ਵੰਡ ਤੋਂ ਪਹਿਲਾਂ ਸੰਗਠਿਤ ਭਾਰਤੀ ਕਮਿਊਨਿਸਟ ਪਾਰਟੀ ਅਤੇ ਉਸ ਦੇ ਅਜੋਕੇ ਸੁਤੰਤਰ ਹਿੱਸੇ, ਸੀ.ਪੀ.ਆਈ. ਅਤੇ ਸੀ.ਪੀ.ਐਮ. ਹਨ ਕੇਵਲ ਇਕ ਦਹਾਕਾ ਪਹਿਲਾਂ ਪੰਜਾਬ ਦੇ ਸਭ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਖੱਬਾ ਪੱਖ ਹੀ ਵਿਦਿਆਰਥੀ ਯੂਨੀਅਨਾਂ ਲਈ ਆਪਣੇ ਉਮੀਦਵਾਰ ਜਿਤਾ ਸਕਦਾ ਸੀ। ਖੱਬਿਆਂ ਤੋਂ ਪਰ੍ਹੇ ਜਾਣ ਵਾਲੇ ਵਿਅਕਤੀ ਨੂੰ ਪਿਛਾਖੜ ਸਮਝਿਆ ਜਾਂਦਾ ਸੀ। ਪਰ ਅੱਜ ਸਥਿਤੀ ਬਿਲਕੁਲ ਬਦਲ ਚੁੱਕੀ ਹੈ। ਕਿਸੇ ਕਾਲਜ ਜਾਂ ਯੂਨੀਵਰਸਿਟੀ ਵਿਚ ਖੱਬੇ ਪੱਖ ਦੀ ਪ੍ਰਭੁਤਾ ਕਾਇਮ ਨਹੀਂ ਰਹੀ। ਜੋ ਮਾਰਕਸਵਾਦੀ-ਸਮਾਜਵਾਦੀ ਸੁਪਨਾ ਪੰਜਾਬੀ ਨੌਜਵਾਨਾਂ ਅਤੇ ਯੁਵਤੀਆਂ ਦੀਆਂ ਅੱਖਾਂ ਵਿਚ ਲਟਕਦਾ ਹੁੰਦਾ ਸੀ, ਅਚਨਚੇਤ ਅਲੋਪ ਹੋ ਗਿਆ ਹੈ।

ਇਹ ਇਸ ਲਈ ਵਾਪਰਿਆ ਕਿਉਂਕਿ ਖੱਬੀਆਂ ਰੂੜ੍ਹੀਗਤ ਪਾਰਟੀਆਂ ਪੰਜਾਬੀ ਸਮਾਜ ਦੀ ਤਬਦੀਲੀ ਅਤੇ ਨਵ-ਸੰਗਠਨ ਲਈ ਇਕ ਵਿਗਿਆਨਕ ਅਤੇ ਪ੍ਰੇਰਣਾਸ਼ੀਲ ਸਿਧਾਂਤ ਨਹੀਂ ਉਸਾਰ ਸਕੀਆਂ। ਇਸ ਦਾ ਸਬੰਧ ਉਨ੍ਹਾਂ ਪਾਰਟੀਆਂ ਦੇ ਭਾਰਤੀ ਸਮਾਜ ਦੇ ਸਮੁੱਚੇ ਨਵ-ਸੰਗਠਨ ਬਾਰੇ ਸਿਧਾਂਤ ਨਾਲ ਵੀ ਹੈ।

ਪਹਿਲਾਂ ਕਮਿਊਨਿਸਟ ਪਾਰਟੀ ਦੀ 1943 ਦੀ ਮੁੱਢਲੀ ਕਾਂਗਰਸ ਵਿਚ ਤੇ ਫਿਰ 1945 ਵਿਚ ਸੰਯੁਕਤ ਪਾਰਟੀ ਦੇ ਇਤਿਹਾਸਕਾਰ ਜੀ. ਅਧਿਕਾਰੀ ਦੇ 'ਪੀਪਲਜ਼ ਏਜ਼' (ਜਿਲਦ 4, ਨੰ: 25) ਵਿਚ ਛਪੇ ਇਕ ਨਿਬੰਧ ਵਿਚ ਇਹ ਕਿਹਾ ਗਿਆ: "ਸਾਡੀ ਪਾਰਟੀ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਵਿਦੇਸ਼ੀ ਕੰਟਰੋਲ ਤੋਂ ਮੁਕਤ ਸੁਤੰਤਰ ਭਾਰਤ ਦਾ ਸੰਗਠਨ ਤਿੰਨ ਵੱਡੇ ਥੰਮ੍ਹਾਂ ਉਤੇ ਉਸਾਰਨਾ ਚਾਹੀਦਾ ਹੈ: ਪੂਰਨ ਲੋਕਤੰਤਰ, ਸਭ ਕੌਮੀਅਤਾਂ ਲਈ ਸਵੈ-ਨਿਸ਼ਚਿਤਤਾ, (Self Determination) ਅਤੇ ਸਾਡੇ ਲੋਕਾਂ ਦੀ ਬੇਹਤਰੀ।

ਇਸੇ ਨਿਬੰਧ ਵਿਚ, ਭਾਰਤ ਦੇ ਨਵ-ਸੰਗਠਨ ਲਈ ਕੌਮੀਅਤਾਂ ਦੀ ਮਾਨਵਤਾ ਨੂੰ ਅਧਾਰ ਬਣਾਉਣ ਤੋਂ ਬਿਨਾਂ ਇਹ ਸਪੱਸ਼ਟ ਕੀਤਾ ਗਿਆ ਹੈ: "ਹਰ ਕੌਮੀ ਯੂਨਿਟ ਨੂੰ, ਸੁਤੰਤਰ ਭਾਰਤ ਵਿਚ, ਭਰਾਤਰਾਨਾ ਅਤੇ ਪ੍ਰਸਪਰ ਏਕਤਾ ਨਾਲ ਸਵੈ-ਵਿਕਾਸ ਲਈ ਪੂਰੀ ਆਜ਼ਾਦੀ ਹੋਵੇਗੀ ਅਤੇ ਉਹ ਆਪਣੀ ਖੁਦਮੁਖਤਿਆਰ

ਸਟੇਟ ਬਣਾ ਸਕੇਗਾ।" ਇਹ ਵੀ ਕਿਹਾ ਗਿਆ ਕਿ ਖੁਦਮੁਖਤਿਆਰ ਸੰਯੁਕਤ ਵਿਧਾਨ ਸਭਾਵਾਂ ਨਾਲ ਜੁੜੀ ਕ਼ੌਮ ਏਕਤਾ ਹੀ ਹਰ ਕ਼ੌਮ-ਇਕਾਈ ਦੀ ਆਜ਼ਾਦੀ ਨੂੰ ਜੋਸ਼ ਨਾਲ ਸੁਰੱਖਿਅਤ ਕਰ ਸਕੇਗੀ। ਇਹ ਵਿਸ਼ਵਾਸ ਜ਼ਾਹਿਰ ਕੀਤਾ ਗਿਆ ਹੈ ਕਿ ਪ੍ਰਾਂਤਕ ਫੈਡਰੇਸ਼ਨ ਬਣਾਉਣ ਵਾਲੀਆਂ ਕ਼ੌਮ-ਇਕਾਈਆਂ ਇਕ ਦੂਜੇ ਦੇ ਆਰਥਿਕ ਅਤੇ ਰੱਖਿਆ ਹਿੱਤਾਂ ਲਈ ਇਕ ਭਾਰਤੀ ਸੰਗਠਨ ਵੀ ਬਣਾ ਲੈਣਗੀਆਂ।

ਇਸੇ ਦਸਤਾਵੇਜ਼ ਵਿਚ ਕੇਂਦਰੀ ਪੰਜਾਬ ਨੂੰ "ਸਿੱਖ ਹੋਮਲੈਂਡ" ਬਣਾਉਣ ਦਾ ਵਾਅਦਾ ਕੀਤਾ ਗਿਆ। ਸਿੱਖ ਲੋਕਾਂ ਨੂੰ ਇਕ ਸੱਭਿਆਚਾਰਕ ਅਤੇ ਲੋਕ-ਪ੍ਰਿਯ ਕ੍ਰਾਂਤੀ ਦੀ ਉਪਜ ਮੰਨਿਆ ਗਿਆ: "ਸਿੱਖ ਲੋਕ ਕਿਸਾਨੀ ਕਬੀਲਿਆਂ ਵਿਚ ਸੰਗਠਿਤ ਹੋਏ ਸਨ। ਇਨ੍ਹਾਂ ਨੇ ਆਪਣੀ ਭਾਸ਼ਾ ਅਤੇ ਪ੍ਰੇਰਣਾਤਮਕ ਲੋਕ ਸਾਹਿਤ ਰਚੇ ਹਨ। ਇਹ ਲੋਕ ਆਪਣੇ ਹੋਮਲੈਂਡ ਵਿਚ ਆਪਣੀ ਜੀਵਨ-ਸ਼ੈਲੀ ਨੂੰ ਬਚਾਉਣ ਲਈ ਲੜੇ ਹਨ।"

ਸਾਦੀ ਭਾਸ਼ਾ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਉਸ ਸਮੇਂ ਦੀ ਸੰਯੁਕਤ ਭਾਰਤੀ ਕਮਿਊਨਿਸਟ ਪਾਰਟੀ ਨੇ ਸਿੱਖਾਂ ਨੂੰ ਇਕ ਅਜਿਹੀ ਕ਼ੌਮੀਅਤ ਮੰਨਿਆ ਜਿਸ ਕੋਲ ਆਪਣੀ ਭਾਸ਼ਾ ਅਤੇ ਸੱਭਿਆਚਾਰ ਹਨ। ਸਿੱਖਾਂ ਦੇ ਵਿਕਾਸ ਲਈ ਪਾਰਟੀ ਇਕ ਹੋਮਲੈਂਡ ਮੰਨਣ ਲਈ ਤਿਆਰ ਸੀ। ਪਾਰਟੀ ਦਾ ਇਹ ਵਿਸ਼ਵਾਸ ਸੀ ਕਿ ਇਸ ਪ੍ਰੋਗਰਾਮ ਨਾਲ ਸਿੱਖ ਪਾਰਟੀ ਦੁਆਲੇ ਜੁੜ ਜਾਣਗੇ। ਇਸ ਨਾਲ ਵਾਅਦੇ ਅਤੇ ਪ੍ਰੋਗਰਾਮ ਨੂੰ ਇਕ ਅਜਿਹੀ 'ਵਿਉਂਤ' ਵੀ ਸਮਝਿਆ ਗਿਆ ਜੋ ਸਿੱਖ ਸ਼ਕਤੀ ਨੂੰ ਕਾਂਗਰਸ ਅਤੇ ਮੁਸਲਿਮ ਲੀਗ ਨਾਲ ਭਿੜਾਉਣ ਦੀ ਥਾਂ ਸਾਮਰਾਜ ਦੇ ਵਿਰੁੱਧ ਵਰਤਿਆ ਜਾ ਸਕੇਗਾ।

ਉਸ ਵੇਲੇ ਦੀ ਸੰਯੁਕਤ ਭਾਰਤੀ ਕਮਿਊਨਿਸਟ ਪਾਰਟੀ ਦੀ ਭਾਰਤ ਦੇ ਭਵਿੱਖ ਬਾਰੇ ਦ੍ਰਿਸ਼ਟੀ ਨੂੰ, ਜਿਸ ਵਿਚ ਕ਼ੌਮ-ਇਕਾਈਆਂ ਦਾ ਆਪ ਮੁਹਾਰਾ ਏਕਾ ਕਲਪਿਆ ਗਿਆ ਸੀ, ਕੇਵਲ ਇਕ 'ਵਿਉਂਤ' ਕਹਿਣਾ ਬਹੁਤ ਯੋਗ ਨਹੀਂ। ਕ਼ੌਮ-ਇਕਾਈਆਂ ਦੇ ਆਪ ਮੁਹਾਰੇ ਏਕੇ ਵਜੋਂ ਭਾਰਤ ਦਾ ਸੰਗਠਨ, ਪਾਰਟੀ ਦੀ ਧਾਰਨਾ ਨਜ਼ਰ ਆਉਂਦਾ ਹੈ ਕਿਉਂਕਿ 24 ਫਰਵਰੀ 1948 ਵਿਚ ਹੋਈ ਦੂਜੀ ਕਾਂਗਰਸ ਵਿਚ ਇਸ ਸੰਕਲਪ ਨੂੰ ਫਿਰ ਦੁਹਰਾਇਆ ਗਿਆ। ਇਸ ਨਾਲ ਸਬੰਧਤ ਸ਼ਬਦ ਇਸ ਤਰ੍ਹਾਂ ਹਨ: "ਕਾਂਗਰਸ ਪਾਰਟੀ ਦੇ ਲੀਡਰਾਂ ਨੇ (ਕ਼ੌਮ-ਇਕਾਈਆਂ) ਦੇ ਸਵੈ-ਨਿਸ਼ਚਿਤਤਾ ਅਧਿਕਾਰ ਦਾ ਵਿਰੋਧ ਕਰਕੇ ਦੁਰਗਤ ਕਰਾਉਣ ਵਾਲੀ ਵੰਡ ਕਰਵਾ ਲਈ ਹੈ। ਅੱਜ ਇਹ ਲੀਡਰਸ਼ਿਪ ਫੇਰ ਪ੍ਰਭੁਤਾ ਵਾਲੀ ਬੁਰਜੁਆਜ਼ੀ ਦੇ ਹਿੱਤਾਂ ਵਿਚ ਮਹਾਂਰਾਸ਼ਟਰ, ਕੇਰਲਾ, ਤਾਮਿਲ ਦੇਸ ਆਦਿ ਦੀਆਂ ਰਾਸ਼ਟਰ-ਇਕਾਈਆਂ ਦੇ ਸਵੈ-ਨਿਸ਼ਚਿਤਤਾ ਅਧਿਕਾਰ ਤੋਂ ਮੁਨਕਰ ਹੋ ਕੇ ਜ਼ੁਰਮ ਕਰ ਰਹੀ ਹੈ।"

ਇਸ ਸੋਚ ਅਨੁਸਾਰ ਕਮਿਊਨਿਸਟ ਪਾਰਟੀ ਦਾ ਵੰਡ ਤੋਂ ਪਹਿਲਾਂ ਦੇ ਪੰਜਾਬ ਨੂੰ ਇਕ ਕੌਮ-ਇਕਾਈ ਮੰਨਣਾ ਅਤੇ ਉਸ ਦਾ ਉਪ-ਇਕਾਈਆਂ ਵਿਚ ਵੰਡਣਾ ਅਤੇ ਨਾਲ ਹੀ ਉਨ੍ਹਾਂ ਲਈ ਵੱਖਰੀਆਂ ਅਸੈਂਬਲੀਆਂ ਸਵੀਕਾਰ ਕਰਨਾ ਸਮਝ ਆਉਂਦਾ ਹੈ। ਇਹ ਵੀ ਸਮਝਣਾ ਔਖਾ ਨਹੀਂ ਕਿ ਪਾਰਟੀ ਕਿਉਂ ਇਕ ਹਿੱਸੇ ਵਿਚ ਮੁਸਲਮਾਨਾਂ ਦੀ ਬਹੁ-ਗਿਣਤੀ ਅਤੇ ਇਕ ਵਿਚ ਸਿੱਖਾਂ ਦੀ ਬਹੁ-ਗਿਣਤੀ ਮੰਨਣ ਨੂੰ ਤਿਆਰ ਸੀ ਪਰ ਪਿਛੋਂ ਇਹ ਕੌਮ-ਇਕਾਈਆਂ ਉਤੇ ਅਧਾਰਿਤ ਨਿਯਮ ਬਿਲਕੁਲ ਤਿਆਗ ਦਿੱਤਾ ਗਿਆ। ਸੀ.ਪੀ.ਐਮ. ਦੇ ਹਰਕਿਸ਼ਨ ਸਿੰਘ ਸੁਰਜੀਤ ਨੇ ਆਪਣੇ ਇਕ 1985 ਵਿਚ ਪ੍ਰਕਾਸ਼ਿਤ ਪੈਂਫਲਿਟ 'ਪੰਜਾਬ ਦੇ ਸਬਕ' ਵਿਚ ਆਪਣੇ ਪਾਰਟੀ ਦੀ ਪਹੁੰਚ ਤੋਂ ਪੰਜਾਬ ਸੰਕਟ ਦੀ ਵਿਆਖਿਆ ਕਰਦਿਆਂ ਪੰਜਾਬ ਬਾਰੇ ਵੰਡ ਤੋਂ ਪਹਿਲਾਂ ਦੀ ਕੌਮ-ਇਕਾਈਆਂ ਉਤੇ ਅਧਾਰਿਤ ਧਾਰਨਾ ਨੂੰ "ਗਲਤ" ਅਤੇ "ਮੌਕਾਪ੍ਰਸਤ" ਆਖਿਆ ਹੈ। ਸੀ.ਪੀ.ਆਈ. ਨੇ ਵੀ ਕੌਮ-ਇਕਾਈਆਂ ਉਤੇ ਅਧਾਰਿਤ ਭਾਰਤ ਦੇ ਸੰਗਠਨ ਬਾਰੇ ਸੰਕਲਪ ਨੂੰ ਤਿਲਾਂਜਲੀ ਦੇ ਦਿੱਤੀ ਹੈ। ਪੰਜਾਬ ਕਮਿਊਨਿਸਟ ਪਾਰਟੀ ਦੇ ਪੁਰਾਣੇ ਸਕੱਤਰ ਅਵਤਾਰ ਸਿੰਘ ਮਲਹੋਤਰਾ ਵਲੋਂ 1984 ਵਿਚ ਪ੍ਰਕਾਸ਼ਿਤ ਪੈਂਫਲਿਟ 'ਪੰਜਾਬ ਦਾ ਸੰਕਟ ਅਤੇ ਇਸ ਦਾ ਹੱਲ' ਵਿਚ ਪੰਜਾਬ ਦੀ ਵਿਆਖਿਆ ਕਰਨ ਲੱਗਿਆਂ ਕੇਵਲ ਤਿੰਨ ਨੁਕਤੇ ਸਾਹਮਣੇ ਰੱਖੇ ਹਨ: ਕਾਂਗਰਸ ਅਤੇ ਅਕਾਲੀ ਦਲ ਦਾ ਵਿਰੋਧ, ਫਿਰਕਾਪ੍ਰਸਤੀ ਅਤੇ ਦੇਸ਼ਧ੍ਰੋਹੀ ਪ੍ਰਚਾਰ। ਪਾਰਟੀ ਪੇਪਰ 'ਨਿਊ ਏਜ' ਦੇ ਦਸ ਜਨਵਰੀ 1988 ਵਿਚ ਛਪੇ ਇਕ ਲੇਖ 'ਪੰਜਾਬ ਦੀ ਵਿਗੜਦੀ ਹਾਲਤ' ਵਿਚ ਵੀ ਇਨ੍ਹਾਂ ਤਿੰਨ ਨੁਕਤਿਆਂ ਉਤੇ ਅਧਾਰਿਤ ਵਿਸ਼ਲੇਸ਼ਣ ਹੀ ਕੀਤਾ ਹੈ।

ਦੋਹਾਂ ਕਮਿਊਨਿਸਟ ਪਾਰਟੀਆਂ ਦੀ ਅੱਜ ਇਹ ਧਾਰਨਾ ਹੈ ਕਿ ਭਾਰਤ ਦਾ ਅਜਿਹਾ ਨਵ-ਸੰਗਠਨ ਜਿਸ ਦਾ ਅਧਾਰ ਵਿਲੱਖਣ ਸੱਭਿਆਚਾਰ ਅਤੇ ਭਾਸ਼ਾ ਵਾਲੀਆਂ ਕੌਮ-ਇਕਾਈਆਂ ਹੋਣ, ਖਤਰਨਾਕ ਹੋਵੇਗਾ। ਇਸ ਨਾਲ ਕਿਰਤੀ ਜਮਾਤ ਵੰਡੀ ਜਾਵੇਗੀ ਅਤੇ ਕ੍ਰਾਂਤੀ ਦੀਆਂ ਸੰਭਾਵਨਾਵਾਂ ਘੱਟ ਜਾਣਗੀਆਂ। ਇਸ ਲਈ ਕਮਿਊਨਿਸਟ ਪਾਰਟੀਆਂ ਦਾ ਬਲ ਦੇਸ਼ ਦੇ "ਏਕਤਾ" ਅਤੇ "ਜੋੜ" ਨੂੰ ਕਾਇਮ ਰੱਖਣ ਉਤੇ ਹੈ। ਇਸ ਪ੍ਰਸੰਗ ਵਿਚ ਇਹ ਕੋਈ ਹੈਰਾਨ ਕਰਨ ਵਾਲੀ ਗੱਲ ਨਹੀਂ ਹੈ ਕਿ ਦੋਹਾਂ ਕਮਿਊਨਿਸਟ ਪਾਰਟੀਆਂ ਦੀ ਪਹੁੰਚ ਉਸ ਕਾਂਗਰਸ ਨਾਲ ਮਿਲਦੀ ਹੈ ਜਿਸ ਉਤੇ ਵਪਾਰੀ ਵਰਗ ਅਤੇ ਕੁੱਝ ਜਗੀਰੂ ਅੰਸ਼ ਭਾਰੂ ਹਨ। ਇਹਨਾਂ ਪਾਰਟੀਆਂ ਵਲੋਂ ਪੰਜਾਬ ਦੀ ਅਜੋਕੀ ਹਾਲਤ ਦਾ ਜਾਇਜ਼ਾ ਜਿਨ੍ਹਾਂ ਨੁਕਤਿਆਂ ਨੂੰ ਮੁੱਖ ਰੱਖ ਕੇ ਲਿਆ ਜਾ ਰਿਹਾ ਹੈ ਉਹ ਹਨ: ਅਕਾਲੀਆਂ ਅਤੇ ਕਾਂਗਰਸ ਦੀ ਗਲਤ ਨੀਤੀ, ਸਾਮਰਾਜੀਆਂ ਦੀ ਮੁਲਕ ਨੂੰ ਅਸਥਿਰ ਕਰਨ ਦੀ ਚਾਲ ਅਤੇ 'ਸਿੱਖ ਦਹਿਸ਼ਤਪਸੰਦਾਂ' ਨੂੰ ਸਹਾਇਤਾ। 'ਪੀਪਲਜ਼ ਡਿਮੌਕਰਿਸੀ' ਦੇ 10 ਜਨਵਰੀ 1985 ਦੇ ਅੰਕ ਵਿਚ ਹਰਕ੍ਰਿਸ਼ਨ ਸਿੰਘ ਸੁਰਜੀਤ ਨੇ ਪੰਜਾਬ ਬਾਰੇ ਲਿਖਦਿਆਂ ਆਖਿਆ ਹੈ ਕਿ ਇਹ ਮਸਲਾ ਵਿਰੋਧੀ

ਪਾਰਟੀਆਂ ਅਤੇ ਲੋਕਾਂ ਦੇ ਸ਼ਾਸਕ ਵਰਗ ਉਤੇ ਜ਼ੋਰ ਪਾਉਣ ਨਾਲ ਹੱਲ ਹੋ ਸਕਦਾ ਹੈ। ਪਰ ਇਸ ਸਬੰਧ ਵਿਚ ਕੋਈ ਭਵਿੱਖਾਰਥੀ ਨੀਤੀ ਜਿਸ ਵਿਚ ਪੰਜਾਬ ਦਾ ਵਿਸ਼ਲੇਸ਼ਣ ਕਿਸੇ ਕੌਮ-ਇਕਾਈ ਦੇ ਵਿਸ਼ਾਦ ਮਨਮਾਨੀਆਂ ਭੂਗੋਲਿਕ ਸੀਮਾਵਾਂ ਨਿਯਤ ਕਰਨ ਦੀ ਗਲਤੀ ਜਾਂ ਰਾਸ਼ਟਰ-ਇਕਾਈਆਂ ਉਤੇ ਅਧਾਰਿਤ ਨਾ ਹੋਏ ਭਾਰਤ ਦੇ ਸੰਗਠਨ ਨਾਲ ਜੁੜਿਆ ਹੋਵੇ, ਸੁਰਜੀਤ ਦੀ ਲਿਖਤ ਵਿਚੋਂ ਗਾਇਬ ਹਨ।

ਇਥੇ ਸਮਝਣ ਵਾਲੀ ਗੱਲ ਇਹ ਹੈ ਕਿ ਭਾਰਤ ਦੀਆਂ ਦੋਵੇਂ ਰੂੜੀਗਤ ਕਮਿਊਨਿਸਟ ਪਾਰਟੀਆਂ ਕੋਈ ਅਜਿਹਾ ਪ੍ਰਮਾਣਿਕ ਸਿਧਾਂਤ ਉਸਾਰਨ ਵਿਚ ਅਸਫਲ ਰਹੀਆਂ ਹਨ ਜਿਸ ਰਾਹੀਂ ਸਾਡੇ ਦੇਸ਼ ਦੀਆਂ ਕੌਮ-ਇਕਾਈਆਂ ਦੀਆਂ ਆਸਾਂ ਪੂਰੀਆਂ ਹੋ ਸਕਣ। ਇਸੇ ਕਾਰਣ ਇਹ ਪਾਰਟੀਆਂ ਪੰਜਾਬ ਬਾਰੇ ਵੀ ਇਥੋਂ ਦੇ ਲੋਕਾਂ, ਵਿਸ਼ੇਸ਼ ਕਰਕੇ ਪੰਜਾਬੀ ਸੱਭਿਆਚਾਰਕ ਇਕਾਈ ਦੇ ਵਚਨਬੱਧ ਮੈਂਬਰਾਂ ਨੂੰ ਸੰਤੁਸ਼ਟ ਕਰਨ ਵਾਲੀ ਕੋਈ ਧਾਰਨਾ ਨਹੀਂ ਦੇ ਸਕੀਆਂ। ਵੰਡ ਤੋਂ ਪਹਿਲਾਂ ਦੀ ਪਹੁੰਚ ਇਕ ਪੱਖੋਂ ਠੀਕ ਸੀ। ਉਸ ਵਿਚ ਪੰਜਾਬ ਨੂੰ ਇਕ ਕੌਮ-ਇਕਾਈ, ਜਿਸ ਨੂੰ ਅੱਗੋਂ ਦੋ ਉਪ-ਇਕਾਈਆਂ ਵਿਚ ਵੰਡਿਆ ਜਾ ਸਕਦਾ ਸੀ, ਮੰਨ ਲਿਆ ਗਿਆ ਸੀ। ਇਹ ਦੋ ਉਪ-ਇਕਾਈ ਨੂੰ ਉਤਰ-ਪੱਛਮੀ ਪੰਜਾਬ (ਮੁਸਲਮਾਨ ਪੰਜਾਬੀਆਂ ਦੀ ਬਹੁ-ਗਿਣਤੀ ਵਾਲਾ) ਅਤੇ ਕੇਂਦਰੀ ਪੰਜਾਬ (ਸਿੱਖ-ਪੰਜਾਬੀਆਂ ਦੀ ਬਹੁਗਿਣਤੀ ਵਾਲਾ) ਦੇਣ ਦਾ ਵਾਅਦਾ ਸੀ। ਇਸ ਪਹੁੰਚ ਵਿਚ ਗਲਤੀ ਇਹ ਸੀ ਕਿ ਦੋ ਉਪ-ਇਕਾਈਆਂ ਦੇ ਸਿਧਾਂਤ ਨਾਲ ਅਧਾਰ ਨੂੰ ਧਰਮ ਨਾਲ ਵਧੇਰੇ ਜੋੜ ਦਿੱਤਾ ਸੀ। ਸਮੁੱਚੇ ਪੰਜਾਬ ਨੂੰ ਹੀ ਇਕ ਕੌਮ-ਇਕਾਈ ਦੇ ਘਰ ਵਿਚੋਂ ਮੰਨਣਾ ਠੀਕ ਸੀ। ਸੰਯੁਕਤ ਪੰਜਾਬ ਇਕ ਪੂਰਨ ਕੌਮ-ਇਕਾਈ ਸੀ। ਉਹ ਨੂੰ ਪਾੜਨਾ ਯੋਗ ਨਹੀਂ ਸੀ। ਜੇ ਲੋਕਾਂ ਦੇ ਜ਼ੋਰ ਨਾਲ ਕਾਂਗਰਸ ਅਤੇ ਮੁਸਲਿਮ ਲੀਗ ਨੂੰ, ਧਰਮ ਦੀ ਥਾਂ ਕੌਮ-ਇਕਾਈਆਂ ਦੀ ਮੁਕਤੀ ਵੱਲ ਮੋੜਿਆ ਜਾਂਦਾ ਤਾਂ ਦੱਖਣ-ਪੂਰਬੀ ਏਸ਼ੀਆ ਦਾ ਅਜੋਕਾ ਇਤਿਹਾਸ ਹੀ ਹੋਰ ਹੁੰਦਾ।

ਵੰਡ ਤੋਂ ਪਹਿਲਾਂ ਦੀ ਸੰਯੁਕਤ ਭਾਰਤੀ ਕਮਿਊਨਿਸਟ ਪਾਰਟੀ ਦੇ ਉਪਰ ਦੱਸੇ ਦਸਤਾਵੇਜ਼ਾਂ ਵਿਚ, ਲੈਨਿਨ ਦੇ ਪ੍ਰਭਾਵ ਅਧੀਨ, ਭਾਸ਼ਾਈ ਸੱਭਿਆਚਾਰਾਂ ਨੂੰ ਤਾਂ ਮੰਨ ਲਿਆ ਗਿਆ ਹੈ ਪਰ ਇਸ ਨੂੰ ਪੰਜਾਬ ਉਤੇ ਲਾਗੂ ਕਰਨ ਵਿਚ ਗਲਤੀ ਕੀਤੀ ਗਈ ਹੈ।

ਪਰ ਹੁਣ ਜਦੋਂ ਕਿ ਪੰਜਾਬੀ ਕੌਮ ਨੂੰ ਵੰਡ ਕੇ ਪਾਕਿਸਤਾਨੀ ਪੰਜਾਬ ਅਤੇ ਭਾਰਤੀ ਪੰਜਾਬ ਵਸਾਇਆ ਜਾ ਚੁੱਕਾ ਹੈ, ਇਸ ਕੌਮ ਦਾ ਮਸਲਾ ਹੋਰ ਗੰਭੀਰ ਹੋ ਗਿਆ ਹੈ। ਭਾਰਤੀ ਪੰਜਾਬ ਵਿਚ, ਕਾਂਗਰਸ ਦੇ ਵਪਾਰੀ ਅਤੇ ਜਗੀਰੂ ਸ਼ਾਸਕਾਂ ਦੇ ਪ੍ਰਭਾਵ ਅਧੀਨ, ਹਿੰਦੂ ਬਹੁਗਿਣਤੀ ਪੰਜਾਬੀ ਭਾਸ਼ਾ ਅਤੇ ਇਸ ਦੇ ਬੌਧਿਕ-

ਸੱਭਿਆਚਾਰਕ ਜਗਤ ਨਾਲੋਂ ਆਪਣਾ ਨਾਤਾ ਤੋੜ ਚੁੱਕੀ ਹੈ। ਨਤੀਜੇ ਵਜੋਂ ਸਿੱਖ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੇ ਇਕੱਲੇ ਅਲੰਬਰਦਾਰ ਰਹਿ ਗਏ ਹਨ। ਕਿਉਂਕਿ ਹਿੰਦੂ ਵਰਗ ਨੇ, ਜੋ ਛੋਟੇ ਵਣਜਕਾਰਾਂ ਦਾ ਹੈ, ਆਪਣੇ-ਆਪ ਨੂੰ ਕੇਂਦਰ ਦੇ ਸ਼ਾਸਕ ਵਰਗ ਨਾਲ ਜੋੜ ਲਿਆ ਹੈ ਇਸ ਲਈ ਉਹ ਪੰਜਾਬ ਦੀਆਂ ਉਨ੍ਹਾਂ ਸੱਭਿਆਚਾਰਕ ਅਤੇ ਰਾਜਸੀ ਮੰਗਾਂ ਨਾਲ ਹਮਦਰਦੀ ਨਹੀਂ ਰੱਖ ਸਕਦਾ ਜੋ ਸਿੱਖਾਂ, ਵਿਸ਼ੇਸ਼ ਕਰਕੇ ਅਕਾਲੀਆਂ, ਵੱਲੋਂ ਪੇਸ਼ ਕੀਤੀਆ ਜਾਂਦੀਆਂ ਹਨ।

ਅਕਾਲੀ ਭਾਵੇਂ ਰਾਜਸੀ ਸੱਤਾ ਹਥਿਆਉਣ ਲਈ ਕੁਝ ਖੇਡਾਂ ਖੇਡਣ ਜਾਂ ਉਨ੍ਹਾਂ ਵਿਚ ਮੌਜੂਦ ਜਗੀਰੂ ਅੰਸ਼ ਕਈ ਵਾਰ ਆਪਣੇ ਹਿੱਤਾਂ ਦੀ ਰਾਖੀ ਲਈ ਕਿਸੇ ਲਹਿਰ ਨੂੰ ਵਰਤਣ ਤਾਂ ਵੀ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਉਹ ਪੰਜਾਬੀ ਕੌਮ ਦੀਆਂ ਉਨ੍ਹਾਂ ਆਸਾਂ-ਉਮੰਗਾਂ ਨੂੰ ਸਾਹਮਣੇ ਲਿਆਉਂਦੇ ਹਨ ਜੋ ਬੜੀ ਸ਼ਿੱਦਤ ਨਾਲ ਸਿੱਖ ਮੱਧਲੀ ਅਤੇ ਛੋਟੀ ਕਿਸਾਨੀ ਅਤੇ ਕਾਰੀਗਰ ਜਮਾਤਾਂ ਵਿਚ ਮੌਜੂਦ ਹਨ।

ਭਾਰਤ ਦੀਆਂ ਦੋਵੇਂ ਕਮਿਊਨਿਸਟ ਪਾਰਟੀਆਂ ਨੂੰ ਬਿਨਾਂ ਕਿਸੇ ਸੰਗ ਦੇ ਹੁਣ ਇਹ ਤੱਥ ਮੰਨ ਲੈਣਾ ਚਾਹੀਦਾ ਹੈ ਕਿ ਪੰਜਾਬੀ ਕੌਮ ਦਾ ਅਰਥ ਹੁਣ ਸਿੱਖ ਪ੍ਰਭੁਤਾ ਜਾਂ ਪ੍ਰਧਾਨਤਾ ਨਾਲ ਜੁੜੇ ਪੰਜਾਬੀ ਲੋਕ ਹਨ। ਜਿਵੇਂ ਕਿ ਉੱਪਰ 1945 ਦੇ ਸ੍ਰੀ ਜੀ. ਅਧਿਕਾਰੀ ਵਲੋਂ ਲਿਖੇ ਗਏ ਕਮਿਊਨਿਸਟ ਪਾਰਟੀ ਦੇ ਦਸਤਾਵੇਜ਼ ਵਿਚ ਸਮਝਿਆ ਗਿਆ ਹੈ ਕਿ ਸਿੱਖ ਇਕ ਧਾਰਮਿਕ ਫਿਰਕਾ ਨਹੀਂ ਹਨ ਜੋ ਕੇਵਲ ਇਕ ਪੂਜਾ ਪ੍ਰਬੰਧ ਨਾਲ ਜੁੜਿਆ ਹੋਇਆ ਹੈ। ਸਿੱਖਾਂ ਬਾਰੇ ਅਜਿਹੀ ਧਾਰਨਾ ਪ੍ਰਚੱਲਿਤ ਕਰਨ ਵਾਲੇ ਬਰਤਾਨਵੀ ਸਾਮਰਾਜੀ ਅਤੇ ਕੁਝ ਜਗੀਰੂ ਸਿੱਖ ਸਰਦਾਰ ਸਨ ਜੋ ਜਮਾਤ ਵਜੋਂ ਸਾਮਰਾਜ ਦੇ ਪਿੱਠ-ਠੋਕੇ ਸਨ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਵਿਚਾਰਾਂ ਅਨੁਸਾਰ ਸਜੇ ਸਿੱਖ ਇਕ ਵਰਣ-ਵਿਰੋਧੀ ਅਤੇ ਸਾਮਪੱਖੀ ਸਮੂਹ ਹਨ ਜਿਸ ਨੇ ਜ਼ਾਲਮ ਮੁਗ਼ਲ ਪ੍ਰਬੰਧ ਅਤੇ ਵਰਣ-ਪੱਖੀ ਬ੍ਰਾਹਮਣਵਾਦ ਵਿਰੁੱਧ ਕ੍ਰਾਂਤੀ ਲਿਆਂਦੀ। ਲੋਕ-ਸ਼ਕਤੀ, ਕੰਮ ਕਰਨ ਅਤੇ ਵੰਡ ਛਕਣ ਵਿਚ ਯਕੀਨ ਰੱਖਣ ਵਾਲਾ ਸਿੱਖ ਸਮਾਜਿਕ ਪ੍ਰਬੰਧ ਆਪਣੀ ਕਿਸਮ ਦੀ ਪਹਿਲੀ ਕੋਸ਼ਿਸ਼ ਸੀ ਜਿਸ ਨੇ ਫਰਾਂਸੀਸੀ ਇਨਕਲਾਬ ਤੋਂ ਵੀ ਪਹਿਲਾਂ ਇਕ ਸੁਤੰਤਰ ਅਤੇ ਮੁਕਤੀ ਦੇਣ ਵਾਲੇ ਸਮਾਜ ਦੀ ਝਾਕੀ ਵਿਖਾਈ। ਭਾਵੇਂ ਸਿੱਖ ਪ੍ਰਬੰਧ ਵਿਚ ਕੋਈ ਵਿਉਂਤਬੱਧ ਆਰਥਿਕ ਸੰਗਠਨ ......... ਨਹੀਂ ਤਾਂ ਇਸ ਵਿਚ ਮਾਰਕਸੀ ਸਮਾਜਵਾਦ ਦਾ ਇਕ ਅਗਾਊ ਝਲਕਾਰਾ ਹੈ। ਉਸ ਵੇਲੇ ਕਲਪਿਆ ਅਜਿਹਾ ਸਿੱਖ ਦਾਰਸ਼ਨਿਕ ਤੇ ਸਮਾਜਿਕ ਪ੍ਰਬੰਧ ਕੇਵਲ ਪੰਜਾਬ ਦੀ ਪ੍ਰਤਿਭਾ ਨੂੰ ਹੀ ਸ਼ਰਧਾਂਜਲੀ ਨਹੀਂ ਸਗੋਂ ਭਾਰਤੀ ਅਤੇ ਉਸ ਤੋਂ ਉੱਪਰ ਸਮੁੱਚੀ ਇਨਸਾਨੀ ਪ੍ਰਤਿਭਾ ਲਈ ਗੌਰਵ ਭਰਪੂਰ ਪ੍ਰਾਪਤੀ ਹੈ।

ਇਹ ਸੁਝਾਉਣਾ ਕੋਈ ਝੂਠੇ ਅਭਿਮਾਨ ਵਾਲੀ ਗੱਲ ਨਹੀਂ ਕਿ ਪੰਜਾਬੀ ਕੌਮ ਅਤੇ ਇਸ ਦੀ ਸੰਰਚਨਾ ਸਿੱਖ ਕੀਮਤਾਂ ਨਾਲ ਸਬੰਧਿਤ ਹੋਣ ਵਜੋਂ ਹੀ ਦੇਖੇ ਜਾ ਸਕਦੇ ਹਨ। ਪੰਜਾਬੀ ਕੌਮ ਦਾ ਭਵਿੱਖ-ਮੁਖੀ ਰੂਪ ਵੀ ਇਸ ਰੌਸ਼ਨੀ ਵਿਚ ਦੇਖਣਾ ਚਾਹੀਦਾ ਹੈ। ਇਸ ਕੌਮ ਬਾਰੇ ਅਜਿਹੀ ਪ੍ਰਤੱਖਣਾ ਜਾਂ ਸੋਚ ਦਾ ਇਹ ਅਰਥ ਨਹੀਂ ਕਿ ਪੰਜਾਬ ਦੀ ਧਰਤੀ ਉਤੇ ਜੋ ਵੇਦ, ਭਗਵਤ ਗੀਤਾ ਅਤੇ ਸੂਫੀ ਕਾਵਿ ਰਚੇ ਗਏ ਉਨ੍ਹਾਂ ਦੀਆਂ ਦ੍ਰਿਸ਼ਟੀਆਂ ਨੂੰ ਤਿਆਗ ਦਿੱਤਾ ਜਾਵੇਗਾ। ਸਗੋਂ ਸਿੱਖ ਗੁਰੂਆਂ ਦੇ ਸਾਹਿਤ ਅਤੇ ਪੰਜਾਬ ਦੇ ਲੋਖਯਾਨ ਵਿਚ ਮੌਜੂਦ ਪ੍ਰਕ੍ਰਿਤੀ ਨਾਲ ਇਕਸੁਰਤਾ, ਕਰਮਯੋਗ ਅਤੇ ਤੀਬਰ ਪ੍ਰੇਮ ਉਤੇ ਬਲ ਇਨ੍ਹਾਂ ਮਹਾਨ ਸਰੋਤਾਂ ਵਿਚੋਂ ਹੀ ਆਇਆ ਹੈ। ਸਿੱਖ ਗੁਰੂਆਂ ਨੇ ਆਪਣੀ ਇਤਿਹਾਸ-ਮੁਖੀ ਡੂੰਘਿਆਈ ਨਾਲ ਪੰਜਾਬੀ ਚੇਤਨਤਾ ਨੂੰ ਹੋਰ ਵਿਕਸਿਤ ਕੀਤਾ ਤੇ ਇਕ ਨਵੇਂ ਸੰਯੋਗ ਅਤੇ ਮੁਕਤ ਜੀਵਨ-ਸੰਗਠਨ ਦੀ ਸਾਜਨਾ ਕੀਤੀ।

ਜੇ ਪੰਜਾਬੀ ਕੌਮ ਅਤੇ ਇਸ ਦੇ ਨਾਲ ਸਬੰਧਤ ਚੇਤਨਤਾ ਨੂੰ ਹੋਰ ਅੱਗੇ ਲੈ ਜਾਣਾ ਹੈ ਤਾਂ ਇਹ ਇਕ ਨਵੇਂ ਮਾਰਕਸੀ ਸਮਾਜਵਾਦ ਦੀ ਸਹਾਇਤਾ ਨਾਲ ਹੀ ਹੋ ਸਕਦਾ ਹੈ ਜਿਸ ਦਾ ਬਲ ਬ੍ਰਹਮੰਡੀ ਸਹਿ-ਹੋਂਦ ਉੱਤੇ ਹੋਵੇ। ਇਸ ਦੀ ਪ੍ਰਾਪਤੀ ਪ੍ਰਕ੍ਰਿਤੀ ਜਾਂ ਮਨੁੱਖਾਂ ਨੂੰ "ਜਿੱਤਣ" ਨਾਲ ਨਹੀਂ ਹੋ ਸਕਦੀ ਸਗੋਂ ਉਨ੍ਹਾਂ ਨਾਲ ਇਕ-ਸੁਰ ਹੋਣ ਤੋਂ ਹੀ ਸੰਭਵ ਹੈ। ਇਸ ਦਾ ਅਰਥ ਉਨ੍ਹਾਂ ਨਾਲ ਨਿਰ-ਲੁੱਟ ਰਿਸ਼ਤਿਆਂ ਵਿਚ ਜਿਉਣਾ ਹੈ। ਪੰਜਾਬੀ ਕੌਮ ਅਤੇ ਇਸ ਦੇ ਜੀਵਨ ਨੂੰ ਇਸ ਦਿਸ਼ਾ ਵਿਚ ਵਿਕਸਿਤ ਕਰਨ ਲਈ ਇਹ ਜ਼ਰੂਰੀ ਹੈ ਕਿ ਇਸ ਕੌਮ ਨੂੰ ਸਮਝਣ ਅਤੇ ਪਰਿਭਾਸ਼ਤ ਕਰਨ ਲਈ ਇਸ ਦੀ ਭਾਸ਼ਾ, ਬੌਧਿਕ ਅਤੇ ਸੱਭਿਆਚਾਰਕ ਜਗਤ ਅਤੇ ਸਿੱਖ ਗੁਰੂਆਂ ਦੀ ਲਿਆਂਦੀ ਤਬਦੀਲੀ, ਵਿਸ਼ੇਸ਼ ਕਰਕੇ ਪਰਿਵਰਤਨ ਲਿਆਉਣ ਵਾਲੇ ਕਰਮ ਉਤੇ ਜ਼ੋਰ ਆਦਿ ਨੂੰ ਜ਼ਰੂਰੀ ਤੱਥ ਮੰਨਿਆ ਜਾਵੇ।

ਜੇ ਭਾਰਤ ਦੀਆਂ ਰੂੜ੍ਹੀਗਤ ਕਮਿਊਨਿਸਟ ਪਾਰਟੀਆਂ ਪੰਜਾਬ ਦੇ ਮਸਲੇ ਨੂੰ ਹੱਲ ਕਰਨ ਵਿਚ ਗੌਰਵ ਭਰਪੂਰ ਹਿੱਸਾ ਪਾਉਣਾ ਚਾਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਚਲੰਤ ਗੱਲਾਂ ਉਤੇ ਜ਼ੋਰ ਦੇਣ ਦੀ ਥਾਂ ਭਾਰਤ ਦੇ ਨਵ-ਸੰਗਠਨ ਬਾਰੇ ਕੋਈ ਭਵਿੱਖ-ਮੁਖੀ ਸਿਧਾਂਤ ਦੇਣਾ ਚਾਹੀਦਾ ਹੈ। ਜੋਧਪੁਰ ਦੇ ਕੈਦੀਆਂ ਦੀ ਰਿਹਾਈ, ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ਦੇਣੀ ਆਦਿ ਜ਼ਰੂਰੀ ਪਰ ਤੱਤਫੱਟ ਮਸਲੇ ਹਨ। ਕਮਿਊਨਿਸਟ ਪਾਰਟੀਆਂ ਦਾ ਇਨ੍ਹਾਂ ਮਸਲਿਆਂ ਉਤੇ ਜ਼ੋਰ ਦੇਣਾ ਕਾਫੀ ਨਹੀਂ। ਉਨ੍ਹਾਂ ਨੂੰ ਵੰਡ ਤੋਂ ਪਹਿਲਾਂ ਅਤੇ 1948 ਵਿਚ ਕੌਮ-ਇਕਾਈਆਂ ਦੀ ਪਛਾਣ ਅਤੇ ਰਾਜਾਂ ਨੂੰ ਇਨ੍ਹਾਂ ਇਕਾਈਆਂ ਦੇ ਘਰ ਵਜੋਂ ਸੰਗਠਿਤ ਕਰਨ ਦੀ ਧਾਰਨਾ ਵੱਲ ਮੁੜਨਾ ਚਾਹੀਦਾ ਹੈ। ਇਹ ਗੱਲ ਬਲ ਨਾਲ ਕਹਿਣੀ ਚਾਹੀਦੀ ਹੈ ਕਿ ਭਾਰਤ ਅਜਿਹੇ ਕੌਮ-ਇਕਾਈਆਂ ਅਧਾਰਤ ਰਾਜਾਂ ਦੀ ਫੈਡਰੇਸ਼ਨ ਜਾਂ ਕਨਫੈਡਰੇਸ਼ਨ ਬਣੇ। ਇਨ੍ਹਾਂ ਇਕਾਈਆਂ ਨੂੰ ਖੁਦਮੁਖਤਿਆਰੀ ਦਾ ਹੱਕ

ਹੋਵੇ। ਏਕਤਾ ਆਪ-ਮੁਹਾਰੀ ਹੋਵੇ, ਲੋਟੂ ਜਮਾਤ ਦੀ ਥਾਪੀ ਹੋਈ ਨਹੀਂ। ਬਰਤਾਨਵੀ ਸਾਮਰਾਜ ਨੇ ਇਹ ਏਕਤਾ ਆਪਣੇ ਹਿੱਤਾਂ ਲਈ ਅਤੇ ਆਜ਼ਾਦੀ ਤੋਂ ਪਿਛੋਂ ਕਾਂਗਰਸ ਦੇ ਵਪਾਰੀ-ਜਗੀਰੂ ਸ਼ਾਸਕ ਵਰਗ ਨੇ ਆਪਣੇ ਲੋਟੂ ਹਿੱਤਾਂ ਲਈ ਦ੍ਰਿੜ ਕੀਤੀ ਹੈ। ਇਕ ਅੰਦਰੂਨੀ ਸਾਮਰਾਜ ਅਜੇ ਵੀ ਕਾਇਮ ਹੈ। ਵੱਖੋ-ਵੱਖਰੀਆਂ ਕ਼ੌਮ-ਇਕਾਈਆਂ ਦੀ ਪਛਾਣ ਉਤੇ ਅਧਾਰਿਤ ਭਾਰਤੀ ਸੰਗਠਨ ਹੋਂਦ ਵਿਚ ਨਹੀਂ ਆਇਆ।

ਅਕਾਲੀ ਰਾਜਨੀਤੀ ਅਤੇ ਵੱਖ-ਵੱਖ ਸਮੇਂ ਚਲਾਈਆਂ ਲਹਿਰਾਂ ਦੇ ਕਈ ਚੰਗੇ ਪੱਖ ਸਨ ਜਿਵੇਂ ਕਿ ਗੁਰਦੁਆਰਿਆਂ ਦੀ ਸੱਭਿਆਚਾਰਕ ਅਤੇ ਰਾਜਨੀਤਕ ਚੇਤਨਤਾ ਨਾਲ ਕਰਾਈ ਮੁਕਤੀ, ਆਜ਼ਾਦੀ ਲਹਿਰ ਵਿਚ ਪਾਇਆ ਤੀਬਰ ਹਿੱਸਾ ਆਦਿ। ਪਰ ਅਕਾਲੀ ਰਾਜਨੀਤੀ ਦਾ ਜੋ ਨਾ-ਪੱਖੀ ਚਰਿੱਤਰ ਹੈ ਜਿਵੇਂ ਕਿ "ਪੰਥ ਖਤਰੇ ਵਿਚ" ਦਾ ਨਾਅਰਾ ਦੇਣਾ, ਭਾਰਤੀ ਲੋਕਤੰਤਰ ਬਾਰੇ ਭੈ-ਭੀਤ ਕਰਨ ਵਾਲਾ ਨਜ਼ਰੀਆ ਦੇਣਾ ਆਦਿ ਉਹ ਕੁਝ ਵਿਗਾੜ ਹਨ ਜੋ ਪੰਜਾਬੀ ਕ਼ੌਮ ਦੀਆਂ ਆਸਾਂ-ਉਮੰਗਾਂ ਦੇ ਅਣਪ੍ਰਫੁੱਲਤ ਰਹਿਣ ਤੋਂ ਹੋਂਦ ਵਿਚ ਆਏ ਹਨ। ਬਰਤਾਨਵੀ ਪਿੱਠੂਆਂ ਅਤੇ ਕਾਂਗਰਸੀ ਬੁਰਜੁਆ-ਜਗੀਰੂ ਜੋੜ ਨੇ ਜੋ ਪੰਜਾਬੀ ਹਿੰਦੂਆਂ ਨੂੰ ਆਪਣੀ ਭਾਸ਼ਾ ਅਤੇ ਇਸ ਦੇ ਬੌਧਿਕ ਸੱਭਿਆਚਾਰਕ ਜਗਤ ਤੋਂ ਮੁਨਕਰ ਹੋਣ ਲਈ ਜੇ ਨਾ ਉਤਸ਼ਾਹਿਤ ਕੀਤਾ ਹੁੰਦਾ ਤਾਂ ਅਕਾਲੀਆਂ ਵਿਚ ਇਹ ਵਿਗਾੜ ਨਾ ਉਭਰਦੇ। ਸਿੱਖ ਨੌਜਵਾਨ ਵੀ, ਆਰਥਿਕ ਕਾਰਣਾਂ ਤੋਂ ਇਲਾਵਾ, ਪੰਜਾਬੀ ਕ਼ੌਮ-ਇਕਾਈ ਦੀਆਂ ਅਧੂਰੀਆਂ ਅਤੇ ਅਪ੍ਰਵਾਨਿਤ ਆਸਾਂ ਉਮੰਗਾਂ ਦੇ ਨਤੀਜੇ ਵਜੋਂ ਹੀ ਜੁਝਾਰੂ ਬਣੇ ਹਨ। ਪੰਜਾਬੀ ਹਿੰਦੂ ਨਿਮਨ-ਵਪਾਰਕ ਵਰਗ ਅਤੇ ਕੇਂਦਰ ਦੇ ਵਪਾਰੀ-ਜਗੀਰੂ ਸ਼ਾਸਕਾਂ ਨੇ ਰਲ ਕੇ ਪੰਜਾਬੀ ਕ਼ੌਮ ਦੇ ਟੋਟੇ ਕੀਤੇ ਹਨ ਅਤੇ ਇਸ ਦੇ ਇਕ ਵਚਨਬੱਧ ਹਿੱਸੇ ਨੂੰ ਆਪਣੇ-ਆਪ ਨੂੰ ਬਚਾਉਣ ਲਈ ਕੁਝ ਅਣਸੁਖਾਵੇਂ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ।

ਇਹ ਇਕ ਉਦਾਸ ਕਰਨ ਵਾਲੀ ਗੱਲ ਹੈ ਕਿ ਪੰਜਾਬ ਦੇ ਸੰਕਟ ਸਬੰਧੀ ਦੋਹਾਂ ਭਾਰਤੀ ਕਮਿਊਨਿਸਟ ਪਾਰਟੀਆਂ ਦਾ ਵਿਸ਼ਲੇਸ਼ਣ ਕਾਂਗਰਸ (ਆਈ) ਦੇ ਵਿਸ਼ਲੇਸ਼ਣ ਨਾਲੋਂ ਵੱਖਰਾ ਨਹੀਂ। ਤਿੰਨੇ ਪਾਰਟੀਆਂ ਪੰਜਾਬ ਦੀ ਸਥਿਤੀ ਨੂੰ "ਕ਼ੌਮ ਵਿਰੋਧੀ" ਸ਼ਕਤੀਆਂ ਦੀ ਵਿਦੇਸ਼ੀ ਸਾਮਰਾਜੀਆਂ ਦੀ ਸਹਾਇਤਾ ਨਾਲ ਕੀਤੀ ਹਿੰਸਾਤਮਕ ਸ਼ਰਾਰਤ ਮੰਨਣ ਲਈ ਸਾਂਝ ਰੱਖਦੀਆਂ ਹਨ। ਇਸ ਪੁਜ਼ੀਸ਼ਨ ਵਿਚ, ਭਾਰਤੀ ਕਮਿਊਨਿਸਟ ਪਾਰਟੀਆਂ ਭਾਰਤੀ ਵਪਾਰਕ-ਜਗੀਰੂ ਸ਼ਾਸਕ ਗ੍ਰੋਹ ਦਾ ਹੱਥਠੋਕਾ ਬਣ ਗਈਆਂ ਹਨ। ਇਸ ਲਈ ਇਹ ਕੋਈ ਹੈਰਾਨੀ ਦੀ ਗੱਲ ਨਹੀਂ ਕਿ ਇਨ੍ਹਾਂ ਪਾਰਟੀਆਂ ਨੇ ਪੰਜਾਬ ਦੇ ਗਵਰਨਰ ਅਤੇ ਪੁਲਿਸ ਮੁਖੀ ਦੇ ਸਿੱਖ ਨੌਜਵਾਨਾਂ ਪ੍ਰਤੀ ਗ਼ੈਰ-ਕਾਨੂੰਨੀ ਵਤੀਰੇ ਨੂੰ ਪ੍ਰਵਾਨਗੀ ਦਿੱਤੀ ਹੈ। ਹਾਲਾਂਕਿ ਕਾਨੂੰਨ ਅਨੁਸਾਰ ਹਰ ਵਿਅਕਤੀ ਦੋਸ਼ ਸਾਬਤ ਹੋਣ ਤਕ ਨਿਦੋਸ਼ਾ ਹੈ। ਇਕ "ਕਾਤਲ" ਨੂੰ ਵੀ ਮੁਕੱਦਮਾ ਚਲਾ ਕੇ ਹੀ ਸਜ਼ਾ ਦਿੱਤੀ ਜਾ ਸਕਦੀ ਹੈ।

ਪੰਜਾਬ ਦੇ ਮਸਲੇ ਦਾ ਹੱਲ ਸਿੱਖ ਨੌਜਵਾਨਾਂ ਨੂੰ ਅਜਿਹੀਆਂ "ਦੇਸ਼ ਜਾਂ ਕੌਮ ਵਿਰੋਧੀ" ਤਾਕਤਾਂ ਜੋ ਏਕਤਾ ਅਤੇ ਅਖੰਡਤਾ ਨੂੰ ਖਤਰਾ ਹਨ, ਕਹਿ ਕੇ ਨਹੀਂ ਹੋ ਸਕਦਾ। ਠੀਕ ਸਮਝ ਲਈ ਸਿੱਖ ਨੌਜਵਾਨਾਂ ਦੇ ਵਤੀਰੇ ਨੂੰ ਇਕ ਕੌਮ ਦੀਆਂ ਅਣਪ੍ਰਫੁੱਲਿਤ ਅਤੇ ਅਪ੍ਰਵਾਨ ਆਸਾਂ-ਉਮੰਗਾਂ ਦਾ ਵਿਸ਼ਾਦੀ ਪ੍ਰਤੀਕ ਮੰਨਣਾ ਚਾਹੀਦਾ ਹੈ। ਇਹ ਨੌਜਵਾਨ ਤਦ ਹੀ ਜਿੱਤੇ ਜਾ ਸਕਦੇ ਹਨ ਜੇ ਕੌਮ-ਇਕਾਈਆਂ ਨੂੰ ਭਾਰਤੀ ਨਵ-ਸੰਗਠਨ ਦਾ ਆਧਾਰ ਮਨਾਉਣ ਲਈ ਇਕ ਵਿਸ਼ਾਲ ਲੋਕ ਲਹਿਰ ਚਲਾਈ ਜਾਵੇ। ਉਨ੍ਹਾਂ ਲੋਟੂ ਤਾਕਤਾਂ ਨਾਲ ਲੜਨ ਦੀ ਲੋੜ ਹੈ ਜਿਨ੍ਹਾਂ ਨੇ ਪੰਜਾਬੀ ਕੌਮ ਦੇ ਟੋਟੇ ਕਰਵਾਏ ਹਨ ਤਾਂ ਕਿ ਉਨ੍ਹਾਂ ਦੇ ਆਪਣੇ ਲੋਟੂ ਅਤੇ ਸਾਮਰਾਜੀ ਲਖਸ਼ ਪੂਰੇ ਹੋ ਸਕਣ। ਇਹ ਕੇਵਲ ਪੰਜਾਬ ਦੇ ਪ੍ਰਸੰਗ ਵਿਚ ਨਹੀਂ ਹੋਰ ਰਾਜਾਂ ਵਿਚ ਵੀ ਵਾਪਰ ਰਿਹਾ ਹੈ ਜਿਵੇਂ ਕਿ ਨਾਗਾਲੈਂਡ, ਤ੍ਰਿਪੁਰਾ, ਮਨੀਪੁਰ, ਮੀਜ਼ੋਰਮ ਆਦਿ। ਇਨ੍ਹਾਂ ਕੌਮ-ਇਕਾਈਆਂ ਲਈ ਸਮਾਜਵਾਦੀ ਮੁਕਤੀ ਦੀ ਲਹਿਰ ਹੀ ਸਿੱਖ ਨੌਜਵਾਨਾਂ ਦੇ ਮਨਾਂ ਨੂੰ ਖਿੱਚ ਸਕਦੀ ਹੈ ਕਿਉਂ ਇਹ ਨੌਜਵਾਨ ਜਿਸ ਬਹਾਦਰੀ ਅਤੇ ਨਿਆਂ ਉਤੇ ਬਲ ਦੇਣ ਵਾਲੇ ਸਾਹਿਤ ਨਾਲ ਪਲੇ ਹਨ ਉਸ ਲਈ ਅਜਿਹੀ ਲਹਿਰ ਹੀ ਸ਼ਕਤੀ ਜੁਟਾਉਣ ਦਾ ਸਾਧਨ ਬਣ ਸਕਦੀ ਹੈ।

ਜੇ ਭਾਰਤ ਦੀਆਂ ਵੱਖ-ਵੱਖ ਕੌਮ ਇਕਾਈਆਂ ਦੇ ਵਿਚਿੱਤਰ ਵਿਰਸੇ ਨੂੰ ਸੁਚੱਜੇ ਅਤੇ ਸੁਕ੍ਰਿਆਵੰਤ ਢੰਗ ਨਾਲ ਸੰਭਾਲਣਾ ਹੈ ਅਤੇ ਸਮਾਜਵਾਦੀ ਤਬਦੀਲੀ ਅਤੇ ਉਸ ਦੇ ਸਿਧਾਂਤ ਲਈ ਭਾਰਤ ਦੇ ਪ੍ਰਸੰਗ ਵਿਚ, ਹਰ ਰਾਜ ਦੇ ਲੋਕਾਂ ਦੀ ਵਿਲੱਖਣਤਾ ਨੂੰ ਸਾਹਮਣੇ ਰੱਖਣਾ ਜ਼ਰੂਰੀ ਹੈ। ਸ਼ਾਸਕ ਵਰਗ ਦਾ ਸਾਡੇ ਰਾਜਾਂ ਨੂੰ ਇਕ ਬੇਕਿਰਕ ਮੰਡੀ ਬਣਾਉਣ ਲਈ ਤਹਿਸ-ਨਹਿਸ ਦੇ ਰਾਹ ਉਤੇ ਚੱਲਣਾ ਅਣਵੰਗਾਰਿਆ ਨਹੀਂ ਜਾਣਾ ਚਾਹੀਦਾ। ਇਸ ਮੰਤਵ ਲਈ ਸਾਡੇ ਲੋਕਾਂ ਨੂੰ ਦੋ-ਪੱਖੀ ਲੁੱਟ ਅਤੇ ਦਮਨ (ਆਰਥਿਕ ਅਤੇ ਸੱਭਿਆਚਾਰਕ) ਵੱਲ ਜਾਗਰਿਤ ਰੱਖਣਾ ਜ਼ਰੂਰੀ ਹੈ। ਇਸ ਦੋ-ਪੱਖੀ ਚੇਤਨਤਾ ਨਾਲ ਹੀ ਭਾਰਤ ਵਿਚ ਲੋਕਤੰਤਰੀ ਇਨਕਲਾਬ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਭਾਰਤੀ ਕਮਿਊਨਿਸਟ ਪਾਰਟੀਆਂ ਨੂੰ ਇਹ ਕੰਮ ਛੇਤੀ ਕਰਨਾ ਚਾਹੀਦਾ ਤੇ ਕਾਂਗਰਸ ਦੇ ਉਸ ਸ਼ਾਸਕ ਵਰਗ ਦੇ ਹੱਥ ਠੋਕੇ ਨਹੀਂ ਰਹਿਣਾ ਚਾਹੀਦਾ ਜੋ ਹਰ ਪ੍ਰਕਾਰ ਦੇ ਨੈਤਿਕ ਅਤੇ ਲੋਕਤੰਤਰੀ ਕਾਇਦਿਆਂ ਨੂੰ ਨਿਸੰਗ ਹੋ ਕੇ ਤਿਆਗ ਰਿਹਾ ਹੈ।

# ਪੰਜਾਬ ਦਾ ਭਵਿੱਖ: ਚਾਰ ਨੁਕਤੇ

ਪੰਜਾਬ ਦਾ ਭਵਿੱਖ ਚਾਰ ਨੁਕਤੇ ਸਮਝਣ ਅਤੇ ਉਨ੍ਹਾਂ 'ਤੇ ਅਮਲ ਕਰਨ ਉੱਪਰ ਨਿਰਭਰ ਹੈ।

ਪਹਿਲਾ- ਪੰਜਾਬ ਦੇ ਇਤਿਹਾਸ ਅਤੇ ਪਿਛਲੇ ਕੁਝ ਸਾਲਾਂ ਤੋਂ ਚੱਲ ਰਹੇ ਸੰਗਰਾਮ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਪੰਜਾਬ ਇਕ ਵਿਲੱਖਣ ਸੱਭਿਆਚਾਰਕ ਇਕਾਈ ਵਜੋਂ ਚੇਤੰਨ ਹੋ ਗਿਆ ਹੈ। ਇਸ ਇਕਾਈ ਦੀ ਸਵੈ-ਪਛਾਣ ਇਕ ਸਿੱਖ-ਪ੍ਰਧਾਨ (ਹੁਣ ਦੇ ਪੰਜਾਬ ਵਿਚ ਸਿੱਖ 60 ਫੀਸਦੀ ਹਨ) ਪੰਜਾਬੀ ਕ਼ੌਮ ਵਜੋਂ ਹੈ। ਇਸ ਕ਼ੌਮ ਦਾ ਆਪਣਾ ਪਿਛੋਕੜ ਇਤਿਹਾਸ ਵਿਚ ਉਪਜਿਆ ਵਿਕਾਸਮੁਖੀ, ਜੁਝਾਰੂ ਅਤੇ ਜ਼ਿੰਦਗੀ ਨੂੰ ਮੁਹੱਬਤ ਕਰਨ ਵਾਲਾ ਚਰਿੱਤਰ ਹੈ ਜਿਸ ਨੂੰ ਰੂਪ ਦੇਣ ਵਿਚ ਸਿੱਖ ਗੁਰੂ ਸਾਹਿਬਾਨ ਨੇ ਵੱਡਾ ਹਿੱਸਾ ਪਾਇਆ। ਵੈਦਿਕ ਸੰਸਕ੍ਰਿਤੀ ਤੋਂ ਪਹਿਲਾਂ ਦੇ ਪੰਜਾਬ ਵਿਚ ਪ੍ਰਚੱਲਤ ਬਾਹਰਲੇ ਜਗਤ, ਇੰਦਰੀਆਂ ਰਾਹੀਂ ਜਿਉਣ-ਅਨੁਭਵਣ ਵਾਲੀ ਜੀਵਨ-ਜੁਗਤ ਨੂੰ ਕਦੇ ਪੰਜਾਬ ਨੇ ਤਿਆਗਿਆ ਨਹੀਂ ਸਗੋਂ ਬੁੱਧਵਾਦ ਅਤੇ ਹਿੰਦੂਵਾਦ ਦੇ ਕੇਵਲ ਮਨੋ-ਚੇਤਨਤਾ ਅਤੇ ਆਦਰਸ਼ਮੁਖੀ-ਦੇਹ ਵਿਰੋਧੀ ਦੌਰ ਵਿਚ ਵੀ ਆਪਣੇ ਜੀਵਨ ਅਤੇ ਸੋਚ ਦਾ ਹਿੱਸਾ ਰੱਖਿਆ।

ਇਸ ਤਰ੍ਹਾਂ ਪੂਰਵ-ਵੈਦਿਕ, ਉਸ ਤੋਂ ਪਿਛੋਂ ਦੇ ਵੈਦਿਕ, ਬੋਧੀ ਅਤੇ ਭਗਤੀ ਦੌਰਾਂ ਵਿਚੋਂ ਲੰਘ ਕੇ ਜਿਸ ਚਰਿੱਤਰ ਦਾ ਨਿਰਮਾਣ ਪੰਜਾਬ ਵਿਚ ਹੋਇਆ, ਵਿਸ਼ੇਸ਼ ਕਰ ਕੇ ਸਿੱਖ ਸਾਹਿਤ ਅਤੇ "ਖਾਲਸਾ" ਦੀ ਆਨੰਦਪੁਰ ਸਾਹਿਬ ਵਿਚ ਹੋਈ ਸਾਜਨਾ ਤੋਂ ਪਿਛੋਂ ਉਹ ਸਨਾਤਨਵਾਦ ਤੋਂ ਮੁਕਤੀ ਵਾਲਾ ਹੈ। ਇਸ ਲਈ ਪੰਜਾਬ ਵਿਚ ਹਰ ਨਵੇਂ ਸੋਚ-ਪ੍ਰਬੰਧ ਅਤੇ ਆਧੁਨਿਕ ਜੀਵਨ-ਜਾਚਾਂ ਦਾ ਸੁਆਗਤ ਹੁੰਦਾ ਆਇਆ ਹੈ। ਇਹ ਪਰਿਵਰਤਨਮੁਖੀ ਚਰਿੱਤਰ ਪੰਜਾਬ ਵਿਚ ਰਹਿਣ ਵਾਲੀ ਹਰ ਸੱਭਿਆਚਾਰਕ ਗਿਣਤੀ ਬਾਰੇ ਸੱਚ ਹੈ ਭਾਵੇਂ ਸਿੱਖਾਂ ਵਿਚ ਪਰਿਵਰਤਨਮੁਖਤਾ ਦੂਜਿਆਂ ਨਾਲੋਂ ਵਧੇਰੇ ਹੈ।

ਇਕ ਪਰਿਵਰਤਨਮੁਖੀ, ਜੁਝਾਰੂ ਅਤੇ ਅੱਗੇ ਵਧਣ ਵਾਲੀ ਇਹ ਸੱਭਿਆਚਾਰਕ ਇਕਾਈ ਜਿਸ ਦਾ ਨਾਂ ਪੰਜਾਬ ਹੈ, ਇਸ ਵਿਚ ਕੁਝ ਅੰਤਰ-ਵਿਰੋਧ ਵੀ ਹਨ। ਇਕ ਵਿਰੋਧ ਇਹ ਕਿ ਪੰਜਾਬ ਦਾ ਇਕ ਹਿੰਦੂ ਹਿੱਸਾ ਜੋ ਵਧੇਰੇ ਵਣਜ ਕਰਨ ਵਾਲੇ ਮੱਧ ਵਰਗ ਨਾਲ ਸਬੰਧਤ ਹੈ, ਕੁਝ ਸਿੱਖ ਕਿਸਾਨੀ ਨਾਲ ਵਪਾਰਕ ਵਿਰੋਧ ਕਾਰਣ ਅਤੇ ਕੇਂਦਰ ਵਿਚ ਪ੍ਰਧਾਨ ਵੱਡੇ ਵਪਾਰੀ ਦੀ ਸਰਪ੍ਰਸਤੀ ਹਾਸਿਲ ਕਰਨ ਹਿੱਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਬੋਲੀ ਤੋਂ ਮੁਨਕਰ ਹੋ ਬੈਠਾ ਹੈ। ਇਸ ਨਾਲ ਪੰਜਾਬ ਦੀ ਲੀਡਰਸ਼ਿਪ ਸਿੱਖ ਸੰਗਠਨਾਂ ਕੋਲ ਰਹੀ

ਹੈ। ਦੂਜਾ ਅੰਤਰ-ਵਿਰੋਧ ਇਹ ਹੈ ਕਿ ਭਾਵੇਂ ਸਮੁੱਚੇ ਤੌਰ 'ਤੇ ਸਿੱਖ ਸੋਚ ਅਤੇ ਅਮਲ ਤਰੱਕੀ ਪਸੰਦ ਰਹੇ ਹਨ, ਪਰ ਫਿਰ ਵੀ ਵੱਡੇ ਜ਼ਿਮੀਂਦਾਰ ਅਤੇ ਧਨਾਢ ਬਣਨ ਦੇ ਇਛੁੱਕ, ਵਰਗ ਵਜੋਂ ਸਮਝੌਤਾਵਾਦੀ ਗੱਲ ਕੇਂਦਰ ਨਾਲ ਆਪਣੇ ਵਰਗ ਲਈ ਲਾਹੇਵੰਦ ਲੈਣ ਦੇਣ, ਕਦੇ ਵੀ ਕਰ ਸਕਦੇ ਹਨ ਭਾਵੇਂ ਉਹ ਅਕਾਲੀ ਪਾਰਟੀ ਵਿਚ ਹੋਣ ਜਾਂ ਕਾਂਗਰਸ ਵਿਚ।

ਜੇ ਪੰਜਾਬ ਨੇ ਆਪਣਾ ਭਵਿੱਖ ਉੱਜਲ ਕਰਨਾ ਹੈ ਜਿਸ ਦਾ ਭਾਵ ਇਸ ਦੇ ਸੱਭਿਆਚਾਰਕ ਆਰਥਿਕ ਅਤੇ ਰਾਜਨੀਤਕ ਸੰਗਠਨਾਂ ਨੂੰ ਵਿਕਾਸਮੁਖੀ ਅਤੇ ਮੌਲਣ ਵਿਚ ਸਹਾਇਕ ਬਣਾਉਣਾ ਹੈ ਤਾਂ ਉਪਰਲੇ ਦੋਵੇਂ ਅੰਤਰ-ਵਿਰੋਧ ਖਤਮ ਕਰਨੇ ਹੋਣਗੇ। ਪੰਜਾਬੀ ਸੱਭਿਆਚਾਰ ਅਤੇ ਬੋਲੀ ਤੋਂ ਮੁਨਕਰ ਲੋਕਾਂ ਲਈ ਵਾਪਸ ਮੁੜਨਾ ਜ਼ਰੂਰੀ ਹੈ-ਕੇਵਲ ਪੰਜਾਬ ਦੀ ਏਕਤਾ ਲਈ ਹੀ ਨਹੀਂ ਸਗੋਂ ਉਨ੍ਹਾਂ ਦੇ ਆਪਣੇ ਸਿਹਤਮੰਦ ਵਿਕਾਸ ਲਈ ਵੀ। ਧਨਾਢ ਅਤੇ ਵੱਡੀ ਜ਼ਿੰਮੀਦਾਰੀ ਵਾਲੇ ਹਿੱਤਾਂ ਨੂੰ ਆਪਣੇ ਲੋਭ ਉੱਤੇ ਅਧਿਕਾਰ ਪ੍ਰਾਪਤ ਕਰਨਾ ਅਤੇ ਇਸ ਨੂੰ ਵਿਸ਼ਾਲ ਪੰਜਾਬੀ ਸੱਭਿਆਚਾਰਕ ਆਦਰਸ਼ਾਂ ਅਧੀਨ ਕਰਨਾ ਜ਼ਰੂਰੀ ਹੈ। ਇਹ ਗੱਲ ਵਰਗ ਵਿਗਿਆਨ ਅਤੇ ਇਤਿਹਾਸਕ ਰਵਾਇਤਾਂ ਅਨੁਸਾਰ ਲਗਭਗ ਮੁਸ਼ਕਿਲ ਹੈ ਪਰ ਤਾਂ ਵੀ ਅਸੰਭਵ ਨਹੀਂ। ਜੇ ਇਹ ਵਰਗ ਆਪਣੇ ਆਪ ਨੂੰ ਕਾਬੂ ਵਿਚ ਨਹੀਂ ਰੱਖੇਗਾ ਤਾਂ ਇਤਿਹਾਸ ਇਸ ਨੂੰ ਆਪਣੇ ਢੰਗ ਨਾਲ ਨਜਿੱਠੇਗਾ।

ਇਸ ਦਾ ਭਾਵ ਇਹ ਹੈ ਕਿ ਪੰਜਾਬ ਨੂੰ ਸਿੱਖ-ਪ੍ਰਧਾਨ ਪੰਜਾਬੀ ਕੌਮ ਵਜੋਂ ਸਥਾਪਤ ਕਰਨ ਲਈ ਜ਼ਰੂਰੀ ਹੈ ਕਿ ਇਸ ਨੂੰ ਜੀਵਨ-ਮੁਖੀ, ਤਰੱਕੀ ਪਸੰਦ ਅਤੇ ਸਿੱਖ ਗੁਰੂ ਸਾਹਿਬਾਨ ਦੇ ਆਦਰਸ਼ਾਂ ਅਨੁਸਾਰ ਵਿਸ਼ਾਲ ਮਨੁੱਖਵਾਦੀ ਅਤੇ ਮਨੁੱਖੀ ਤੱਤ ਨੂੰ ਪਛਾਨਣ ਵਾਲੀ ਅਜਿਹੀ ਇਕਾਈ ਵਜੋਂ ਪੇਸ਼ ਕੀਤਾ ਜਾਵੇ ਜੋ ਜ਼ਿੰਦਗੀ ਵਿਚ ਮੁਕਤੀ-ਮੁਖੀ ਅਤੇ ਆਰਥਿਕ ਰਾਜਨੀਤਕ ਬਰਾਬਰੀ ਵਾਲੇ ਸੰਗਠਨਾਂ ਲਈ ਹਮੇਸ਼ਾ ਉਤਸੁਕ ਹੈ। ਅਜਿਹੀ ਪੇਸ਼ਕਾਰੀ ਅਤੇ ਵਿਆਖਿਆ ਕੇਵਲ ਉਹ ਲੀਡਰਸ਼ਿਪ ਦੇ ਸਕਦੀ ਹੈ ਜੋ ਸਮਝੌਤਾਵਾਦੀ ਨਾ ਹੋਵੇ। ਅਜੋਕੀ ਸਥਿਤੀ ਵਿਚ ਇਸ ਦਾ ਅਰਥ ਇਹ ਹੈ ਕਿ ਪੰਜਾਬ ਦੀ ਸਿੱਖ ਪ੍ਰਧਾਨ ਪੰਜਾਬੀ ਕੌਮ ਲਈ ਅੱਗੇ ਵਧਣ ਦਾ ਭਵਿੱਖ-ਮੁਖੀ ਰਾਹ ਸਾਂਝੀਵਾਲਤਾ ਵੱਲ ਵਧਣਾ ਹੈ। ਵੱਡੀ ਜ਼ਿੰਮੀਦਾਰੀ ਅਤੇ ਬੇਕਿਰਕ ਪੂੰਜੀਵਾਦ ਪਰਮਾਣਿਕ ਪੰਜਾਬੀ ਸੱਭਿਆਚਾਰ ਦਾ ਰਾਹ ਨਹੀਂ ਹੋ ਸਕਦੇ।

ਗੁਰੂ ਗੋਬਿੰਦ ਸਿੰਘ ਜੀ ਦੇ 'ਬਚਿੱਤਰ ਨਾਟਕ' ਵਿਚ ਅਤੇ ਬਾਕੀ ਗੁਰੂ ਸਾਹਿਬਾਨ ਦੀ ਬਾਣੀ ਵਿਚ ਆਪਣੇ ਵੇਲੇ ਦੀ ਲੋਟੂ ਜਮਾਤ ਦੀ ਜਿਸ ਸ਼ਿੱਦਤ ਨਾਲ ਅਸਵੀਕ੍ਰਿਤੀ ਅਤੇ ਆਲੋਚਨਾ ਹੈ ਅਤੇ ਜਿਵੇਂ ਉਨ੍ਹਾਂ ਨੇ

ਉਸ ਵਰਗ ਵਿਰੁੱਧ ਜਹਾਦ ਛੇੜਿਆ, ਉਸ ਤੋਂ ਜ਼ਾਹਰ ਹੈ ਕਿ ਉਨ੍ਹਾਂ ਦਾ ਮੁਕਤੀ ਤੋਂ ਭਾਵ ਕੇਵਲ ਚੇਤਨਤਾ ਦੀ ਪੱਧਰ ਉਤੇ ਮੁਕਤੀ ਨਹੀਂ ਸੀ ਸਗੋਂ ਇਸ ਵਰਗ ਤੋਂ ਮੁਕਤੀ ਸੀ। ਜਿਸ ਸਮਤਾ ਵਾਲੇ ਸਮਾਜ ਦਾ ਸੁਪਨਾ ਉਹ ਦੇ ਗਏ ਹਨ ਉਸ ਵਿਚ ਲੁੱਟ-ਖਸੁੱਟ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ। ਇਸ ਲਈ ਪੰਜਾਬ ਦੇ ਸੰਗਰਾਮ ਨੂੰ ਜੇ ਨਿਰੋਲ ਇਕ ਸਿੱਖ ਸੰਸਥਾ ਨੇ ਹੀ ਲੀਡਰਸ਼ਿਪ ਦੇਣੀ ਹੈ ਤਾਂ ਉਸ ਦੀ ਵਿਚਾਰਧਾਰਾ ਵਿਚ ਵੱਡੀ ਜ਼ਿਮੀਦਾਰੀ ਅਤੇ ਪੂੰਜੀਵਾਦੀ ਨਾਲ ਕੋਈ ਸਮਝੌਤੇ ਦੀ ਸੰਭਾਵਨਾ ਨਹੀਂ ਬਣਦੀ।

ਜੇ ਜਵਾਨ ਲੀਡਰਸ਼ਿਪ, ਸਮਾਜਵਾਦੀ ਕਿਸਮ ਦੀ ਬਰਾਬਰੀ ਦਾ ਸਿਧਾਂਤ ਅਪਣਾਉਂਦੀ ਹੈ ਤਾਂ ਧਨਾਢ ਅਤੇ ਜਗੀਰਦਾਰੀ ਅੰਸ਼ ਇਹ ਕਹਿ ਕੇ ਜਵਾਨਾਂ ਨੂੰ ਹਰਾਉਣ ਦੀ ਕੋਸ਼ਿਸ਼ ਕਰ ਸਕਦੇ ਹਨ ਕਿ ਉਹ 'ਨਾਸਤਕ' ਬਣ ਰਹੇ ਹਨ ਅਤੇ 'ਨਾਸਤਕਤਾਵਾਦ' ਦਾ ਪ੍ਰਚਾਰ ਕਰ ਰਹੇ ਹਨ। ਸੱਚ ਇਹ ਹੈ ਕਿ ਜੇ ਪਰਮੇਸ਼ਵਰ ਸ੍ਰਿਸ਼ਟੀ ਦਾ ਜੀਵਨ-ਪ੍ਰਬੰਧ ਨੂੰ ਕਾਇਮ ਰੱਖਣ ਵਾਲਾ ਚੇਤੰਨ ਨਿਯਮ ਹੈ ਤਾਂ ਸਮਾਜਵਾਦ ਅਤੇ ਪਰਮੇਸ਼ਵਰਵਾਦ ਇਕੱਠੇ ਵੀ ਚੱਲ ਸਕਦੇ ਹਨ ਜਿਵੇਂ ਕਿ ਪੋਲੈਂਡ ਦਾ ਤਜਰਬਾ ਦੱਸਦਾ ਹੈ। ਪਰ ਵੱਡਾ ਫੈਸਲਾ ਕਰਨ ਵਾਲੀ ਗੱਲ ਇਹ ਹੈ ਕਿ ਸਿੱਖ ਆਦਰਸ਼ ਦੇ ਨੇੜੇ ਆਸਤਕ ਲੋਟੂ ਵਰਗ ਹਨ ਜਾਂ ਨਾਸਤਕ ਸਮਤਾਵਾਦੀ? ਜੇ ਆਸਤਕਤਾ ਦਾ ਨਾਂ ਵਰਤ ਕੇ ਲੋਟੂ ਵਰਗਾਂ ਨੇ ਆਪਣੇ-ਆਪ ਨੂੰ ਸਥਾਪਤ ਰੱਖਣਾ ਹੈ ਤਾਂ ਇਹ ਸਿੱਖ ਗੁਰੂ ਸਾਹਿਬਾਨ ਦੇ ਆਦਰਸ਼ਾਂ ਦੀ ਘੋਰ ਉਲੰਘਣਾ ਹੈ। ਇਹ ਗੱਲ ਸਮਝ ਕੇ ਪੰਜਾਬ ਦੀ ਸੱਭਿਆਚਾਰਕ ਇਕਾਈ ਦੀ ਸਮਤਾਵਾਦੀ ਵਿਆਖਿਆ ਹੀ ਇਸ ਨੂੰ ਭਵਿੱਖਾਰਥੀ ਸਥਾਪਤੀ ਦੇ ਸਕਦੀ ਹੈ।

ਦੂਜਾ ਨੁਕਤਾ ਇਹ ਹੈ ਕਿ ਸਵੈ-ਚੇਤਨ ਸਿੱਖ-ਪ੍ਰਧਾਨ ਪੰਜਾਬੀ ਕੌਮ ਨੂੰ ਵਧਣ-ਫੁੱਲਣ ਲਈ ਖੁਦਮੁਖਤਿਆਰੀ ਦੀ ਲੋੜ ਹੈ। ਇਸ ਖੁਦਮੁਖਤਿਆਰੀ ਦਾ ਮਾਡਲ ਕੀ ਹੋਵੇ? ਸਵਿਟਜ਼ਰਲੈਂਡ ਦਾ ਪੂਰਬ-ਯੂਰਪੀ ਜਾਂ ਰੂਸੀ? ਸਵਿਟਜ਼ਰਲੈਂਡ ਵਿਚ ਵੱਖ-ਵੱਖ ਕੌਮਾਂ ਨੂੰ ਆਪਣੇ ਇਲਾਕੇ ਵਿਚ ਆਪਣੀਆਂ ਵਿਲੱਖਣ ਰਵਾਇਤਾਂ ਅਨੁਸਾਰ ਕੁਝ ਸੰਗਠਨ ਜਾਂ ਸੰਸਥਾਵਾਂ ਬਣਾਉਣ ਦੀ ਖੁੱਲ੍ਹ ਹੈ। ਲੋਕ-ਤੰਤਰੀ ਇਨਕਲਾਬ ਤੋਂ ਪਹਿਲਾਂ ਪੂਰਬੀ ਯੂਰਪ ਵਿਚ ਹਰ ਕੌਮ ਸਮਾਜਵਾਦ ਨਾਲ ਸੰਵਾਦ ਵਜੋਂ ਵਿਚਰਦੀ ਰਹੀ ਹੈ। ਇਥੋਂ ਤਕ ਕਿ ਧਰਮ ਨਾਲ ਗੁਫਤਗੂ ਵੀ ਕਾਇਮ ਰੱਖੀ ਗਈ ਹੈ- ਵਿਸ਼ੇਸ਼ ਕਰਕੇ ਪੋਲੈਂਡ ਵਿੱਚ। ਜਦੋਂ ਇਤਿਹਾਸਕ ਵਿਕਾਸ ਨਾਲ ਲੋਕ ਬਦਲਣਗੇ, ਸੰਸਥਾਵਾਂ ਦੇ ਰੂਪ ਹੌਲੀ-ਹੌਲੀ ਬਦਲਦੇ ਜਾਣਗੇ, ਇਹ ਪੂਰਬ ਯੂਰਪੀ ਧਾਰਨਾ ਹੈ। ਪਹਿਲਾਂ ਰੂਸ ਭਾਵੇਂ ਸਮਾਜਵਾਦ ਦੀ ਆਰਥਿਕਤਾ ਅਤੇ ਰਾਜਨੀਤੀ ਬਾਰੇ ਦ੍ਰਿੜ੍ਹ ਸੀ ਪਰ ਕੌਮਾਂ ਦੀਆਂ ਰਵਾਇਤਾਂ, ਸਾਹਿਤ ਅਤੇ ਹੋਰ ਸਬੰਧਤ ਰੂਪਾਂ ਬਾਰੇ ਲਚਕੀਲਾ ਸੀ।

ਜੇ ਭਾਰਤ ਦੇ ਕੇਂਦਰੀ ਪੂੰਜੀਵਾਦ ਵਿਰੁੱਧ ਪੰਜਾਬ ਨੇ ਸਿੱਖ ਗੁਰੂਆਂ ਦੇ ਚਿੰਤਨ ਅਨੁਸਾਰ ਸਾਂਝੀਵਾਲਤਾ ਵਾਲਾ ਜਾਂ ਮਿਸ਼ਰਿਤ ਪ੍ਰਬੰਧ ਉਸਾਰਨਾ ਹੈ ਤਾਂ ਪੰਜਾਬ ਨੂੰ ਆਪਣੀਆਂ ਪਰੰਪਰਾਵਾਂ ਆਪ ਬਣਾਉਣੀਆਂ ਪੈਣਗੀਆਂ। ਇਸ ਲਈ ਅਜਿਹੀ ਖੁਦਮੁਖਤਿਆਰੀ ਦੀ ਲੋੜ ਹੈ ਜਿਸ ਨਾਲ ਆਰਥਿਕ, ਵਿੱਦਿਅਕ ਅਤੇ ਸੱਭਿਆਚਾਰਕ ਫੈਸਲੇ ਲੈਣ ਦਾ ਰਾਜ ਨੂੰ ਆਪ ਅਧਿਕਾਰ ਹੋਵੇ। ਕੇਂਦਰ ਦੀ ਰਸਮੀ ਸਹਾਇਤਾ ਨਾਲ ਪ੍ਰਦੇਸੀ ਸੰਸਥਾਵਾਂ ਤੋਂ ਮਿਲਵਰਤਣ ਲੈਣ ਦੀ ਵੀ ਕਾਫੀ ਖੁੱਲ੍ਹ ਹੋਵੇ। ਅਜਿਹੀ ਖੁਦਮੁਖਤਿਆਰੀ ਨਾਲ ਹੀ ਭਾਰਤ ਦੀਆਂ ਬਾਕੀ ਕੌਮਾਂ ਵੱਧ-ਫੁੱਲ ਸਕਦੀਆਂ ਹਨ। ਇਸ ਖੁਦਮੁਖਤਿਆਰੀ ਦਾ ਵਿਰੋਧ ਕੇਂਦਰ ਦੇ ਹਾਕਮ ਗ੍ਰੋਹ ਵਲੋਂ ਇਸ ਲਈ ਹੈ ਕਿ ਹਰ ਰਾਜ ਨੂੰ ਖੁੱਲ੍ਹ ਦੇਣ ਨਾਲ ਇਹ ਗ੍ਰੋਹ ਆਪਣੀ ਮੁਨਾਫੇ ਵਾਲੀ ਮਨ ਪਸੰਦ ਮੰਡੀ ਸੰਗਠਿਤ ਨਹੀਂ ਕਰ ਸਕਦਾ। ਇਸ ਦਾ ਹੋਰ ਫੈਲਾਓ ਵੀ ਨਹੀਂ ਹੋ ਸਕਦਾ। ਰਾਜਾਂ ਨੂੰ ਖੁੱਲ੍ਹ ਦੇ ਕੇ ਵੀ ਮੰਡੀ ਦਾ ਵਿਸਥਾਰ ਕੀਤਾ ਜਾ ਸਕਦਾ ਹੈ ਪਰ ਸਾਡੇ ਹਾਕਮ-ਗ੍ਰੋਹ ਕੋਲ ਇਸ ਲਈ ਲੋੜੀਂਦਾ ਸਬਰ ਨਹੀਂ।

**ਤੀਜਾ ਨੁਕਤਾ** ਇਹ ਹੈ ਕਿ ਇਸ ਖੁਦਮੁਖਤਿਆਰੀ ਲਈ ਅਜੋਕਾ ਸੰਵਿਧਾਨ ਸੋਧਣਾ ਪਵੇਗਾ। ਇਸ ਵਿਚ ਜੋ ਫੈਡਰਲ ਢਾਂਚੇ ਦੀਆਂ ਸੰਭਾਵਨਾਵਾਂ ਹਨ ਉਨ੍ਹਾਂ ਨੂੰ ਹੋਰ ਉਜਾਗਰ ਅਤੇ ਸੱਚ ਕਰਨ ਦੀ ਲੋੜ ਹੈ। ਸੰਵਿਧਾਨ ਦੀ ਸੋਧ ਲੋਕਾਂ ਦੇ ਬਦਲ ਰਹੇ ਸੁਪਨਿਆਂ ਅਨੁਸਾਰ ਹੋਣੀ ਚਾਹੀਦੀ ਹੈ। ਰੂਸ ਨੇ ਇਨਕਲਾਬ ਤੋਂ ਪਿਛੋਂ ਦੋ ਵਾਰ ਆਪਣਾ ਸੰਵਿਧਾਨ ਬਦਲਿਆ ਹੈ। ਸਟਾਲਿਨ ਵੇਲੇ ਅਤੇ ਬ੍ਰੇਜ਼ਨੇਵ ਵੇਲੇ। ਦੋਵੇਂ ਵਾਰ ਸੰਵਿਧਾਨ ਨੂੰ ਲੋਕਾਂ ਦੇ ਬਦਲ ਰਹੇ ਤਸੱਵਰਾਂ ਅਨੁਸਾਰ ਬਣਾਉਣ ਦਾ ਯਤਨ ਕੀਤਾ ਗਿਆ ਹੈ। ਭਾਰਤ ਵਿਚ ਕੁਝ ਆਰਥਿਕ ਵਿਕਾਸ ਅਤੇ ਆਧੁਨਿਕ ਵਿੱਦਿਆ ਦੇ ਆਉਣ ਨਾਲ ਵੱਖ-ਵੱਖ ਕੌਮਾਂ ਦੀ ਸਵੈ-ਚੇਤਨਤਾ ਅਤੇ ਖੁਦਮੁਖਤਿਆਰੀ ਦੀ ਖਾਹਿਸ਼ ਨੂੰ ਸੰਵਿਧਾਨ ਵਿੱਚੋਂ ਪ੍ਰਤੀਬਿੰਬਤ ਕਰਨਾ ਜ਼ਰੂਰੀ ਹੈ। ਭਾਵ ਇਹ ਕਿ ਹੁਣ ਰਾਜ ਦੀ ਹਸਤੀ ਕੌਮਾਂ ਦੇ ਘਰ ਵਜੋਂ ਪਛਾਣਨੀ ਚਾਹੀਦੀ ਹੈ। ਪੰਜਾਬ ਦੀ ਹਸਤੀ ਅਤੇ ਸਵੈ-ਪਛਾਣ ਲਈ ਸੰਗਰਾਮ ਕਰਨ ਵਾਲੀ ਲੀਡਰਸ਼ਿਪ ਜਾਂ ਸੰਸਥਾ ਲਈ ਸੰਵਿਧਾਨ ਦੀ ਸੋਧ ਉੱਤੇ ਜ਼ੋਰ ਦੇਣਾ ਜ਼ਰੂਰੀ ਹੈ।

**ਚੌਥਾ ਪ੍ਰਮੁੱਖ ਅਤੇ ਗੌਰਵਪੂਰਣ ਨੁਕਤਾ** ਇਹ ਹੈ ਕਿ ਪੰਜਾਬ ਨੂੰ ਇਕ ਸਵੈ-ਚੇਤੰਨ ਵਿਕਾਸ-ਮੁਖੀ, ਸਿੱਖ-ਪ੍ਰਧਾਨ ਪੰਜਾਬੀ ਕੌਮ ਵਜੋਂ ਸਥਾਪਿਤ ਕਰਨ ਲਈ ਕੌਮ ਅਤੇ ਅੰਤਰਰਾਸ਼ਟਰੀ ਗਠਜੋੜਾਂ ਦੀ ਲੋੜ ਹੈ। ਹੁਣ ਕੋਈ ਪ੍ਰਾਪਤੀ ਇਕੱਲਿਆਂ ਨਹੀਂ ਹੋ ਸਕਦੀ। ਸਭ ਕੌਮਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਤਾਣੇ-ਪੇਟੇ ਵਿਚ ਬੱਝੀਆਂ ਹੋਈਆਂ ਹਨ। ਹਰ ਕੇਂਦਰੀ ਰਾਜ ਨੇ ਵਿਸ਼ੇਸ਼ ਕਰਕੇ ਭਾਰਤ ਦੇ ਮਹਾਜਨੀ ਸੱਤਾਧਾਰੀ ਗ੍ਰੋਹ ਨੇ ਆਪਣੇ-ਆਪ ਨੂੰ ਇਸ ਤਰ੍ਹਾਂ ਲੈਸ ਕੀਤਾ ਹੋਇਆ ਹੈ ਕਿ ਕਿਸੇ ਇਕੱਲੀ ਕੌਮ ਦੇ ਜਿੱਤ ਹਾਲਤ ਕਰਨ ਦੀ

ਬਹੁਤੀ ਸੰਭਾਵਨਾ ਨਹੀਂ। ਸ਼ਹਾਦਤ ਦਾ ਮਾਦਾ ਜ਼ਰੂਰੀ ਹੈ ਪਰ ਜਿੱਤ ਹਾਸਲ ਕਰਨ ਲਈ ਇਹ ਕਾਫੀ ਨਹੀਂ। ਭਾਰਤ ਦਾ ਇਕ ਆਦਰਯੋਗ ਹਿੱਸਾ ਬਣਨ ਲਈ ਵੀ ਉਨ੍ਹਾਂ ਸੰਗਠਨਾਂ ਦਾ ਸਾਥ ਜ਼ਰੂਰੀ ਹੈ ਜੋ ਵੱਖ-ਵੱਖ ਰਾਜਾਂ ਨੂੰ ਕੌਮ ਦੇ ਘਰ ਮੰਨਣ ਲਈ ਤਿਆਰ ਹਨ। ਅਜਿਹੇ ਸੰਗਠਨ, ਜੋ ਖੱਬੇ-ਪੱਖੀ ਹਨ ਹਰ ਰਾਜ ਵਿਚ ਮੌਜੂਦ ਹਨ। ਇਹ ਪੰਜਾਬ ਵਿਚ ਵੀ ਕ੍ਰਿਆਵੰਤ ਹਨ। ਉਨ੍ਹਾਂ ਨਾਲ ਰਲ ਕੇ ਕੰਮ ਕਰਨਾ ਜ਼ਰੂਰੀ ਹੈ। ਇਸ ਨਾਲ ਪੰਜਾਬ ਦੀ ਲਹਿਰ ਦਾ ਅੰਤਰਰਾਸ਼ਟਰੀ ਪੱਧਰ ਉਤੇ ਠੀਕ ਪ੍ਰਭਾਵ ਪਵੇਗਾ।

ਜਿਨ੍ਹਾਂ ਮੁਲਕਾਂ ਉੱਤੇ ਪੰਜਾਬ ਲਹਿਰ ਦਾ ਯੋਗ ਪ੍ਰਭਾਵ ਪੈਣਾ ਚਾਹੀਦਾ ਹੈ ਉਹ ਹਨ ਸਾਡੇ ਗੁਆਂਢੀ ਚੀਨ ਅਤੇ ਰੂਸ। ਭਾਰਤ ਦੇ ਉੱਤਰੀ ਖਿੱਤੇ ਵਿਚ ਕੋਈ ਵਿਸ਼ੇਸ਼ ਭੂਗੋਲਿਕ ਤਬਦੀਲੀ ਇਨ੍ਹਾਂ ਦੇਸ਼ਾਂ ਦੀ ਹਮਦਰਦੀ ਬਿਨਾਂ ਨਹੀਂ ਹੋ ਸਕਦੀ। ਘੱਟੋ-ਘੱਟ ਦੋਹਾਂ ਵਿਚੋਂ ਇਕ ਦੀ ਹਮਦਰਦੀ ਬਹੁਤ ਜ਼ਰੂਰੀ ਹੈ। ਰੂਸ ਬਾਰੇ ਵੀ ਇਹ ਸਮਝਣ ਦੀ ਲੋੜ ਹੈ ਕਿ ਉਹ ਭਾਰਤ ਦੇ ਮਹਾਜਨੀ ਹਾਕਤ ਗ੍ਰੋਹ ਨਾਲ ਆਪਣੀਆਂ ਅੰਤਰਰਾਸ਼ਟਰੀ ਮਜਬੂਰੀਆਂ ਕਾਰਨ ਚੱਲਦਾ ਹੈ। ਜੇ ਭਾਰਤ ਦੇ ਉੱਤਰੀ ਜਾਂ ਦੂਜੇ ਖਿੱਤਿਆਂ ਵਿਚ ਵੱਖ-ਵੱਖ ਕੌਮਾਂ ਆਪਣੀ ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਮੁਕਤੀ ਲਈ ਲਹਿਰਾਂ ਚਲਾਉਣਗੀਆਂ ਤਾਂ ਰੂਸ ਦੀ ਸੋਚ ਨਿਸ਼ਚੇ ਬਦਲੇਗੀ। ਕੌਮਾਂ ਦੀ ਮੁਕਤੀ ਲਈ ਲਹਿਰ ਦਾ ਅਸਰ ਚੀਨ ਉਤੇ ਵੀ ਪੈ ਸਕਦਾ ਹੈ। ਚੀਨ ਨੇ ਪਾਕਿਸਤਾਨ ਨਾਲ ਇਸ ਲਈ ਬਣਾਈ ਹੋਈ ਹੈ ਕਿ ਉਸ ਦੇ ਵਿਚਾਰ ਵਿਚ ਉਥੋਂ ਦੇ ਲੋਕ ਹੁਣ ਦੀ ਹਾਕਮ ਜਮਾਤ ਤੋਂ ਸਵੈ-ਮੁਕਤੀ ਲਈ ਛੇਤੀ ਕ੍ਰਿਆਵੰਤ ਹੋਣ ਦੀ ਸੰਭਾਵਨਾ ਰੱਖਦੇ ਹਨ। ਉੱਤਰੀ ਭਾਰਤ ਵਿਚ ਕਿਸੇ ਵੀ ਅਜਿਹੀ ਲਹਿਰ ਨੂੰ ਚੀਨ ਤੋਂ ਹੁੰਗਾਰਾ ਮਿਲਣ ਦੀ ਪੂਰੀ ਸੰਭਾਵਨਾ ਹੈ। ਪਰ ਜਿਵੇਂ ਕਿ ਉਪਰ ਕਿਹਾ ਗਿਆ ਹੈ ਰੂਸ ਅਤੇ ਚੀਨ ਦੀ ਸੋਚ ਬਦਲਣ ਲਈ ਅਤੇ ਉਨ੍ਹਾਂ ਪਾਸੋਂ ਯੋਗ ਹੁੰਗਾਰਾ ਪ੍ਰਾਪਤ ਕਰਨ ਲਈ ਸਿੱਖ ਪ੍ਰਧਾਨ ਪੰਜਾਬੀ ਕੌਮ ਲਈ ਲੜ ਰਹੇ ਸੰਗਠਨਾਂ ਦਾ ਖੱਬੇ-ਪੱਖੀ ਕੌਮਾਂ ਲਈ ਵਚਨਬੱਧ ਸੰਗਠਨਾਂ ਨਾਲ ਮਿਲ ਕੇ ਕੰਮ ਕਰਨਾ ਬਹੁਤ ਜ਼ਰੂਰੀ ਹੈ।

ਉੱਪਰ ਦੱਸੇ ਚਾਰ ਨੁਕਤਿਆਂ ਨੂੰ ਸਮਝਣ ਅਤੇ ਉਨ੍ਹਾਂ ਉਤੇ ਅਮਲ ਕਰਨ ਨਾਲ ਹੀ ਪੰਜਾਬ ਭਵਿੱਖ ਵਿਚ ਆਪਣੇ ਲਈ ਆਦਰਯੋਗ ਥਾਂ ਬਣਾ ਸਕਦਾ ਹੈ। ਇਸ ਵਿੱਚ ਕੋਈ ਸੰਦੇਹ ਨਹੀਂ ਕਿ ਪੰਜਾਬ ਦੇ ਆਉਣ ਵਾਲੇ ਵਰ੍ਹੇ ਸੰਗਰਾਮ ਵਾਲੇ ਹਨ ਪਰ ਇਹ ਕੋਈ ਨਿਰਾਸ਼ਾ ਦੀ ਗੱਲ ਨਹੀਂ। ਜਰਮਨ ਫਿਲਾਸਫਰ ਨੀਟਸ਼ੇ ਕਹਿੰਦਾ ਹੈ ਕਿ ਜੀਵਨ-ਸ਼ਕਤੀ ਆਪਣੇ-ਆਪ ਨੂੰ ਵਾਰ-ਵਾਰ ਵਿਰੋਧਾਂ, ਸੰਘਰਸ਼ਾਂ ਰਾਹੀਂ ਦੁਹਰਾਉਂਦੀ ਅਤੇ ਪ੍ਰਕਾਸ਼ਮਾਨ ਕਰਦੀ ਹੈ। ਪੰਜਾਬ ਅਜਿਹੇ ਦੌਰਾਂ ਵਿਚੋਂ ਲੰਘ ਕੇ ਹਮੇਸ਼ਾਂ ਨਵਾਂ ਜੀਵਨ ਪ੍ਰਾਪਤ ਕਰਦਾ ਰਿਹਾ ਹੈ। ਜੇ ਪੰਜਾਬ ਆਪਣੇ-ਆਪ ਨੂੰ ਇਕ ਸਵੈ-ਚੇਤਨ ਸਿੱਖ ਪ੍ਰਧਾਨ ਸਾਂਝੀਵਾਲਤਾ ਵਾਲੀ ਕੌਮ ਵਜੋਂ ਸਥਾਪਤ ਕਰਨ ਵਿਚ

ਕਾਮਯਾਬ ਹੁੰਦਾ ਹੈ ਤਾਂ ਇਹ ਕੇਵਲ ਭਾਰਤ ਦੀਆਂ ਬਾਕੀ ਕ਼ੌਮਾਂ ਲਈ ਨਵੀਂ ਪ੍ਰਕਾਰ ਦੇ ਸੰਗਠਨ ਵਿਚ ਆਉਣ ਲਈ ਪ੍ਰੇਰਣਾ ਦਾ ਸੋਮਾ ਹੀ ਨਹੀਂ ਬਣੇਗਾ ਸਗੋਂ ਦੱਖਣ ਪੂਰਬੀ ਏਸ਼ੀਆ ਵਿਚ ਵੀ ਇਕ ਗੌਰਵ ਵਾਲੀ ਘਟਨਾ ਹੋਵੇਗੀ।

# ਪੰਜਾਬ ਦੀ "ਸਮੱਸਿਆ" ਅਤੇ ਭਾਰਤ ਦਾ ਭਵਿੱਖ

ਭਾਰਤ ਦਾ ਹਾਕਮ ਵਰਗ ਇਹ ਸਮਝਣ ਵਿਚ ਅਸਮਰੱਥ ਰਿਹਾ ਹੈ ਕਿ ਪੰਜਾਬ ਅਤੇ ਭਾਰਤ ਦਾ ਭਵਿੱਖ ਇਕ ਦੂਜੇ ਨਾਲ ਜੁੜੇ ਹੋਏ ਹਨ। ਪੰਜਾਬ ਬਾਰੇ ਅਪਣਾਈ ਕੋਈ ਅਯੋਗ ਨੀਤੀ ਸਿੱਧਾ ਭਾਰਤ ਦੇ ਸੰਗਠਨ ਉੱਤੇ ਅਸਰ ਪਾ ਸਕਦੀ ਹੈ। ਹੁਣ ਤੱਕ ਕੇਂਦਰੀ ਹਾਕਮ ਵਰਗ ਵਲੋਂ ਪੰਜਾਬ ਪ੍ਰਤੀ ਅਮਲ ਵਿਚ ਲਿਆਂਦੀਆਂ ਨੀਤੀਆਂ ਪੰਜਾਬ ਲਈ ਹੀ ਨਹੀਂ ਸਗੋਂ ਭਾਰਤ ਦੇ ਵਿਸ਼ਾਲ ਹਿੱਤਾਂ ਲਈ ਵੀ ਘਾਤਕ ਹਨ। ਇਸ ਦਾ ਕਾਰਣ ਪੰਜਾਬ ਦੀ ਸਮੱਸਿਆ ਨੂੰ ਨਾ ਸਮਝਣ ਜਾਂ ਇਸ ਨੂੰ ਸੰਕੀਰਣ ਵਰਗ ਹਿੱਤਾਂ ਅਨੁਸਾਰ ਜਾਣ ਬੁੱਝ ਕੇ ਵਿਗਾੜ ਕੇ ਦੇਖਣਾ ਹੈ।

ਸੰਖੇਪ ਵਿਚ, ਪੰਜਾਬ ਦੀ ਸਮੱਸਿਆ ਆਰਥਿਕ, ਸੱਭਿਆਚਾਰਕ ਅਤੇ ਰਾਜਸੀ ਹੈ। ਆਰਥਿਕ ਇਸ ਤਰ੍ਹਾਂ ਕਿ ਵੰਡ ਤੋਂ ਪਿੱਛੋਂ ਜੋ ਅਰਥਚਾਰਾ ਭਾਰਤ ਨੇ ਅਪਣਾਇਆ ਹੈ ਉਸ ਵਿਚ 'ਹਰਾ ਇਨਕਲਾਬ' ਆਉਣ ਦੇ ਬਾਵਜੂਦ ਮੱਧਲੀ ਅਤੇ ਛੋਟੀ ਕਿਸਾਨੀ ਨੂੰ ਵਧਣ ਫੁੱਲਣ ਦੇ ਮੌਕੇ ਨਹੀਂ ਮਿਲੇ। ਇਸ 'ਇਨਕਲਾਬ' ਦਾ ਫਾਇਦਾ ਵੱਡੇ ਜ਼ਿਮੀਂਦਾਰ ਨੂੰ ਹੀ ਮਿਲਿਆ ਹੈ। ਪੰਜਾਬ ਵਿਚ ਵੱਧ ਕਿਸਾਨ ਮੱਧਲੇ ਅਤੇ ਹੇਠਲੇ ਵਰਗ ਵਾਲੇ ਹੀ ਹਨ। ਉਨ੍ਹਾਂ ਉੱਤੇ ਭਾਰ ਵਧਿਆ ਹੈ। ਭਾਰਤ ਦੇ ਕੇਂਦਰੀ ਪੂੰਜੀਪਤੀ ਨੇ ਆਪਣੇ ਸੰਦ ਅਤੇ ਹੋਰ ਕਿਸਾਨੀ ਦੇ ਸਾਧਨਾਂ ਦੇ ਮੁੱਲ ਆਪਣੀ ਮਰਜ਼ੀ ਨਾਲ ਨਿਸ਼ਚਿਤ ਕਰਕੇ ਅਤੇ ਕਿਸਾਨੀ ਉਤਪਾਦਨ ਨੂੰ ਘੱਟ ਕੀਮਤ ਉੱਤੇ ਖਰੀਦ ਕੇ ਹੇਠਲੇ ਕਿਸਾਨ ਨੂੰ ਕਰਜ਼ੇ ਥੱਲੇ ਰੱਖਿਆ ਹੈ। ਨਤੀਜੇ ਵਜੋਂ ਉਸ ਕੋਲ ਆਪਣੇ ਬੱਚਿਆਂ ਨੂੰ ਸ਼ਹਿਰੀ ਬੱਚਿਆਂ ਵਾਂਗ ਸੁਸਿੱਖਿਅਤ ਕਰਨ ਅਤੇ ਵਧ ਰਹੇ ਪੂੰਜੀਵਾਦੀ ਪ੍ਰਬੰਧ ਦਾ ਹਿੱਸਾ ਬਨਾਉਣ ਦੀ ਸ਼ਕਤੀ ਨਹੀਂ।

ਪੰਜਾਬ ਮਸਲਾ ਅਤੇ ਹੇਠਲਾ ਕਿਸਾਨ ਕਿਉਂਕਿ ਸਿੱਖ ਹੈ, ਇਸ ਲਈ ਇਸ ਵਰਗ ਦੇ ਨੌਜਵਾਨ ਨੇ ਕੇਂਦਰ ਵਿਰੁੱਧ ਹਥਿਆਰ ਚੁੱਕ ਲਏ ਹਨ। ਇਸ ਨਾਲ ਸ਼ਹਿਰੀ ਸਿੱਖ ਵਰਗ ਦਾ ਨੌਜਵਾਨ ਵੀ ਸ਼ਾਮਲ ਹੈ ਕਿਉਂਕਿ ਉਸ ਦੇ ਟੱਬਰ ਕੋਲ ਵੀ ਕੇਂਦਰੀ ਹਾਕਮ ਨਾਲ ਸਬੰਧਿਤ ਵਪਾਰੀ ਨਾਲ ਜੁੜਨ ਦੇ ਵਸੀਲੇ ਨਹੀਂ। ਪੰਜਾਬ ਦੇ ਸ਼ਹਿਰੀ ਸਿੱਖ ਮੱਧ ਵਰਗ ਕੋਲ ਵੀ ਵਧਣ ਦੇ ਸਾਧਨ ਉਨੇ ਹੀ ਘੱਟ ਹਨ ਜਿੰਨੇ ਮੱਧਲੇ ਅਤੇ ਹੇਠਲੇ ਕਿਸਾਨ ਕੋਲ।

ਫੈਲ ਰਹੇ ਭਾਰਤੀ ਪੂੰਜੀਪਤੀ ਪ੍ਰਬੰਧ ਦਾ ਝੁਕਾਅ, ਕਿਸਾਨੀ ਅਤੇ ਵਪਾਰ ਦੇ ਮੱਧ-ਵਰਗਾਂ ਨੂੰ ਹਜ਼ਮ ਕਰਨ ਵੱਲ ਹੈ। ਪੰਜਾਬ ਦੇ ਇਹ ਵਰਗ ਵੀ ਖਤਰੇ ਵਿਚ ਹਨ। ਇਨ੍ਹਾਂ ਨੂੰ ਵਧਣ-ਫੁੱਲਣ ਜਾਂ ਬਦਲ

ਅਖਤਿਆਰ ਕਰਨ ਦਾ ਕੋਈ ਮੌਕਾ ਪ੍ਰਾਪਤ ਨਹੀਂ। ਇਹ ਵਧੇਰੇ ਮੱਧਲੀ ਅਤੇ ਵੱਡੀ ਦਸਤਕਾਰੀ ਰਾਹੀਂ ਹੋ ਸਕਦਾ ਸੀ ਜੋ ਪੰਜਾਬ ਨੂੰ ਅਜੇ ਤੱਕ ਨੀਤੀ ਵਜੋਂ ਨਹੀਂ ਦਿੱਤੀ ਗਈ। ਛੋਟੀ ਦਸਤਕਾਰੀ ਇਹ ਸੰਕਟ ਹੱਲ ਨਹੀਂ ਕਰ ਸਕਦੀ।

ਪੰਜਾਬ ਦੀ ਸਮੱਸਿਆ ਦਾ ਸੱਭਿਆਚਾਰਕ ਪਹਿਲੂ ਇਹ ਹੈ ਕਿ ਕੇਂਦਰੀ ਪੂੰਜੀਵਾਦ ਨੇ ਮੱਧਲੀ ਸਿੱਖ ਕਿਸਾਨੀ ਅਤੇ ਸ਼ਹਿਰੀ ਮੱਧ ਵਰਗ ਉੱਤੇ ਜੋ ਇੱਕ ਮੁਖੀ ਸੱਭਿਆਚਾਕ ਸੰਗਠਨਾਂ ਦਾ ਭਾਰ ਪਾਇਆ ਹੈ, ਉਸ ਨਾਲ ਇਨ੍ਹਾਂ ਵਰਗਾਂ ਵਿਚ ਇਹ ਅਹਿਸਾਸ ਵਧਿਆ ਹੈ ਕਿ ਮੌਜੂਦਾ ਪ੍ਰਬੰਧ ਇਨ੍ਹਾਂ ਦੇ ਸੱਭਿਆਚਾਰਕ ਆਪੇ ਵੱਲੋਂ ਵੀ ਲਾਪ੍ਰਵਾਹ ਹੈ।

ਆਰਥਿਕ ਦਮਨ ਤੋਂ ਸੱਭਿਆਚਾਰਕ ਦਮਨ ਨੂੰ ਸਮਝਣ ਦੀ ਯਾਤਰਾ ਪ੍ਰਸੰਸਾਯੋਗ ਹੈ। ਸੰਤ ਭਿੰਡਰਾਂਵਾਲਿਆਂ ਦਾ ਬਾਰ-ਬਾਰ ਇਹ ਕਹਿਣਾ ਕਿ ਸਿੱਖ "ਗ਼ੁਲਾਮ" ਹਨ, ਅਸਲ ਵਿਚ ਪੂੰਜੀਵਾਦ ਵਿਚ ਹੋ ਰਹੀ ਆਰਥਿਕ ਲੁੱਟ ਅਤੇ ਸੱਭਿਆਚਾਰਕ ਦਮਨ ਲਈ ਵਰਤਿਆ ਅਲੰਕਾਰ ਸੀ ਜੋ ਛੋਟੀ ਕਿਸਾਨੀ ਅਤੇ ਮੱਧਲੇ ਸਿੱਖ ਵਰਗ ਨੂੰ ਪੋਹ ਗਿਆ। ਸਿੱਖ ਸਟੂਡੈਂਟਸ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਦੇ ਮੱਧਲੀ ਸਿੱਖ ਕਿਸਾਨੀ ਅਤੇ ਸ਼ਹਿਰੀ ਸਿੱਖ ਮੱਧ ਵਰਗੀ ਵਿੱਚ ਲੋਕਪ੍ਰਿਯ ਹੋਣ ਦਾ ਵੱਡਾ ਕਾਰਨ ਇਨ੍ਹਾਂ ਵਰਗਾਂ ਵਿਚ ਕੇਂਦਰ ਵਿਰੁੱਧ ਮੌਜੂਦ ਗੁੱਸਾ ਹੈ ਜਿਸ ਨੂੰ ਕਿਸੇ ਹੋਰ ਪਾਸੇ ਨਹੀਂ ਲਾਇਆ ਜਾ ਸਕਿਆ। ਫੈਡਰੇਸ਼ਨ ਦੇ ਲੀਡਰਾਂ ਨੇ ਜੋ ਭਾਸ਼ਨ-ਵਿਉਂਤ ਵਰਤੀ ਹੈ, ਉਸ ਨੇ ਉਪਰੋਕਤ ਵਰਗਾਂ ਦੇ ਅਵਚੇਤਨ ਨੂੰ ਸਿੱਧਾ ਪਰੇਰਿਆ ਹੈ। ਜਿਸ ਤਰ੍ਹਾਂ ਫੈਲ ਰਹੇ ਪੂੰਜੀਵਾਦ ਅਤੇ ਇਸ ਦੇ ਬੇਕਿਰਕ ਸੁਭਾਅ ਨੇ ਭਾਰਤ ਦੇ ਮੱਧ ਵਰਗੀ ਨੌਜਵਾਨ ਨੂੰ ਨਿਰਗੌਰਵ ਕੀਤਾ ਹੈ, ਉਸ ਦਾ ਸ਼ਿੱਦਤ ਨਾਲ ਅਹਿਸਾਸ ਪੰਜਾਬ ਦੇ ਸਿੱਖ ਨੌਜਵਾਨ ਨੇ ਹੀ ਕੀਤਾ ਹੈ। ਕਾਰਣ ਉਸ ਦਾ ਪੜ੍ਹਿਆ ਲਿਖਿਆ ਹੋਣਾ ਅਤੇ ਸਿੱਖ ਇਤਿਹਾਸ ਤੋਂ ਪ੍ਰੇਰਣਾ ਲੈਣਾ ਹੈ, ਕਿਉਂਕਿ ਸਿੱਖ ਲਹਿਰ ਬੁਨਿਆਦੀ ਤੌਰ 'ਤੇ ਕ੍ਰਾਂਤੀਕਾਰੀ ਲਹਿਰ ਸੀ, ਇਸ ਦੇ ਸਭ ਤੋਂ ਬੌਧਿਕ ਸੰਗਠਨ, ਅਨਿਆਂ ਵਿਰੁੱਧ ਲੜਾਈ ਨਾਲ ਸਬੰਧਿਤ ਹਨ। ਸੂਰਮਗਤੀ, ਸ਼ਹੀਦੀ ਅਤੇ ਜਨੂੰਨ ਦੀ ਹੱਦ ਤੱਕ ਲਖਸ਼ ਲਈ ਜੂਝਣਾ, ਸਿੱਖ ਲਹਿਰ ਦੀਆਂ ਅਜਿਹੀਆਂ ਵਿਸ਼ੇਸ਼ਤਾਵਾਂ ਹਨ ਜੋ ਨੌਜੁਆਨਾਂ ਨੂੰ ਪ੍ਰੇਰਣਾ ਦਿੰਦੀਆਂ ਹਨ। ਦੱਬੇ ਹੋਏ ਅਤੇ ਬਾਕੀ ਸਿੱਖ ਵਰਗਾਂ ਨੂੰ ਸਿੱਖ ਨੌਜਵਾਨਾਂ ਦਾ ਇਸ ਪ੍ਰੇਰਣਾ ਅਧੀਨ ਲੜਨਾ ਸੱਭਿਆਚਾਰਕ ਅਤੇ ਰਾਜਸੀ ਨਾਇਕੀ ਲੱਗਿਆ ਹੈ। ਇਹ ਕਹਿਣਾ ਹੈ ਕਿ ਸਿੱਖ ਨੌਜਵਾਨ ਅਮੀਰ ਕਿਸਾਨੀ ਦੇ ਹਿੱਤਾਂ ਲਈ ਲੜ ਰਹੇ ਹਨ, ਜਾਇਜ਼ ਨਹੀਂ। ਅਮੀਰ ਕਿਸਾਨੀ, ਇਸ ਲੜਾਈ ਨੂੰ ਕੇਂਦਰ ਤੋਂ ਰਿਆਇਤਾਂ ਲੈਣ ਲਈ ਜਾਂ ਗੱਦੀ ਹਾਸਲ ਕਰਨ ਲਈ ਵਰਤ ਜ਼ਰੂਰ ਲੈਂਦੀ ਹੈ। ਪਰ ਲੜ ਰਹੇ ਸਿੱਖ ਨੌਜਵਾਨ ਉਨ੍ਹਾਂ ਦੇ ਨੁਮਾਇੰਦੇ ਨਹੀਂ। ਉਨ੍ਹਾਂ ਦਾ ਅਕਾਲੀ ਦਲ ਨਾਲ ਵਿਰੋਧ

ਇਸੇ ਫਰਕ ਵਿਚੋਂ ਪੈਦਾ ਹੋਇਆ ਹੈ।

ਪੰਜਾਬ ਦੀ ਸਮੱਸਿਆ ਦਾ ਰਾਜਸੀ ਪੱਖ ਪ੍ਰਭੁਤਾ ਲਈ ਲੜਾਈ ਹੈ। ਕੇਂਦਰ ਦਾ ਪੂੰਜੀਪਤੀ ਪ੍ਰਧਾਨ ਹਾਕਮ ਗ੍ਰੋਹ ਆਪਣੀ ਪ੍ਰਭੁਤਾ ਸਥਾਪਿਤ ਕਰਨ ਲਈ ਇਕ ਕਿਸਾਨ ਪ੍ਰਧਾਨ ਸੱਭਿਆਚਾਰਕ ਇਕਾਈ ਨੂੰ ਦਬਾਉਣਾ ਚਾਹੁੰਦਾ ਹੈ ਤਾਂ ਕਿ ਉਸ ਦੇ ਧਨ ਨੂੰ ਆਪਣੀ ਮਰਜ਼ੀ ਅਨੁਸਾਰ ਵਰਤ ਸਕੇ।

ਇਸ ਤਰ੍ਹਾਂ ਆਰਥਿਕ, ਸੱਭਿਆਚਾਰਕ ਅਤੇ ਰਾਜਸੀ ਪੱਖਾਂ ਤੋਂ ਪੀਡੀ ਪੰਜਾਬ ਦੀ ਸਮੱਸਿਆ ਦਿਨੋ ਦਿਨ ਹੋਰ ਗੁੰਝਲਦਾਰ ਬਣ ਰਹੀ ਹੈ। ਕੇਂਦਰ ਦਾ ਹਾਕਮ ਗ੍ਰੋਹ ਆਪਣੀ ਪ੍ਰਭੁਤਾ ਕਾਇਮ ਰੱਖਣ ਲਈ ਪੰਜਾਬ ਦੀ ਸਮੱਸਿਆ ਨੂੰ ਇਸ ਦੇ ਉਪਰੋਕਤ ਦੱਸੇ ਪੱਖਾਂ ਨੂੰ ਨਜ਼ਰੋ ਓਹਲੇ ਕਰ ਕੇ ਇਸ ਨੂੰ ਕੇਵਲ ਰਾਜ-ਪ੍ਰਬੰਧ ਅਤੇ ਕਾਨੂੰਨ ਦੀ ਸਮੱਸਿਆ ਵਜੋਂ ਜਾਂ ਫ਼ਿਰਕੂ ਦਹਿਸ਼ਤਗਰਦੀ ਵਜੋਂ ਪੇਸ਼ ਕਰ ਰਿਹਾ ਹੈ। ਇਸ ਦੇ ਹੱਥਕੰਡਿਆਂ ਦਾ ਪ੍ਰੈਸ ਵੀ ਪੰਜਾਬ ਦੇ ਰੋਸ ਨੂੰ "ਰਾਸ਼ਟਰ ਵਿਰੋਧੀ" ਅਤੇ "ਦੇਸ਼ ਧ੍ਰੋਹੀ" ਆਖ ਰਿਹਾ ਹੈ। ਕਾਰਨ ਬੜਾ ਸਪੱਸ਼ਟ ਹੈ। ਕੇਂਦਰੀ ਹਾਕਮ ਗ੍ਰੋਹ ਕੋਲ ਆਪਣੀ ਪ੍ਰਭੁਤਾ ਕਾਇਮ ਰੱਖਣ ਲਈ ਕੋਈ ਦਰਸ਼ਨ ਜਾਂ ਸਿਧਾਂਤ ਨਹੀਂ ਕਿਉਂਕਿ ਇਸ ਨੇ ਸੱਤਾ ਕਿਸੇ ਇਨਕਲਾਬ ਰਾਹੀਂ ਨਹੀਂ ਜਿੱਤੀ ਅਤੇ ਨਾ ਹੀ ਸੱਤਾ ਹਾਸਲ ਕਰਨ ਪਿੱਛੋਂ ਕੋਈ ਇਨਕਲਾਬੀ ਜੁਗਤ ਤਿਆਰ ਕੀਤੀ ਹੈ। ਇਹ ਕੰਮ ਜਵਾਹਰ ਲਾਲ ਨਹਿਰੂ ਨੂੰ ਕਰਨਾ ਚਾਹੀਦਾ ਸੀ ਪਰ ਉਹ ਪੱਛਮ ਦੇ ਬੁਰਜੂਆ ਲੋਕਤੰਤਰ ਦਾ ਦੀਵਾਨਾ ਹੋਣ ਕਾਰਣ ਇਸ ਪਾਸੇ ਕੋਈ ਨਿੱਗਰ ਕੰਮ ਨਾ ਕਰ ਸਕਿਆ।

ਪੱਛਮ ਵਿਚ ਪੂੰਜੀਵਾਦ ਨੇ ਆਪਣੇ ਬਹੁਪੱਖੀ ਸੰਕਟ ਵਿਚ ਪ੍ਰਭੁਤਾ ਕਾਇਮ ਰੱਖਣ ਅਤੇ ਸਮਾਜ ਦੇ ਨਾਇਕ ਬਣਨ ਲਈ ਜੋ ਹਥਿਆਰ ਵਰਤਿਆ ਹੈ ਉਹ ਹੈ ਹਾਈਟੈਕ ਜਾਂ ਸਰਬੋਤਮ ਟੈਕਨਾਲੋਜੀ ਵਿਕਸਿਤ ਕਰਨੀ। ਇਹ ਹਥਿਆਰ ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿਚ ਕਾਮਯਾਬ ਹੈ ਕਿਉਂਕਿ ਇਸ ਨਾਲ ਪੂੰਜੀ ਦੀ ਵੰਡ ਵਧੇਰੇ ਸੰਤੋਖ ਵਾਲੀ ਬਣੀ ਹੈ। ਆਮ ਕਾਮਿਆਂ ਦੀ ਉਜ਼ਰਤ ਵਿਚ ਵਾਧਾ ਹੋਇਆ ਹੈ। ਪਰ ਭਾਰਤ ਵਿਚ, ਪੂੰਜੀਪਤੀ ਪੈਂਤੜੇ ਉੱਤੇ ਵਿਕਸਿਤ ਹੋ ਰਹੇ ਦੇਸ਼ਾਂ ਵਾਂਗ ਇਹ ਨਾਅਰਾ ਕਾਮਯਾਬ ਨਹੀਂ ਕਿਉਂਕਿ ਇੱਥੇ ਵਧ ਰਹੀ ਪੂੰਜੀ ਨੂੰ ਹਾਕਮ ਗ੍ਰੋਹ ਹੀ ਹੜਪ ਕਰ ਰਿਹਾ ਹੈ ਆਮ ਲੋਕਾਂ ਦਾ ਅਸੰਤੋਖ ਤੇ ਗਰੀਬੀ ਹੋਰ ਵਧ ਰਹੇ ਹਨ ਪੰਜਾਬ ਦੀਆਂ ਅਸਫਲਤਾਵਾਂ ਨੂੰ ਢੱਕਣ ਵਾਸਤੇ ਹਾਕਮ ਗ੍ਰੋਹ ਨੇ ਪੰਜਾਬ ਦੀ ਸਮੱਸਿਆ ਨੂੰ ਫਿਰਕੂ ਰੰਗ ਦੇ ਕੇ ਅਤੇ ਰਾਜ ਦੀ ਦਹਿਸ਼ਤਗਰਦੀ ਵਧਾ ਕੇ, ਆਪਣੀ ਪ੍ਰਭੁਤਾ ਦੇ ਸਾਲ ਵਧਾਉਣ ਦੀ ਕੋਸ਼ਿਸ਼ ਕੀਤੀ ਹੈ।

ਪੰਜਾਬ ਦੀ ਸਮੱਸਿਆ ਦਾ ਹੱਲ ਪੁਲੀਸ ਅਤੇ ਰਾਜ ਸਰਕਾਰ ਰਾਹੀਂ ਕੀਤਾ ਜਾ ਰਿਹਾ ਦਮਨ ਨਹੀਂ ਸਗੋਂ ਪੰਜਾਬ ਦੀ ਸਿੱਖ-ਪ੍ਰਧਾਨ ਪੰਜਾਬੀ ਕੌਮ ਦੀ ਆਰਥਿਕ, ਸੱਭਿਆਚਾਰਕ ਅਤੇ ਰਾਜਸੀ ਬਿਹਤਰੀ ਲਈ

ਪੈਦਾ ਹੋਈ ਲਹਿਰ ਨੂੰ ਸਮਝਣਾ ਅਤੇ ਇਸ ਕੌਮ ਲਈ ਭਾਰਤੀ ਪ੍ਰਬੰਧ ਵਿਚ ਯੋਗ ਥਾਂ ਬਣਾਉਣਾ ਹੈ। ਕਿਉਂਕਿ ਇਸ ਲਹਿਰ ਦਾ ਨੇਤਰਤਵ ਖਾੜਕੂ ਸਿੱਖਾਂ ਦੇ ਹੱਥਾਂ ਵਿਚ ਹੈ, ਇਸ ਨੂੰ ਫਿਰਕੂ ਨਹੀਂ ਸਮਝਣਾ ਚਾਹੀਦਾ, ਪੰਜਾਬੀਆਂ ਦਾ ਇਕ ਹਿੰਦੂ ਹਿੱਸਾ, ਕੁੱਝ ਇਤਿਹਾਸਿਕ ਕਾਰਣਾਂ ਕਰਕੇ ਪੰਜਾਬ ਦੀ ਲੜਾਈ ਵਿਚ ਕੇਂਦਰ ਨਾਲ ਹੈ। ਉਸ ਨੂੰ ਇਹ ਸਮਝਣ ਦੀ ਲੋੜ ਹੈ ਕਿ ਉਸ ਦੀ ਮੁਕਤੀ ਪੰਜਾਬ ਦੀ ਰੋਸ ਲਹਿਰ ਵਿਚ ਸਿੱਖ ਲੀਡਰਸ਼ਿਪ ਨਾਲ ਹੋਣ ਵਿੱਚ ਹੈ। ਸਿੱਖ ਨੇਤਰਤਵ ਅਸਲ ਵਿਚ ਪੰਜਾਬੀ ਨੇਤਰਤਵ ਹੈ। ਇਸ ਦੇ ਨਾਇਕ ਇਸ ਨੂੰ ਹੋਰ ਵਿਸ਼ਾਲ ਅਤੇ ਗੁਰੂ ਸਾਹਿਬਾਨ ਦੇ ਆਦਰਸ਼ਾਂ ਅਨੁਸਾਰ ਕ੍ਰਾਂਤੀਕਾਰੀ ਮਨੁੱਖਵਾਦੀ ਰੱਖਣਗੇ, ਇਸ ਦੀ ਉਮੀਦ ਕੀਤੀ ਜਾ ਸਕਦੀ ਹੈ। ਕ੍ਰਾਂਤੀਕਾਰੀ ਸਿੱਖ ਆਦਰਸ਼ਾਂ ਤੋਂ ਪੰਜਾਬ ਦਾ ਅਗਲਾ ਪੜਾਅ ਸਮਾਜਵਾਦੀ ਕ੍ਰਾਂਤੀਕਾਰੀਆਂ ਦੇ ਨੇਤਰਤਵ ਵਿੱਚ ਜੁੜਨਾ ਸੀ, ਪਰ ਰਵਾਇਤੀ ਕਮਿਊਨਿਸਟ ਪਾਰਟੀਆਂ ਦੇ ਸਿੱਖ ਵਿਰਸੇ ਨੂੰ ਠੀਕ ਨਾ ਸਮਝਣ ਕਾਰਣ ਇਹ ਵਾਪਰ ਨਹੀਂ ਸਕਿਆ। ਅਜੋਕੀ ਸਥਿਤੀ ਵਿੱਚ ਸਿੱਖ-ਪ੍ਰਧਾਨ ਪੰਜਾਬੀ ਕੌਮ ਲਈ ਸਿੱਖ ਨੌਜਵਾਨਾਂ ਦੀ ਲੜਾਈ ਖੱਬੇ ਪੱਖੀ ਕੌਮੀ ਪਛਾਣਾਂ ਨੂੰ ਉਤਸਾਹਿਤ ਕਰਨ ਵਾਲੇ ਖਾੜਕੂਆਂ ਨਾਲ ਰਲ ਕੇ ਲੜਨ ਵਿੱਚ ਬਣਦੀ ਹੈ।

ਪੰਜਾਬ ਦੇ ਇਤਿਹਾਸ ਵਿਚ ਦੋ ਯੋਗਦਾਨ ਅਤਿਅੰਤ ਗੌਰਵ ਵਾਲੇ ਹਨ। ਉਨ੍ਹਾਂ ਨੇ ਪੰਜਾਬ ਦੀ ਵਿਸ਼ਵ-ਦ੍ਰਿਸ਼ਟੀ ਅਤੇ ਚਰਿੱਤਰ ਉਸਾਰੇ ਹਨ। ਪਹਿਲੀ ਸੀ ਆਰੀਆਂ ਦਾ ਬ੍ਰਹਿਮੰਡੀਕਰਨ, ਜਿਸ ਨਾਲ ਦ੍ਰਾਵੜ ਸੱਭਿਆਚਾਰ ਨੂੰ ਆਪਣੇ ਵਿੱਚ ਸਮੋ ਕੇ ਇੱਕ ਬਹੁ-ਪਾਸਾਰੀ ਅਤੇ ਵਿਸ਼ਾਲਤਰ ਜਗਤ ਦਾ ਸੰਗਠਨ ਕਰਨਾ ਜਿਸ ਵਿਚ ਬਲ ਸਮਾਧੀ ਅਤੇ ਚੇਤਨਤਾ ਉੱਤੇ ਸੀ। ਨਾਲ ਹੀ ਵਿਕਸਿਤ ਸੰਦਾਂ ਨਾਲ ਖੇਤੀ ਅਤੇ ਸ਼ਹਿਰੀ ਸੱਭਿਆਚਾਰ ਨੂੰ ਵਧਾਉਣ ਉੱਤੇ ਹੀ ਜ਼ੋਰ ਸੀ। ਦੂਜਾ ਯੋਗਦਾਨ ਸਿੱਖ ਗੁਰੂ ਸਾਹਿਬਾਨ ਦਾ ਸੀ ਜਿਨ੍ਹਾਂ ਨੂੰ ਇਸਲਾਮ ਅਤੇ ਇਸ ਦੀ ਦਮਨਕਾਰੀ ਸਟੇਟ ਦੀ ਵੰਗਾਰ ਨੂੰ ਸਵੀਕਾਰ ਕਰਕੇ ਇੱਕ ਨਵਾਂ ਵਿਸ਼ਵ ਸੰਗਠਨ ਹੀ ਨਹੀਂ ਰਚਿਆ, ਸੰਕੀਰਣ ਅਤੇ ਅਧੋਗਤ ਹੋ ਰਹੀ ਵਿਸ਼ਵ-ਦ੍ਰਿਸ਼ਟੀ ਅਤੇ ਸੰਸਥਾਵਾਂ ਨੂੰ ਇਤਿਹਾਸਿਕ ਕਰਮ ਰਾਹੀਂ ਬਦਲਣ ਦਾ ਸੰਕਲਪ ਦਿੱਤਾ। ਇਸ ਯੋਗਦਾਨ ਨੇ ਪੰਜਾਬ ਵਿਚ ਗੁਣਾਤਮਕ ਤਬਦੀਲੀ ਲਿਆਂਦੀ। ਇਸ ਦੀ ਮੋਹਰ ਹੁਣ ਤੱਕ ਕਾਇਮ ਹੈ। ਕਿਉਂਕਿ ਇਤਿਹਾਸਿਕ ਤੌਰ 'ਤੇ ਸਿੱਖ ਗੁਰੂ ਸਾਹਿਬਾਨ ਦਾ ਯੋਗਦਾਨ ਗੁਣਾਤਮਕ ਹੈ, ਇਸ ਲਈ ਪੰਜਾਬੀ ਕੌਮੀ ਦਾ ਸਿੱਖ-ਪ੍ਰਧਾਨ ਹੋਣਾ ਇਕ ਇਤਿਹਾਸਕ ਸੱਚ ਹੈ। ਇਸ ਨੂੰ ਫਿਰਕੂ ਕਹਿਣਾ ਇਤਿਹਾਸ ਤੋਂ ਇਨਕਾਰ ਕਰਨਾ ਹੈ। ਜਦੋਂ ਤੱਕ ਇਸ ਦਾ ਨਵੇਂ ਕ੍ਰਾਂਤੀਕਾਰੀ ਸੰਕਲਪਾਂ ਨਾਲ ਸੰਯੋਗ ਨਹੀਂ ਬਣਦਾ, ਇਸ ਦਾ ਰੂਪ ਉਹੀ ਰਹੇਗਾ ਜੋ ਅੱਜ ਹੈ।

ਭਾਰਤ ਦਾ ਦੇਸ਼ ਅਤੇ ਰਾਜ-ਪ੍ਰਬੰਧ ਵਜੋਂ ਭਵਿੱਖ ਸੁਰੱਖਿਅਤ ਤਦ ਹੀ ਹੈ ਜੇ ਸਾਡਾ ਹਾਕਮ ਗ੍ਰੋਹ

ਪੰਜਾਬ ਦੀ ਸਿੱਖ-ਪ੍ਰਧਾਨ ਕੌਮ ਦੀ ਆਪਣੀ ਸੱਭਿਆਚਾਰਕ ਅਤੇ ਰਾਜਨੀਤਕ ਵਿਸ਼ੇਸ਼ਤਾ ਨੂੰ ਸਵੀਕਾਰ ਕਰੇ। ਪੰਜਾਬ ਨੂੰ ਇਕ ਕੌਮ ਦਾ ਘਰ ਮੰਨੇ। ਇਸ ਨੂੰ ਆਪਣੇ ਵਿਕਾਸ ਲਈ ਲੋੜੀਂਦੀ ਸਹਾਇਤਾ ਨਾਲ ਦੇਵੇ। ਸੰਵਿਧਾਨ ਵਿੱਚ ਲੋੜੀਂਦੀਆਂ ਤਬਦੀਲੀਆਂ ਲਿਆਵੇ।

ਭਾਵੇਂ ਭਾਰਤ ਦੀਆਂ ਕੌਮਾਂ ਨੂੰ ਪੂਰੀ ਪ੍ਰਫੁਲਤਾ ਤਾਂ ਸਾਂਝੀਵਾਲਤਾ ਵਾਲੇ ਪ੍ਰਬੰਧ ਵਿੱਚ ਹੀ ਮਿਲ ਸਕਦੀ ਹੈ ਤਾਂ ਵੀ ਪੂੰਜੀਵਾਦੀ ਪ੍ਰਬੰਧ ਆਪਣੇ ਵਿੱਚ ਲਚਕ ਪੈਦਾ ਕਰਕੇ ਕਾਫੀ ਤਸੱਲੀ ਅਤੇ ਆਰਥਿਕ ਸੱਭਿਆਚਾਰਕ ਵਿਕਾਸ ਕਰਵਾ ਸਕਦਾ ਹੈ। ਜੇ ਸਿੱਖ ਨੇਤਰਵਤ ਵਿੱਚ ਉੱਤਰੀ ਪੰਜਾਬ ਦੀ ਸ੍ਵੈ-ਪਛਾਣ ਲਈ ਅਤੇ ਕੇਂਦਰ ਦੀਆਂ ਅਯੋਗ ਨੀਤੀਆਂ ਵਿਰੁੱਧ ਉੱਠੀ ਰੋਸ ਲਹਿਰ ਨੂੰ "ਫਿਰਕੂ" ਅਤੇ "ਦਹਿਸ਼ਤਗਰਦ" ਕਹਿ ਕੇ ਕੇਵਲ ਦਬਾਉਣ ਦਾ ਹੀ ਯਤਨ ਕੀਤਾ ਜਾਵੇਗਾ ਤਾਂ ਪੰਜਾਬ ਦੇ ਲੋਕ, ਵਿਸ਼ੇਸ਼ ਕਰਕੇ ਸਿੱਖ, ਭਾਰਤ ਨਾਲੋਂ ਦੂਰ ਹੋ ਜਾਣਗੇ। ਇਸ ਦੇ ਨਤੀਜੇ ਭਾਰਤ ਦੀਆਂ ਬਾਕੀ ਕੌਮਾਂ ਅਤੇ ਘੱਟਗਿਣਤੀਆਂ ਦੇ ਪ੍ਰਸੰਗ ਵਿਚ ਬਹੁਤ ਭਿਆਨਕ ਨਿਕਲ ਸਕਦੇ ਹਨ। ਪੰਜਾਬ ਦੀ ਸੰਤੁਸ਼ਟਤਾ ਭਾਰਤੀ ਸੰਗਠਨ ਵਿੱਚ ਨਵੀਂ ਜਾਨ ਲਿਆ ਸਕਦੀ ਹੈ ਅਤੇ ਇਸ ਦੀ ਦੂਰੀ ਭਾਰਤੀ ਸੰਗਠਨ ਦੇ ਖਿਲਰਨ-ਪੁੱਲਰਨ ਦੀ ਪ੍ਰਕਿਰਿਆ ਆਰੰਭ ਕਰ ਸਕਦੀ ਹੈ।

# ਪੰਜਾਬ ਅਤੇ ਅੰਤਰਰਾਸ਼ਟਰੀ ਭਾਈਚਾਰਾ

ਇਸ ਲੇਖ ਵਿੱਚ ਦੋ ਨੁਕਤੇ ਹਨ। ਪਹਿਲਾ ਇਹ ਕਿ ਪੰਜਾਬ ਵਿੱਚ ਸਿੱਖ ਨੌਜਵਾਨਾਂ ਦੀ ਸਿੱਖ-ਪ੍ਰਧਾਨ ਪੰਜਾਬੀ ਕੌਮ ਦੀ ਮੁਕਤੀ ਲਈ ਚਲਾਈ ਲਹਿਰ ਵਿੱਚ ਗੁਰੂ ਸਾਹਿਬਾਨ ਦੇ ਅੰਤਰਰਾਸ਼ਟਰੀ ਅਤੇ ਮਨੁੱਖਵਾਦੀ ਮਾਡਲ ਤੋਂ ਪ੍ਰੇਰਿਤ ਹੈ। ਇਹ ਕੌਮੀ ਆਜ਼ਾਦੀ ਉਤੇ ਭਾਰਤੀ ਪੂੰਜੀਪਤੀ ਅਤੇ ਜਗੀਰੂ ਅੰਸ਼ਾਂ ਵਾਲੇ ਸ਼ਾਸਕ ਵਰਗ ਦੀ ਲੋਟੂ ਨੀਤੀ ਅਤੇ ਆਤਮਕ ਦਮਨ ਦਾ ਵਿਰੋਧ ਹੈ। ਪਰ ਇਸ ਲਹਿਰ ਦੇ ਚੇਤੰਨ ਨਾਇਕ ਅਜੇ ਇਸ ਲਹਿਰ ਦੇ ਸਿਧਾਂਤ ਅਤੇ ਅਮਲ ਨੂੰ ਅੰਤਰਰਾਸ਼ਟਰੀ ਭਾਈਚਾਰੇ ਅੱਗੇ ਇਸ ਤਰ੍ਹਾਂ ਪੇਸ਼ ਨਹੀਂ ਕਰ ਸਕੇ। ਦੂਜਾ ਨੁਕਤਾ ਇਹ ਹੈ ਕਿ ਜੇ ਇਸ ਲਹਿਰ ਨੇ ਵੱਡੀ ਪ੍ਰਾਪਤੀ ਕਰਨੀ ਹੈ ਅਤੇ ਆਪਣਾ ਮੁੱਖ ਨਿਸ਼ਾਨਾ ਹਾਸਲ ਕਰਨਾ ਹੈ ਤਾਂ ਇਹ ਅੰਤਰਰਾਸ਼ਟਰੀ ਭਾਈਚਾਰੇ ਨੂੰ ਵਿਸ਼ਵਾਸ ਵਿਚ ਲੈਣ ਤੋਂ ਬਿਨਾਂ ਸੰਭਵ ਨਹੀਂ। ਇਸ ਲਈ ਸਿਧਾਂਤ ਅਤੇ ਅਮਲ ਵਿਚ ਜੋ ਯੋਗ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ ਜਾਂ ਉਨ੍ਹਾਂ ਦੀ ਪਰਮਾਣਿਕ ਪੇਸ਼ਕਾਰੀ ਲਈ ਜੋ ਯਤਨ ਕਰਨੇ ਚਾਹੀਦੇ ਹਨ ਉਨ੍ਹਾਂ ਬਾਰੇ ਸ਼ੀਘਰ ਕਦਮ ਚੁੱਕਣ ਦੀ ਲੋੜ ਹੈ।

ਮਨੁੱਖੀ ਸੱਭਿਅਤਾ ਦੇ ਇਤਿਹਾਸ ਵਿੱਚ ਪੰਜਾਬ ਦੀ ਦੇਣ ਹਮੇਸ਼ਾਂ ਗੌਰਵ ਵਾਲੀ ਰਹੀ ਹੈ। ਇਸਦੀ ਭੂਗੋਲਿਕ ਸਥਿਤੀ, ਪ੍ਰਾਪਤ ਕੁਦਰਤੀ ਵਸੀਲੇ, ਵੱਖ-ਵੱਖ ਕੌਮਾਂ ਦਾ ਆਉਣ-ਜਾਣ ਅਤੇ ਇਸ ਵਿੱਚੋਂ ਬਣਨ ਵਾਲੇ ਬੇਚੈਨ ਇਤਿਹਾਸ ਨੇ ਇੱਥੇ ਵੱਖ-ਵੱਖ ਚੇਤਨਾਵਾਂ ਦਾ ਸੰਮਿਸ਼ਰਣ ਕੀਤਾ। ਨਤੀਜੇ ਵਜੋਂ ਮੁੱਢਲੇ ਪੜਾਵਾਂ ਉੱਤੇ ਵੀ ਇੱਥੇ ਇਤਿਹਾਸਕ ਗਤੀ ਤੇਜ਼ ਰਹੀ। ਪੰਜਾਬ ਵੱਖ-ਵੱਖ ਵਿਚਾਰਧਾਰਾਵਾਂ ਜਾਂ ਕੌਮੀ ਸੋਚਾਂ ਦੇ ਸੰਵਾਦ ਦਾ ਕੇਂਦਰ ਰਿਹਾ। ਇਸ ਵਿਚਿੱਤਰਤਾ ਅਤੇ ਬੇਚੈਨੀ ਨੇ ਇੱਥੇ ਵੱਡਮੁੱਲੀਆਂ ਸਾਹਿਤਕ ਅਤੇ ਹੋਰ ਸੱਭਿਆਚਾਰਕ ਗੌਰਵ ਵਾਲੀਆਂ ਕਿਰਤਾਂ ਨੂੰ ਜਨਮ ਦਿੱਤਾ।

ਇੱਥੇ ਮੱਧ-ਕਾਲੀਨ ਸੋਚ-ਪ੍ਰਬੰਧ ਅਤੇ ਉਤਪਾਦਨ ਪ੍ਰਬੰਧ ਵਿੱਚ ਤ੍ਰੇੜਾਂ ਵੀ ਪਹਿਲਾਂ ਆਈਆਂ। ਮਹੱਤਵ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਤ੍ਰੇੜਾਂ ਨਾਲ ਇੱਥੇ ਕੇਵਲ ਇਕ ਨਾ-ਪੱਖੀ ਅਤੇ ਗਦਰ ਫੈਲਾਉਣ ਵਾਲਾ ਵਾਤਾਵਰਣ (ਸਿਵਾਏ ਕੁਝ ਦਹਾਕਿਆਂ ਦੇ) ਨਹੀਂ ਬਣਿਆ ਸਗੋਂ ਅਜਿਹੀਆਂ ਸੰਰਚਨਾਵਾਂ ਉੱਭਰੀਆਂ ਜਿਨ੍ਹਾਂ ਵਿੱਚ ਮੱਧ-ਕਾਲੀਨ ਵਿਚਾਰਧਾਰਾ ਅਤੇ ਉਤਪਾਦਨ ਪ੍ਰਬੰਧ ਦੇ ਵਿਰੋਧਾਂ ਤੋਂ ਉਪਜਣ ਵਾਲੇ ਵਿਭਾਜਿਤ ਅਤੇ ਨਾ-ਪੱਖੀ ਜੀਵਨ ਤੋਂ ਅੱਗੇ ਚੱਲ ਕੇ ਇਕ ਸੰਗਠਿਤ ਅਤੇ ਸਰਬ-ਪੱਖੀ ਵਿਕਾਸ ਵਾਲੇ ਮਨੁੱਖ ਦਾ ਸੁਪਨਾ ਘੜਿਆ ਗਿਆ। ਇਸ ਸੁਪਨੇ ਦਾ ਪੂਰਣ ਸ਼ਾਬਦਿਕ ਰੂਪ 'ਆਦਿ ਗ੍ਰੰਥ' ਹੈ, ਜਿਸ ਵਿੱਚ ਭਗਤਾਂ ਅਤੇ ਸਿੱਖ

ਗੁਰੂ ਸਾਹਿਬਾਂ ਨੇ ਸਰਬ-ਇੰਦਰੀ ਵਿਕਾਸ ਅਤੇ ਮਨੁੱਖ (ਗੁਰਮੁਖ) ਅਤੇ ਇਸ ਤੋਂ ਵੰਚਿਤ ਜਾਂ ਵਿਚਾਰਧਾਰਕ ਅਤੇ ਅਸਤਿਤਵੀ ਪੱਧਰ ਉੱਤੇ ਪਿੱਛੇ ਰਹਿਣ ਵਾਲੇ ਮਨੁੱਖ (ਮਨਮੁਖ) ਦਾ ਸੰਕਲਪ ਦਿੱਤਾ।

ਮਨੁੱਖਵਾਦੀ, ਸਰਬ-ਪੱਖੀ ਵਿਕਾਸ ਅਤੇ ਇਤਿਹਾਸ ਵਿੱਚ ਸ਼ਾਮਲ ਹੋ ਕੇ ਕ੍ਰਾਂਤੀ ਰਾਹੀਂ ਬਦਲ ਕੇ ਨਵਾਂ ਸਮਾਜ ਘੜਨ ਦੀ ਜੋ ਤਾਂਘ ਸਿੱਖ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਅਤੇ ਜੀਵਨ ਮਿਸਾਲਾਂ ਰਾਹੀਂ ਪੰਜਾਬੀਆਂ ਵਿਚ ਜਗ੍ਹਾ ਦਿੱਤੀ। ਉਸ ਨਾਲ ਪੰਜਾਬ ਹਮੇਸ਼ਾ ਚੇਤਨ ਕਿਸਮ ਦੀ ਸਰਬ-ਪੱਧਰੀ ਆਜ਼ਾਦੀ ਦਾ ਸੁਪਨਾ ਦੇਖਦਾ ਰਿਹਾ। ਮੁਗ਼ਲ ਹਾਕਮਾਂ ਨਾਲ ਲੜ ਕੇ ਇਹ ਸੁਪਨਾ ਕੁਝ ਹੱਦ ਤਕ ਸਾਕਾਰ ਵੀ ਕਰ ਲਿਆ ਗਿਆ।

ਬਰਤਾਨਵੀ ਸਾਮਰਾਜ ਨੇ ਭਾਵੇਂ ਸਿੱਖ ਚੀਫਾਂ ਨੂੰ ਲਾਲਚ ਅਤੇ ਕੁਝ ਸ਼ਕਤੀ ਦੇ ਕੇ ਆਪਣੇ ਨਾਲ ਲਾਈ ਰੱਖਿਆ ਪਰ ਇਹ ਸਰਬ-ਪੱਖੀ ਆਜ਼ਾਦੀ ਦੀ ਚਿਣਗ ਪੰਜਾਬ ਵਿਚ ਬੁੱਝ ਨਾ ਸਕੀ। ਵਿਸ਼ੇਸ਼ ਕਰ ਕੇ ਕਿਸਾਨੀ ਅਤੇ ਮੱਧ-ਵਰਗ ਨੇ ਇਹ ਚਿਣਗ ਆਪਣੇ ਅੰਦਰ ਜੀਵੰਤ ਰੱਖੀ। ਕਿਸਾਨੀ ਉਤੇ ਆਦਿ ਗ੍ਰੰਥ, ਗੁਰੂ ਗੋਬਿੰਦ ਸਿੰਘ ਦੀ ਰਚਨਾ ਅਤੇ ਜੀਵਨ ਦਾ ਵੱਡਾ ਪ੍ਰਭਾਵ ਰਿਹਾ। ਕਾਰਣ ਇਹ ਕਿ ਕਿਸਾਨੀ ਬਰਤਾਨਵੀ ਸਾਮਰਾਜ ਵਿਚ ਵੀ ਵੱਡੀ ਲੁੱਟ ਦਾ ਸ਼ਿਕਾਰ ਰਹੀ। ਜੋ ਵਾਅਦਾ ਬਾਬਾ ਬੰਦਾ ਸਿੰਘ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਸਾਨੀ ਨਾਲ ਕੀਤਾ ਸੀ (ਵਾਹੁਣ ਵਾਲੇ ਨੂੰ ਜ਼ਮੀਨ ਦੇਣ ਅਤੇ ਬਰਾਬਰੀ ਦੇਣ ਦਾ) ਉਹ ਪਿਛੋਂ ਪੂਰਾ ਨਾ ਹੋਇਆ। ਜਿਸ ਸਰਬ-ਪੱਖੀ ਵਿਕਾਸ ਦੀ ਗੱਲ ਕਿਸਾਨੀ ਨੇ ਸਿੱਖ ਮਾਡਲ ਤੋਂ ਸਿੱਖੀ ਸੀ ਉਹ ਉਸ ਨੇ ਆਪਣੇ ਮਨ ਸਾਂਭੀ ਰੱਖੀ।

ਹੁਣ ਜਦੋਂ 'ਆਜ਼ਾਦ' ਭਾਰਤ ਵਿਚ ਪੂੰਜੀਵਾਦੀ ਪੈਂਤੜੇ ਉੱਤੇ ਚੱਲਣ ਨਾਲ ਛੋਟੀ ਕਿਸਾਨੀ ਅਤੇ ਨਿਮਨ ਮੱਧ-ਵਰਗ ਪੀਠੇ ਜਾਣੇ ਸ਼ੁਰੂ ਹੋਏ ਹਨ ਤਾਂ ਸਿੱਖ ਮਾਡਲ ਤੋਂ ਪ੍ਰੇਰਿਤ ਕਿਸਾਨੀ ਅੰਦਰ ਸਦਾ ਮਘਦੀ ਚਿਣਗ ਲਾਟ ਬਣ ਕੇ ਬਲਣ ਲੱਗੀ ਹੈ। ਜੋ ਸਰਬ-ਪੱਖੀ ਵਿਕਾਸ ਅਤੇ ਆਜ਼ਾਦੀ ਦਾ ਸੁਪਨਾ ਹਮੇਸ਼ਾ ਸੁੱਤਾ ਰਿਹਾ ਉਹ ਯਕਦਮ ਪ੍ਰਜਵੱਲਿਤ ਹੋਣ ਲੱਗਾ ਹੈ। ਪਹਿਲਾਂ ਇਹ ਪ੍ਰਜਵੱਲਿਤ ਨਕਸਲਵਾੜੀ ਨੌਜਵਾਨਾਂ ਨੇ ਕੀਤਾ ਸੀ ਅਤੇ ਹੁਣ ਉਪਰੋਕਤ ਵਰਗਾਂ ਵਿੱਚੋਂ ਆਏ ਸਿੱਖ ਨੌਜਵਾਨਾਂ ਦੀ ਲਹਿਰ ਨੇ ਕੀਤਾ ਹੈ।

ਸਮਝਣ ਵਾਲੀ ਗੱਲ ਇਹ ਹੈ ਕਿ ਸਿੱਖ ਨੌਜਵਾਨਾਂ ਦੀ ਲਹਿਰ ਵਕਤ ਸਿਰ ਕੁਝ ਵਿਚਾਰਧਾਰਕ ਗਲਤੀਆਂ ਅਤੇ ਇਤਿਹਾਸਕ ਪ੍ਰਸਥਿਤੀਆਂ ਨੂੰ ਠੀਕ ਨਾ ਸਮਝਣ ਦੇ ਬਾਵਜੂਦ, ਜ਼ਿੰਦਗੀ ਦੇ ਸਰਬ-ਪੱਖੀ ਵਿਕਾਸ ਲਈ ਦਿੱਤੇ ਸਿੱਖ ਗੁਰੂ ਸਾਹਿਬਾਨ ਦੇ ਸੁਪਨੇ ਦਾ ਹੀ ਇੱਕ ਸ਼ਕਤੀਵਰ ਪ੍ਰਕਾਸ਼ ਹੈ। ਇਹ ਸਿੱਖ

ਨੌਜਵਾਨ ਬਹੁਤੇ ਉਸ ਛੋਟੀ ਕਿਸਾਨੀ ਅਤੇ ਨਿਮਨ ਮੱਧ ਵਰਗ ਵਿਚੋਂ ਹਨ ਜਿਸ ਦੇ ਅਵਚੇਤਨ ਵਿਚ, ਨਵੇਂ ਪੂੰਜੀਵਾਦੀ ਪ੍ਰਬੰਧ ਨਾਲ ਪੂਰੀ ਤਰ੍ਹਾਂ ਨਾ ਜੁੜਨ ਅਤੇ ਖਲਤ-ਮਲਤ ਨਾ ਹੋਣ ਕਾਰਣ, ਇਹ ਸੁਪਨਾ ਜਿਉਂਦਾ ਹੈ। ਇਸੇ ਦੀ ਆਭਾ ਅਤੇ ਦ੍ਰਿਸ਼ਟੀ ਨੂੰ ਕਾਇਮ ਰੱਖਣ ਲਈ ਇਹ ਵਰਗ ਮੋਰਚਿਆਂ ਅਤੇ ਹੋਰ ਗਦਰੀ ਘੋਲਾਂ ਵਿਚ ਸ਼ਾਮਲ ਹੁੰਦੇ ਰਹੇ ਹਨ। ਵਿਸ਼ੇਸ਼ ਕਰਕੇ ਪੰਜਾਬ ਦੀ ਕਿਸਾਨੀ ਜੋ, ਸਿਵਾਏ ਕੁੱਝ ਟੱਬਰਾਂ ਦੇ, ਛੋਟੀ ਹੀ ਹੈ, ਪ੍ਰਸੰਸਾ ਦੀ ਹੱਕਦਾਰ ਹੈ ਕਿ ਉਸਨੇ ਗੁਰੂ ਸਾਹਿਬਾਨ ਦਾ ਦਿੱਤਾ ਆਜ਼ਾਦੀ ਅਤੇ ਸਰਬ-ਪੱਖੀ ਵਿਕਾਸ ਦਾ ਸੁਪਨਾ ਇੱਕ ਚੰਗਿਆੜੀ ਬਣਾ ਕੇ ਆਪਣੇ ਅਵਚੇਤਨ ਵਿਚ ਸਾਂਭੀ ਰੱਖਿਆ ਹੈ। ਇਸ ਦੇ ਪ੍ਰਭਾਵ ਮੁਸਲਮਾਨ ਕਿਸਾਨੀ ਅਤੇ ਹਿੰਦੂ ਮੱਧ ਵਰਗ ਉੱਤੇ ਵੀ ਰਹੇ ਪਰ ਬਰਤਾਨਵੀ ਸਾਮਰਾਜ ਵਿਚ ਆਏ ਵਿਗਾੜਾਂ ਅਤੇ ਸੰਪਰਦਾਇਕ ਤਣਾਵਾਂ ਕਾਰਨ ਗੁਰੂ ਸਾਹਿਬਾਨ ਦੇ ਇਸ ਸੁਪਨੇ ਦੀ ਪਰਮਾਣਿਕ ਮੋਹਰ ਕੇਵਲ ਸਿੱਖ ਕਿਸਾਨੀ ਅਤੇ ਨਿਮਨ ਵਰਗ ਕੋਲ ਹੀ ਰਹੀ ਗਈ।

ਸ਼ਪੱਸ਼ਟ ਸ਼ਬਦਾਂ ਵਿਚ, ਮੱਧ ਕਾਲੀਨ ਸੋਚ ਪ੍ਰਬੰਧ ਅਤੇ ਉਤਪਾਦਨ ਪ੍ਰਬੰਧ ਦੀਆਂ ਤ੍ਰੇੜਾਂ ਵਿਚ ਜੋ ਸਰਬ-ਪੱਖੀ ਮਨੁੱਖੀ ਵਿਕਾਸ ਅਤੇ ਬਹੁ-ਪੱਧਰੀ ਆਜ਼ਾਦੀ ਦਾ ਸੁਪਨਾ ਮਨੁੱਖ ਅਤੇ ਸਭ ਪੰਜਾਬੀਆਂ ਲਈ ਗੁਰੂ ਸਾਹਿਬਾਨ ਨੇ ਲਿਆ ਉਸ ਦੀ ਪਰਮਾਣਿਕ ਸਾਂਭ ਕੇਵਲ ਸਿੱਖ ਕਿਸਾਨੀ ਅਤੇ ਨਿਮਨ ਮੱਧ ਵਰਗ ਕੋਲ ਹੀ ਰਹੀ। ਇਨ੍ਹਾਂ ਵਰਗਾਂ ਵਿਚੋਂ ਅੱਗੇ ਆਏ ਚੇਤਨ ਸਿੱਖ ਨੌਜਵਾਨਾਂ ਦੀ ਲਹਿਰ ਇਸ ਸੁਪਨੇ ਨੂੰ ਹੀ ਸਾਕਾਰ ਕਰਨ ਅਤੇ ਹੋਰ ਅੱਗੇ ਤੋਰਨ ਲਈ ਉਤਪੰਨ ਹੋਈ ਹੈ। ਆਪਣੇ ਵਿਗਾੜਾਂ ਅਤੇ ਊਣਾਂ ਦੇ ਬਾਵਜੂਦ ਇਸ ਦਾ ਸਿੱਖ ਗੁਰੂ ਸਾਹਿਬਾਨ ਦੇ ਮਾਡਲ ਨਾਲ ਸਬੰਧ ਨਿਰਸੰਦੇਹ ਹੈ। ਇਹ ਇਤਿਹਾਸ ਨੂੰ ਅੱਗੇ ਤੋਰਨ ਲਈ ਵਚਨਬੱਧ ਹੈ, ਇਸ ਵਿਚ ਵੀ ਸ਼ੱਕ ਨਹੀਂ।

ਪਰ ਸਾਡੇ ਸਿੱਖ ਨੌਜਵਾਨਾਂ ਨੂੰ ਇਹ ਸਮਝਣ ਦੀ ਲੋੜ ਅਵੱਸ਼ ਹੈ ਕਿ ਕਿਸੇ ਲਹਿਰ ਦੀ ਪ੍ਰਾਪਤੀ ਵੱਡੀ ਨਹੀਂ ਹੋ ਸਕਦੀ ਜਦੋਂ ਤੱਕ ਉਹ ਅੰਤਰਰਾਸ਼ਟਰੀ ਭਾਈਚਾਰੇ ਨੂੰ ਸਵੀਕਾਰ ਨਹੀਂ ਹੁੰਦੀ। ਅੰਤਰਰਾਸ਼ਟਰੀ ਭਾਈਚਾਰੇ ਵਿਚ ਇਸ ਵੇਲੇ ਦੋ ਧੜੇ ਹਨ: ਇਕ ਪੂੰਜੀਵਾਦੀ ਦੇਸ਼ਾਂ ਦਾ ਜਿਸ ਵਿਚ ਅਮਰੀਕਾ, ਬਰਤਾਨੀਆ, ਫਰਾਂਸ ਅਤੇ ਜਰਮਨੀ ਆਦਿ ਸ਼ਾਮਲ ਹਨ ਅਤੇ ਦੂਜਾ ਸਮਾਜਵਾਦੀ ਧੜਾ ਜਿਸ ਵਿਚ ਚੀਨ, ਵੀਅਤਨਾਮ, ਕਿਊਬਾ ਅਤੇ ਪੂਰਬੀ ਯੂਰਪ ਦੇ ਦੇਸ਼ ਸ਼ਾਮਲ ਹਨ। ਵਿਕਸਿਤ ਪੂੰਜੀਵਾਦੀ ਦੇਸ਼ਾਂ ਵਿਚ, ਤਕਨਾਲੋਜੀ ਦੀ ਤਰੱਕੀ ਅਤੇ ਰੁਪਏ ਪੈਸੇ ਦੇ ਸੁਚੇਤ ਤੌਰ 'ਤੇ ਵਧਾਏ ਗੇੜ ਅਤੇ ਲੋੜਾਂ ਅਨੁਸਾਰ ਕੀਤੀ ਵੰਡ ਕਾਰਨ ਪੂੰਜੀਵਾਦ ਬਹੁਤਾ ਚੁਭਦਾ ਨਹੀਂ।

ਇਸ ਵਿਚ ਪ੍ਰਾਪਤ ਸਹੂਲਤਾਂ ਅਤੇ ਲਚਕ ਕਾਰਨ ਵਿਅਕਤੀਗਤ ਆਜ਼ਾਦੀ ਅਤੇ ਹੱਕਾਂ ਦੀ ਪ੍ਰਾਪਤੀ ਬਾਰੇ ਚੇਤਨਤਾ ਬਹੁਤ ਹੈ। ਇਹ ਚੇਤਨਤਾ ਦੂਜਿਆਂ ਦੇ ਅਧਿਕਾਰਾਂ ਪ੍ਰਤੀ ਵੀ ਓਨੀ ਹੀ ਸ਼ਿੱਦਤ ਵਾਲੀ ਹੈ ਜਿੰਨੀ ਨਿੱਜੀ ਜਾਂ ਇੱਕ ਲੜ ਰਹੀ ਕੌਮ ਦੇ ਅਧਿਕਾਰਾਂ ਲਈ।

ਇਨ੍ਹਾਂ ਦੇਸ਼ਾਂ ਨੂੰ ਵਿਸ਼ੇਸ਼ ਕਰਕੇ ਇਨ੍ਹਾਂ ਦੇਸ਼ਾਂ ਦੇ ਰਾਜਨੇਤਾ ਅਤੇ ਵਿਦਵਾਨਾਂ ਨੂੰ ਕੋਈ ਲਹਿਰ ਤਾਂ ਹੀ ਸਹਾਇਤਾ ਲਈ ਪ੍ਰੇਰਦੀ ਹੈ ਜੇ ਉਸ ਦੇ ਨਿਸ਼ਾਨੇ ਵਿਚ ਸਭ ਕੌਮਾਂ ਅਤੇ ਫਿਰਕਿਆਂ ਦੇ ਅਧਿਕਾਰਾਂ ਨੂੰ ਬਰਾਬਰ ਮੰਨਿਆ ਜਾਵੇ। ਕਿਸੇ ਵੀ ਪ੍ਰਬੰਧ ਜਾਂ ਦੇਸ਼ ਵਿਚ ਪ੍ਰਭੂਤਾ ਤਾਂ ਹਮੇਸ਼ਾ ਉਨ੍ਹਾਂ ਦੀ ਹੀ ਰਹਿੰਦੀ ਹੈ ਜਿਨ੍ਹਾਂ ਕੋਲ ਇਤਿਹਾਸ ਨੂੰ ਅੱਗੇ ਲੈ ਜਾਣ ਲਈ ਵਿਚਾਰ ਅਤੇ ਸਾਧਨ ਹੋਣ ਅਤੇ ਇਸ ਮੰਤਵ ਲਈ ਯੋਗ ਉਤਪਾਦਨ ਪ੍ਰਬੰਧ ਸਿਰਜਣ ਦੀ ਸ਼ਕਤੀ ਵੀ, ਪਰ ਇਸ ਦੇ ਨਾਲ ਦੂਜੀਆਂ ਕੌਮਾਂ ਦੇ ਅਧਿਕਾਰਾਂ ਨੂੰ ਆਦਰ ਦੇਣ ਦੀ ਭਾਵਨਾ ਅਤੇ ਬੁੱਧੀ ਹੀ ਇਸ ਪ੍ਰਭੁਤਾ ਵਾਲੇ ਵਰਗ ਨੂੰ ਸਥਾਪਤ ਕਰਦੇ ਹਨ।

ਜਦੋਂ ਤੱਕ ਸਿੱਖ ਨੌਜਵਾਨ, ਆਪਣੀ ਲਹਿਰ ਨੂੰ ਸਿੱਖ ਗੁਰੂ ਸਾਹਿਬਾਨ ਦੇ ਅੰਤਰਰਾਸ਼ਟਰੀ, ਮਨੁੱਖਵਾਦੀ ਅਤੇ ਸਰਬ-ਪੱਖੀ ਮਾਡਲ ਅਨੁਸਾਰ ਪੰਜਾਬ ਵਿਚ ਵਸਦੀਆਂ ਦੂਜੀਆਂ ਕੌਮਾਂ ਜਾਂ ਫਿਰਕਿਆਂ ਦੇ ਅਧਿਕਾਰਾਂ ਨੂੰ ਸਨਮਾਨ ਦੇਣ ਲਈ ਵਚਨਬੱਧ ਹੋਣ ਵਜੋਂ ਪੂੰਜੀਵਾਦੀ ਦੇਸ਼ਾਂ ਨੂੰ ਨਹੀਂ ਸਮਝਾਉਂਦੇ ਉਨ੍ਹਾਂ ਦੀ ਹਮਦਰਦੀ ਨਹੀਂ ਜਿੱਤੀ ਜਾ ਸਕਦੀ।

ਇਸ ਦੀ ਅਣਹੋਂਦ ਵਿਚ ਇਹ ਦੇਸ਼ ਦਾਅ ਦੇ ਤੌਰ 'ਤੇ ਇਸ ਲਹਿਰ ਨੂੰ ਆਪਣੇ ਰਾਜਨੀਤਕ ਅਤੇ ਆਰਥਿਕ ਹਿੱਤਾਂ ਲਈ ਵਰਤ ਸਕਦੇ ਹਨ ਭਾਰਤ ਨੂੰ ਆਪਣੀ ਮੰਡੀ ਬਣਾਉਣ ਲਈ ਹਥਿਆਰ ਵਜੋਂ। ਬਰਤਾਨੀਆਂ ਅਤੇ ਅਮਰੀਕਾ ਦਾ ਹੁਣ ਤੱਕ ਰਵੱਈਆ ਕੁਝ ਇਸੇ ਤਰ੍ਹਾਂ ਦਾ ਹੈ ਪਰ ਇਸ ਦਾ ਭਾਵ ਇਹ ਨਹੀਂ ਕਿ ਉਥੋਂ ਦੇ ਚੇਤਨ ਵਿਦਵਾਨ ਜਾਂ ਕੁਝ ਰਾਜਨੇਤਾ ਸਿੱਖ ਨੌਜਵਾਨਾਂ ਦੀ ਲਹਿਰ ਦੇ ਅਸਲ ਲਖਸ਼ਾਂ ਪ੍ਰਤੀ ਅਸਲੋਂ ਅਗਿਆਨੀ ਹਨ।

ਲੋੜ ਉੱਥੇ ਦੇ ਆਮ ਲੋਕਾਂ ਦੀ ਹਮਦਰਦੀ ਜਿੱਤਣ ਦੀ ਹੈ ਜੋ ਲਹਿਰ ਦੇ ਮਨੁੱਖਵਾਦੀ ਅਤੇ ਅੰਤਰਰਾਸ਼ਟਰੀ ਪਾਸਾਰ ਨੂੰ ਸਮਝਾਉਣ ਅਤੇ ਇਸ ਦੇ ਕੌਮੀ ਆਜ਼ਾਦੀ ਲਈ ਉਭਾਰ ਵਜੋਂ ਪੇਸ਼ ਕਰਨ ਨਾਲ ਹੀ ਸੰਭਵ ਹੈ। ਸਿਧਾਂਤ ਅਤੇ ਅਮਲ ਵਿਚ ਇਹ ਸਪੱਸ਼ਟ ਕਰਨਾ ਬਹੁਤ ਜ਼ਰੂਰੀ ਹੈ ਕਿ ਇਹ ਲਹਿਰ ਇਕ ਸਿੱਖ ਪ੍ਰਧਾਨ ਪੰਜਾਬੀ ਕੌਮ ਦੇ ਅਧਿਕਾਰਾਂ, ਆਜ਼ਾਦੀ ਅਤੇ ਪ੍ਰਫੁਲਤਾ ਉਤੇ ਲੱਗੇ ਬੰਧਨਾਂ ਅਤੇ ਪਾਏ ਗਏ ਨਜਾਇਜ਼ ਦਬਾਵਾਂ ਦਾ ਵਿਰੋਧ ਹੈ। ਇਹ ਕਿਸੇ ਫਿਰਕੇ ਜਾਂ ਸੰਪਰਦਾਇ ਦੇ ਵਿਰੁੱਧ ਨਹੀਂ। ਇਹ ਮਜ਼੍ਹਬੀ ਜਨੂੰਨ

ਨਹੀਂ ਸਗੋਂ ਇਕ ਸੱਭਿਆਚਾਰਕ ਅਤੇ ਪੂਰਨ ਆਜ਼ਾਦੀ ਲਈ ਚਲਾਈ ਲਹਿਰ ਹੈ ਜਿਸ ਦਾ ਵੱਡਾ ਦਾਈਆ ਕ਼ੌਮੀ ਸ਼ਕਤੀ ਹੈ। ਨਾਲ ਹੀ ਉਨ੍ਹਾਂ ਪੂਰਨ ਆਜ਼ਾਦੀ ਨਾ ਮਾਣ ਸਕਣ ਵਾਲੀਆਂ ਬਾਕੀ ਕ਼ੌਮਾਂ ਲਈ ਸਹਾਇਕ ਹੋਣ ਦਾ ਵਾਅਦਾ ਵੀ ਹੈ ਪਰ ਇਹ ਉਹ ਵਾਅਦਾ ਹੈ ਜੋ ਵਫ਼ਾ ਹੋਣ ਦੀ ਸਮਰੱਥਾ ਰੱਖਦਾ ਹੈ।

ਸਮਾਜਵਾਦੀ ਦੇਸ਼ ਲੁੱਟ-ਖਸੁੱਟ ਤੋਂ ਮੁਕਤ ਨਿਰਵਰਗ ਸਮਾਜ ਅਤੇ ਇਸ ਲਈ ਯੋਗ ਉਤਪਾਦਨ ਪ੍ਰਬੰਧ ਰਚਣ ਲਈ ਵਚਨਬੱਧ ਹਨ। ਉਨ੍ਹਾਂ ਲਈ ਮਨੁੱਖੀ ਆਜ਼ਾਦੀ ਦਾ ਅਰਥ ਆਰਥਿਕ ਆਜ਼ਾਦੀ ਸਭ ਤੋਂ ਪਹਿਲਾਂ ਹੈ। ਫਿਰ ਕ਼ੌਮੀ ਅਤੇ ਸੱਭਿਆਚਾਰਕ ਆਜ਼ਾਦੀ। ਪਰ ਇਹ ਆਜ਼ਾਦੀਆਂ ਸਮਵਰਤੀ ਵੀ ਹੋ ਸਕਦੀਆਂ ਹਨ। ਇਨ੍ਹਾਂ ਦੇਸ਼ਾਂ ਦੀ ਹਮਦਰਦੀ ਜਿੱਤਣ ਲਈ ਇਹ ਦੱਸਣਾ ਜ਼ਰੂਰੀ ਹੈ ਕਿ ਪੰਜਾਬ ਵਿਚ ਸਿੱਖ ਨੌਜਵਾਨਾਂ ਦੀ ਲਹਿਰ ਆਰਥਿਕ ਬਰਾਬਰੀ ਦੇ ਸਿਧਾਂਤ ਨੂੰ ਮੰਨਦੀ ਹੈ। ਗੁਰੂ ਸਾਹਿਬਾਨ ਦਾ ਵੰਡ ਕੇ ਛਕਣ ਦਾ ਸਿਧਾਂਤ, ਕਿਰਤ ਉੱਤੇ ਜ਼ੋਰ, ਮਲਕ ਭਾਗੋਆਂ ਦਾ ਵਿਰੋਧ, ਇਸੇ ਦਿਸ਼ਾ ਵੱਲ ਲੈ ਜਾਂਦੇ ਹਨ। ਉਹ ਆਪਣੀ ਬਾਣੀ ਵਿਚ ਸਭ ਰਾਜਿਆਂ, ਸੁਲਤਾਨਾਂ ਜਾਂ ਚੌਧਰੀਆਂ ਨੂੰ ਝੂਠੇ ਅਤੇ ਲੁਟੇਰੇ ਮੰਨਦੇ ਹਨ। ਉਨ੍ਹਾਂ ਦੇ ਝੂਠੇ ਅਤੇ ਖੂਨੀ ਪ੍ਰਬੰਧ ਬਾਰੇ ਲੋਕਾਂ ਨੂੰ ਸੁਚੇਤ ਹੋਣ ਅਤੇ ਨਵੇਂ ਅਮਲ ਲਈ ਪ੍ਰੇਰਦੇ ਹਨ। ਇਸ ਲਈ ਸਾਂਝੀਵਾਲਤਾ ਅਤੇ ਆਰਥਿਕ ਬਰਾਬਰੀ ਦਾ ਸਿਧਾਂਤ ਸਿੱਖ ਗੁਰੂ ਸਾਹਿਬਾਨ ਦੇ ਮਾਡਲ ਅਨੁਸਾਰ ਹੀ ਹੈ। ਇਸੇ ਲਈ ਇਕ ਪਰਮਾਣਿਕ ਸਮਾਜਵਾਦੀ, ਸਿੱਖ ਮਾਡਲ ਦਾ ਵਿਰੋਧੀ ਨਹੀਂ ਹੈ। ਇਕ ਅਪਰਮਾਣਿਕ ਸਮਾਜਵਾਦੀ, ਜੋ ਪੂੰਜੀਵਾਦੀ ਪੈਂਤੜੇ ਦੀ ਅਤੇ ਪੂੰਜੀਵਾਦੀ ਜਗੀਰੂ ਅੰਸ਼ਾਂ ਵਾਲੇ ਲੋਟੂ ਸ਼ਾਸਕ ਵਰਗ ਦੀ ਸਿੱਧੇ ਜਾਂ ਟੇਢੇ ਢੰਗ ਨਾਲ ਕ਼ੌਮੀ ਲੁੱਟ ਅਤੇ ਦਮਨ ਲਈ ਮਦਦ ਕਰਦਾ ਹੈ, ਉਹ ਸਿੱਖ ਮਾਡਲ ਦਾ ਵਿਰੋਧੀ ਜ਼ਰੂਰ ਹੈ।

ਸੰਖੇਪ ਵਿਚ ਸਿੱਖ ਮਾਡਲ ਅਨੁਸਾਰ ਸਮਾਜਵਾਦੀ ਦੇਸ਼ਾਂ ਨੂੰ ਇਹ ਸਮਝਾਉਣਾ ਔਖਾ ਨਹੀਂ ਹੈ ਕਿ ਪੰਜਾਬ ਵਿਚ ਚਲਾਈ ਕ਼ੌਮੀ ਮੁਕਤੀ ਦੀ ਲਹਿਰ ਸਾਂਝੀਵਾਲਤਾ ਅਤੇ ਬਰਾਬਰੀ ਦੀ ਵਿਰੋਧੀ ਨਹੀਂ। ਇਹ ਜਿਸ ਸਮਾਜ ਦਾ ਸੁਪਨਾ ਲੈ ਰਹੀ ਹੈ ਉਹ ਸਮਾਜਵਾਦੀ ਸਿਧਾਂਤਾਂ ਨਾਲ ਬੁਨਿਆਦੀ ਵਿਰੋਧ ਨਹੀਂ ਰੱਖਦਾ। ਸਮਾਜਵਾਦ 'ਪਦਾਰਥ' ਨੂੰ ਵਿਰੋਧ ਲਈ ਜ਼ਰੂਰੀ ਪਹਿਲ ਦਿੰਦਾ ਹੈ ਪਰ ਇਹ ਪਦਾਰਥਵਾਦ ਦਾ ਗ਼ੁਲਾਮ ਨਹੀਂ ਜਿਵੇਂ ਕਿ ਪੂੰਜੀਵਾਦ ਦੇ ਸਮਰਥਕ ਆਮ ਤੌਰ 'ਤੇ ਕਹਿੰਦੇ ਹਨ। ਪੂੰਜੀਵਾਦੀ ਅਤੇ ਲੁੱਟ-ਖਸੁੱਟ ਵਿਚ ਯਕੀਨ ਰੱਖਣ ਵਾਲੇ ਧਰਮ ਦੇ ਨਾਂ ਉੱਤੇ ਪਾਖੰਡ ਕਰਨ ਵਾਲਿਆਂ ਨਾਲੋਂ, ਪਰਮਾਣਿਕ ਸਮਾਜਵਾਦੀ ਸਿੱਖ ਮਾਡਲ ਦੇ ਵਧੇਰੇ ਨੇੜੇ ਹਨ।

ਸਮਾਜਵਾਦੀ ਦੇਸ਼ਾਂ ਵਿਚੋਂ, ਸਾਡੇ ਖਿੱਤੇ ਵਿਚ, ਪੰਜਾਬ ਦੇ ਨੁਕਤਾ-ਨਿਗਾਹ ਤੋਂ ਚੀਨ ਸਭ ਤੋਂ ਵੱਧ

ਗੌਰਵ ਵਾਲਾ ਦੇਸ਼ ਹੈ। ਉਥੋਂ ਦੇ ਲੋਕਾਂ, ਵਿਦਵਾਨਾਂ ਅਤੇ ਰਾਜਨੇਤਾਵਾਂ ਦੀ ਹਮਦਰਦੀ ਜਿੱਤਣ ਲਈ ਸਿੱਖ ਮਾਡਲ ਵਿਚ ਮੌਜੂਦ ਆਰਥਿਕ ਸਮਤਾ, ਭਿਆਲੀ ਅਤੇ ਨਿਰਲੁੱਟ ਸਮਾਜ ਦੀ ਸਾਜਨਾ ਦੇ ਸੁਪਨੇ ਦੀ ਵਿਆਖਿਆ ਕਰਨੀ ਸਭ ਤੋਂ ਵੱਧ ਜ਼ਰੂਰੀ ਹੈ। ਇਸ ਖਿੱਤੇ ਵਿਚ ਕੋਈ ਭੂਗੋਲਿਕ ਤਬਦੀਲੀ ਚੀਨ ਦੀ ਮਰਜ਼ੀ ਤੋਂ ਬਿਨਾਂ ਨਹੀਂ ਹੋ ਸਕਦੀ। ਚੀਨ ਆਪਣੇ ਸਿਧਾਂਤਾਂ ਅਤੇ ਨੀਤੀ ਅਨੁਸਾਰ ਕੇਵਲ ਉਸੇ ਲਹਿਰ ਨਾਲ ਹੀ ਹਮਦਰਦੀ ਜਿਤਾ ਸਕਦਾ ਹੈ ਜੋ ਆਰਥਿਕ ਸਮਤਾ ਲਈ ਅਤੇ ਕੌਮੀ ਆਜ਼ਾਦੀ ਲਈ ਹੋਵੇ। ਪਿਛੇ ਜਿਹੇ ਚੀਨ ਵਿਚ ਜੋ ਕੁਝ ਵੀ ਵਾਪਰਿਆ ਹੈ ਇਸ ਦੇ ਬਾਵਜੂਦ ਚੀਨ ਦੀ ਕਮਿਊਨਿਸਟ ਪਾਰਟੀ ਦਾ ਕੌਮਾਂ ਦੇ ਆਜ਼ਾਦੀ ਲਈ ਸੰਘਰਸ਼ ਅਤੇ ਇਸ ਲਈ ਸਹਾਇਕ ਹੋਣ ਵਿਚ ਵਿਸ਼ਵਾਸ ਖਤਮ ਹੋਣ ਦਾ ਕੋਈ ਸਬੂਤ ਨਹੀਂ ਮਿਲਿਆ। ਜੇ ਸਿੱਖ ਨੌਜਵਾਨਾਂ ਦੀ ਲਹਿਰ, ਇਕ ਸਿੱਖ-ਪ੍ਰਧਾਨ ਪੰਜਾਬੀ ਕੌਮ ਦੀ ਆਪਣੀ ਪਛਾਣ ਮਨਵਾਉਣ ਅਤੇ ਆਰਥਿਕ ਸੱਭਿਆਚਾਰਕ ਮੁਕਤੀ ਲਈ ਚਲਾਈ ਲਹਿਰ ਵਜੋਂ ਚੀਨੀ ਲੋਕਾਂ ਨੂੰ ਦੱਸੀ ਜਾਵੇ ਤਾਂ ਨਿਸ਼ਚੇ ਹੀ ਉਨ੍ਹਾਂ ਦੇ ਸਿਧਾਂਤ ਦਾ ਅਨੁਸਰਣ ਕਰੇਗੀ।

ਭਾਵੇਂ ਰੂਸ ਭਾਰਤ ਦੇ ਪੂੰਜੀਵਾਦੀ ਅਤੇ ਜਗੀਰੂ ਅੰਸ਼ਾਂ ਦੀ ਰਲਗੱਡ ਵਾਲੇ ਸ਼ਾਸਕ ਵਰਗ ਦਾ ਸਮਰਥਨ ਕਰਦਾ ਹੈ, ਪਰ ਕੌਮੀ ਆਜ਼ਾਦੀ ਅਤੇ ਆਰਥਿਕ ਸਮਤਾ ਲਈ ਚੱਲੀ ਕਿਸੇ ਲਹਿਰ ਦਾ ਉਹ ਸਿਧਾਂਤਕ ਵਿਰੋਧ ਨਹੀਂ ਕਰ ਸਕਦਾ। ਭਾਰਤ ਦੀਆਂ ਕਮਿਊਨਿਸਟ ਪਾਰਟੀਆਂ ਅਤੇ ਹੋਰ ਖੱਬੇ-ਪੱਖੀ ਜਥੇਬੰਦੀਆਂ ਨੂੰ, ਜਿਨ੍ਹਾਂ ਦਾ ਖੱਬੇ ਪੱਖੀ ਦੇਸ਼ਾਂ ਉਤੇ ਪ੍ਰਭਾਵ ਹੈ, ਇਹ ਬਹਾਨਾ ਨਹੀਂ ਦੇਣਾ ਚਾਹੀਦਾ ਕਿ ਪੰਜਾਬ ਵਿਚ ਕੌਮੀ ਮੁਕਤੀ ਲਈ ਚਲਾਈ ਸਿੱਖ ਗੁਰੂ ਸਾਹਿਬਾਨ ਦੇ ਮਨੁੱਖਵਾਦੀ ਅਤੇ ਅੰਤਰਰਾਸ਼ਟਰੀ ਮਾਡਲ ਤੋਂ ਪ੍ਰੇਰਤ ਲਹਿਰ ਕੋਈ ਸੰਪਰਦਾਇਕ ਲਹਿਰ ਹੈ। ਇਸ ਦੀ ਵਿਸ਼ਾਲ ਅਤੇ ਕੌਮੀ ਮੁਕਤੀ ਦੀ ਦ੍ਰਿਸ਼ਟੀ ਤੋਂ ਅੰਤਰੀਵ ਅਤੇ ਬਾਹਰਲੇ ਦੀ ਆਜ਼ਾਦੀ ਲਖਸ਼, ਸਿਧਾਂਤ ਅਤੇ ਅਮਲ ਵਿਚ ਦਰਸਾ ਕੇ ਖੱਬੇ ਪੱਖੀ ਦੇਸ਼ਾਂ ਦਾ ਰਵੱਈਆ ਬਦਲਿਆ ਜਾ ਸਕਦਾ ਹੈ। ਜੇ ਸਿੱਖ ਗੁਰੂ ਸਾਹਿਬਾਨ ਅੱਜ ਜਿਉਂਦੇ ਹੁੰਦੇ ਤਾਂ ਉਨ੍ਹਾਂ ਦੀ ਭਿਆਲੀ ਕੌਮੀ ਮੁਕਤੀ ਅਤੇ ਆਰਥਿਕ ਸਮਤਾ ਵਿਚ ਯਕੀਨ ਰੱਖਣ ਵਾਲੇ ਦੇਸ਼ਾਂ ਨਾਲ ਹੀ ਹੋਣੀ ਸੀ।

ਸੰਖੇਪ ਵਿਚ ਪੰਜਾਬ ਦੇ ਸਿੱਖ ਨੌਜਵਾਨਾਂ ਦੀ ਕੌਮੀ ਮੁਕਤੀ, ਸਮਤਾ ਅਤੇ ਸਰਬ-ਪੱਖੀ ਵਿਕਾਸ ਲਈ ਚਲਾਈ ਸਿੱਖ ਗੁਰੂ ਸਾਹਿਬਾਨ ਦੇ ਮਨੁੱਖਵਾਦੀ ਅਤੇ ਕ੍ਰਾਂਤੀਕਾਰੀ ਮਾਡਲ ਤੋਂ ਪ੍ਰੇਰਤ ਲਹਿਰ, ਅੰਤਰਰਾਸ਼ਟਰੀ ਬਹੁ-ਕੌਮੀ ਭਾਈਚਾਰੇ ਨੂੰ ਨਾਲ ਲੈਣ ਤੋਂ ਬਿਨਾਂ ਕੋਈ ਵੱਡੀ ਪ੍ਰਾਪਤੀ ਨਹੀਂ ਕਰ ਸਕਦੀ। ਇਸ ਮੰਤਵ ਲਈ ਸਿਧਾਂਤਕ ਵਿਆਖਿਆ ਅਤੇ ਅਮਲ ਵਿਚ ਜੋ ਤਬਦੀਲੀਆਂ ਕਰਨੀਆਂ ਚਾਹੀਦੀਆਂ ਹਨ, ਉਨ੍ਹਾਂ ਵੱਲ ਧਿਆਨ ਦੇਣ ਦੀ ਲੋੜ ਹੈ।

# ਸਿੱਖ ਮਸਲਾ ਅਤੇ ਰਾਜਨੀਤਕ ਪਾਰਟੀਆਂ ਨਵੀਂ ਪਹੁੰਚ ਅਪਨਾਉਣ ਦੀ ਲੋੜ

ਸਿੱਖ ਮਸਲਾ ਅਜੇ ਕਾਇਮ ਹੈ। ਇਸ ਦਾ ਸਦੀਵੀ ਹੱਲ ਨਹੀਂ ਲੱਭਿਆ ਗਿਆ। ਇਸ ਤੋਂ ਮੁਕਰਨਾ ਭਾਰਤੀ ਲੋਕਤੰਤਰ ਅਤੇ ਪੰਜਾਬ ਲਈ ਦੁਰਭਾਗਾ ਸਿੱਧ ਹੋਵੇਗਾ। ਸੰਖੇਪ ਵਿਚ, ਇਹ ਮਸਲਾ ਇਸ ਪ੍ਰਸ਼ਨ ਦਾ ਉੱਤਰ ਲੱਭਣ ਨਾਲ ਸਬੰਧਤ ਹੈ, ਕੀ ਸਿੱਖ ਭਾਰਤੀ ਲੋਕਤੰਤਰ ਵਿਚ ਆਪਣੀ ਆਜ਼ਾਦ ਅਤੇ ਵਿਲੱਖਣ ਹਸਤੀ ਕਾਇਮ ਰੱਖ ਸਕਦੇ ਹਨ? ਇਸ ਕਾਰਜ ਲਈ ਕਿਨ੍ਹਾਂ ਸੰਸਥਾਵਾਂ ਅਤੇ ਅਭਿਆਸਾਂ ਦੀ ਲੋੜ ਹੈ? ਰਾਜ ਦੀ ਸੰਰਚਨਾ ਜਾਂ ਚਰਿੱਤਰ ਕਿਸ ਪ੍ਰਕਾਰ ਦਾ ਹੋਵੇ?

ਇਸ ਸਬੰਧ ਵਿਚ ਸਭ ਤੋਂ ਪਹਿਲਾਂ ਇਸ ਗੱਲ ਦਾ ਫੈਸਲਾ ਕਰਨ ਦੀ ਲੋੜ ਹੈ ਕਿ ਆਜ਼ਾਦ ਅਤੇ ਵਿਲੱਖਣ ਸਿੱਖ ਹਸਤੀ ਕੀ ਹੈ? ਕੀ ਇਹ ਘੱਟ ਗਿਣਤੀ ਦੀ ਹੈ, ਕੌਮ ਦੀ ਹੈ, ਜਾਂ ਕੌਮੀਅਤ ਦੀ ਹੈ? ਕੋਈ ਘੱਟ ਗਿਣਤੀ ਜਾਂ ਧਾਰਮਿਕ ਭਾਈਚਾਰਾ ਬਿਨਾਂ ਕੁਝ ਸ਼ਰਤਾਂ ਪੂਰੀਆਂ ਕਰਨ ਦੇ ਕੌਮ ਜਾਂ ਕੌਮੀਅਤ ਨਹੀਂ ਹੁੰਦਾ। ਕੇਵਲ ਉਪ ਕੌਮ ਹੀ ਹੋ ਸਕਦਾ ਹੈ। ਸਿੱਖ ਕੇਵਲ ਘੱਟ ਗਿਣਤੀ ਜਾਂ ਧਾਰਮਿਕ ਭਾਈਚਾਰਾ ਨਹੀਂ ਹਨ। ਜੇ ਸਟਾਲਿਨ ਦੀਆਂ ਕੌਮ ਦੀ ਹਸਤੀ ਬਾਰੇ ਦੱਸੀਆਂ ਵਿਸ਼ੇਸ਼ਤਾਵਾਂ ਨੂੰ ਮੰਨ ਲਿਆ ਜਾਵੇ ਤਾਂ ਸਿੱਖ ਵਿਲੱਖਣ ਕੌਮ ਹਨ। ਉਹ ਵਿਸ਼ੇਸ਼ਤਾਵਾਂ ਹਨ: ਨਿਰੰਤਰ, ਸਥਾਈ ਸੰਗਤ, ਸਾਂਝੀ ਭਾਸ਼ਾ, ਵਿਲੱਖਣ ਇਲਾਕਾ, ਆਰਥਿਕ ਨਾਤਾਦਾਰੀ ਅਤੇ ਸਮੂਹਿਕ ਚਰਿੱਤਰ, ਰਾਜਨੀਤਕ ਆਜ਼ਾਦੀ ਜਾਂ ਪ੍ਰਭੁਸੱਤਾ, ਸੰਪੰਨਤਾ (ਸੌਵਰਨਟੀ) ਸਟਾਲਿਨ ਦੇ "ਕੌਮੀ ਪ੍ਰਸ਼ਨ ਬਾਰੇ ਪੈਂਫਲਿਟ" ਵਿਚ ਰਾਜਨੀਤਕ ਆਜ਼ਾਦੀ ਜਾਂ ਪ੍ਰਭੁਸੱਤਾ ਸੰਪੰਨਤਾ ਦੀ ਵਿਸ਼ੇਸ਼ਤਾ ਨੂੰ ਸਿੱਖਾਂ ਦੇ ਪ੍ਰਸੰਗ ਵਿਚ ਵੱਖਰੇ ਢੰਗ ਨਾਲ ਸਮਝਣ ਦੀ ਲੋੜ ਹੈ। ਇਸ ਸਬੰਧ ਵਿਚ ਸਟਾਲਿਨ ਦੇ ਪੈਰੋਕਾਰ ਬਣਨਾ ਜ਼ਰੂਰੀ ਨਹੀਂ। ਕੁਝ ਮੌਲਿਕਤਾ ਵਰਤਣ ਦੀ ਲੋੜ ਹੈ। ਜਦੋਂ 1699 ਈਸਵੀ ਵਿਚ 'ਖ਼ਾਲਸਾ' ਸਾਜਿਆ ਗਿਆ, ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਸੈਨਾਪਤ ਨੇ ਆਪਣੇ ਗ੍ਰੰਥ 'ਸ੍ਰੀ ਗੁਰੂ ਸ਼ੋਭਾ' ਵਿਚ ਲਿਖਿਆ ਹੈ, ਗੁਰੂ ਸਾਹਿਬ ਨੇ "ਵਾਹਿਗੁਰੂ ਕਾ ਖ਼ਾਲਸਾ" ਆਖਿਆ ਕਿਉਂਕਿ ਖਾਲਸਾ ਦੀ ਸ਼ਕਲ ਵੀ ਵਾਹਿਗੁਰੂ ਨਾਲ ਮਿਲਦੀ ਹੈ, ਇਹ ਬੜੀ ਮਹੱਤਵਪੂਰਨ ਧਾਰਨਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਖ਼ਾਲਸਾ' ਨੂੰ ਸਿੱਧਾ ਵਾਹਿਗੁਰੂ ਨਾਲ ਜੋੜਿਆ। ਖ਼ਾਲਸੇ ਦੀ ਆਜ਼ਾਦੀ ਨੂੰ ਸਟੇਟ ਹਾਸਲ ਕਰਨ ਨਾਲ ਨਹੀਂ ਸਬੰਧਤ ਕੀਤਾ। ਜੇ 'ਵਾਹਿਗੁਰੂ' ਸ਼ਬਦ ਨੂੰ ਠੀਕ ਸਮਝਿਆ ਜਾਵੇ ਤਾਂ ਇਸ ਅਰਥ ਆਸ਼ਚਰਯ ਦਾ ਗੁਰੂ ਹੋਣਾ ਹੈ। ਹੈਰਾਨ

ਕਰਨ ਲਈ ਵਿਲੱਖਣਤਾ ਅਤੇ ਵਿਸਮਾਦ ਜਿਸ ਦਾ ਭਰਪੂਰ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ 'ਆਸਾ ਕੀ ਵਾਰ' ਵਿੱਚ ਅਤੇ ਗੁਰੂ ਅਰਜਨ ਦੇਵ ਜੀ ਨੇ 'ਸੁਖਮਨੀ ਸਾਹਿਬ' ਵਿਚ ਕੀਤਾ ਹੈ, ਵਾਹਿਗੁਰੂ ਉਨ੍ਹਾਂ ਦਾ ਗੁਰੂ ਹੈ। ਲਗਭਗ ਸਭ ਗੁਰੂ ਸਾਹਿਬਾਨ ਨੇ ਵਾਹਿ, ਵਿਸਮਾਦ ਅਤੇ ਜ਼ਿੰਦਗੀ ਦੀ ਵੰਨ-ਸੁਵੰਨਤਾ ਨੂੰ ਆਪਣੀ ਬਾਣੀ ਦਾ ਵਿਸ਼ਾ ਬਣਾਇਆ ਹੈ।

ਖ਼ਾਲਸਾ ਆਪਣੀ ਆਜ਼ਾਦੀ, ਵਿਸਮਾਦ ਅਤੇ ਵਿਲੱਖਣਤਾ ਦੇ ਚੇਤੰਨ ਨਿਯਮ-ਵਾਹਿਗੁਰੂ-ਤੋਂ ਲੈਂਦਾ ਹੈ। ਖਾਲਸੇ ਦੀ ਆਜ਼ਾਦੀ ਦਾ ਸਬੰਧ ਇੱਕ ਅਜ਼ਾਦ ਸਟੇਟ ਹੋਣ ਤਕ ਸੀਮਤ ਨਹੀਂ। ਆਧੁਨਿਕ ਅਰਥਾਂ ਵਾਲੀ ਸਟੇਟ ਜੇ ਖ਼ਾਲਸੇ ਕੋਲ ਨਾ ਹੋਵੇ ਜਾਂ ਖੁੱਸ ਜਾਵੇ ਤਾਂ ਵੀ ਖ਼ਾਲਸਾ ਆਜ਼ਾਦ ਹੈ, ਕਿਉਂਕਿ ਸਿੱਖ, ਖਾਲਸਾ ਵਿਰਾਸਤ ਦੇ ਮਾਲਕ ਹਨ, ਉਸ ਦੇ ਅਨੁਆਈ ਹਨ, ਇਸ ਲਈ ਇਨ੍ਹਾਂ ਦੀ ਆਜ਼ਾਦੀ ਨੂੰ ਸਟਾਲਨੀ ਜਾਂ 'ਆਧੁਨਿਕ' ਰਾਜਨੀਤਕ ਆਜ਼ਾਦੀ ਦੇ ਅਰਥਾਂ ਵਿਚ ਨਹੀਂ ਸਮਝਣਾ ਚਾਹੀਦਾ। ਜਿਨ੍ਹਾਂ ਦੀ ਚੇਤਨਤਾ ਸਟਾਲਨੀ ਜਾਂ ਪੱਛਮੀ ਆਧੁਨਿਕਤਾ ਦੇ ਸਿਧਾਂਤ ਨਾਲ ਬਣੀ ਹੈ, ਉਨ੍ਹਾਂ ਲਈ ਆਜ਼ਾਦੀ ਦਾ ਇਹ ਸੰਕਲਪ ਗ੍ਰਹਿਣ ਕਰਨਾ ਔਖਾ ਹੈ ਪਰ ਇਹ ਸਿੱਖ ਮੌਲਿਕਤਾ ਹੈ। ਕੁੱਲ ਕਾਇਨਾਤ ਅਤੇ ਇਸ ਦੇ ਗੁਰੂ ਨਿਯਮ ਨਾਲ ਰਿਸ਼ਤਾ ਜੋੜ ਕੇ ਆਜ਼ਾਦੀ ਦਾ ਸਿਧਾਂਤ ਅਤੇ ਅਭਿਆਸ ਸਾਜਣਾ, ਵਿਸ਼ਵ ਦੀ ਕੁੱਲ ਵੰਨ-ਸੁਵੰਨਤਾ ਪ੍ਰਤੀ ਵਚਨਬੱਧ ਹੋਣਾ ਹੈ। ਸਭ ਕ਼ੌਮਾਂ, ਕ਼ੌਮੀਅਤਾਂ, ਦਲਿਤਾਂ, ਸੋਸ਼ਿਤ ਇਸਤਰੀਆਂ ਅਤੇ ਵਿਨਾਸ਼ ਕੀਤੀ ਜਾ ਰਹੀ ਕੁਦਰਤ ਪ੍ਰਤੀ ਆਪਣੀ ਜਾਗਰਤੀ ਅਤੇ ਇਕ ਜੁੱਟਤਾ ਪ੍ਰਗਟ ਕਰਨਾ ਹੈ। ਯੂਰਪ ਵਿਚ 'ਗ੍ਰੀਨ' ਲਹਿਰ ਦੇ ਸੰਚਾਲਕ ਇਸ ਇਕਮੁੱਠਤਾ ਨੂੰ ਠੀਕ ਸਮਝਣਗੇ।

ਸਿੱਖ ਆਜ਼ਾਦੀ ਜਾਂ ਖ਼ਾਲਸਈ ਆਜ਼ਾਦੀ ਕਾਇਨਾਤੀ ਆਜ਼ਾਦੀ ਹੈ ਜੋ ਸਟੇਟ ਦੇ ਹੋਣ ਜਾਂ ਨਾਂ ਹੋਣ ਉਤੇ ਨਿਰਭਰ ਨਹੀਂ। ਇਸੇ ਧਾਰਨਾ ਅਧੀਨ ਖ਼ਾਲਸੇ ਦੀ ਸਰਬ-ਉੱਚ ਸੰਸਥਾ 'ਅਕਾਲ ਤਖ਼ਤ ਸਾਹਿਬ' ਆਜ਼ਾਦ ਹੈ ਅਤੇ ਪੰਜੇ ਤਖ਼ਤਾਂ ਦੇ ਜਥੇਦਾਰ ਆਜ਼ਾਦ ਹਨ। ਉਹ ਕਿਸੇ ਹੋਰ ਰਾਜਨੀਤਕ ਸੰਵਿਧਾਨ ਪ੍ਰਤੀ ਜ਼ਿੰਮੇਵਾਰ ਨਹੀਂ ਸਮਝੇ ਜਾਂਦੇ। ਜੇ ਖ਼ਾਲਸੇ ਦੀ ਇਸ ਕਾਇਨਾਤੀ ਆਜ਼ਾਦੀ ਨੂੰ ਮੰਨ ਲਿਆ ਜਾਵੇ ਤਾਂ ਸਿੱਖ ਇੱਕ ਵੱਖਰੀ ਕ਼ੌਮ ਹਨ। ਕੇਵਲ ਇਕ ਭਾਈਚਾਰਾ, ਕ਼ੌਮੀਅਤ, ਧਰਮ ਜਾਂ ਉਪ ਕ਼ੌਮ ਨਹੀਂ। ਕਾਇਨਾਤੀ ਆਜ਼ਾਦੀ ਕੋਈ ਹਵਾਈ ਸੰਕਲਪ ਨਹੀਂ, ਇਸ ਦੇ ਮੁਗ਼ਲ ਰਾਜ ਸਮੇਂ ਪੂਰੇ ਦੋ ਸੌ ਸਾਲ ਉਸ ਵੇਲੇ ਦੇ ਦਲਿਤ ਵਰਗਾਂ ਨੂੰ ਮੁਗ਼ਲਈ ਅਤੇ ਬ੍ਰਾਹਮਣੀ ਪ੍ਰਭੂਤਾ ਤੋਂ ਮੁਕਤ ਕੀਤਾ। ਨਤੀਜੇ ਵਜੋਂ ਸਿੱਖ ਇਨਕਲਾਬ ਵਾਪਰਿਆ।

ਭਾਰਤੀ ਲੋਕਤੰਤਰ ਵਿਚ ਪੰਜਾਬ ਦੀ ਇੱਕ ਵਿਸ਼ੇਸ਼ ਸਥਿਤੀ ਹੈ। ਇਸ ਵਿਚ ਖ਼ਾਲਸਾ ਵਿਰਾਸਤ ਦੇ

ਮਾਲਕ ਸਿੱਖ ਇਕ ਵੱਖਰੀ ਕ਼ੌਮ ਵੀ ਹਨ ਅਤੇ ਪੰਜਾਬੀ ਕ਼ੌਮ ਦਾ ਹਿੱਸਾ ਅਤੇ ਇਸਦਾ ਮੋਹਰੀ ਦਸਤਾ (ਐਵਾਂ ਮਾਰਦ) ਵੀ। ਕੁਝ ਲੋਕ ਇਸ ਧਾਰਨਾ ਬਾਰੇ ਕਿੰਤੂ ਪ੍ਰੰਤੂ ਕਰ ਸਕਦੇ ਹਨ ਕਿ ਇਹ ਕਿਵੇਂ ਹੋ ਸਕਦਾ ਹੈ? ਸਿੱਖ ਇਕ ਵਿਲੱਖਣ ਕ਼ੌਮ ਵੀ ਹਨ ਅਤੇ ਪੰਜਾਬੀ ਕ਼ੌਮ ਦਾ ਹਿੱਸਾ ਵੀ। ਪਰ ਇਹੀ ਪੰਜਾਬ ਦੀ ਵਿਸ਼ੇਸ਼ਤਾ ਅਤੇ ਇਤਿਹਾਸਕ ਮੌਲਿਕਤਾ ਹੈ ਜੋ ਖਾਸ ਧਿਆਨ ਮੰਗਦੀ ਹੈ।

ਕਾਇਨਾਤੀ ਆਜ਼ਾਦੀ ਨਾਲ ਪਰਿਭਾਸ਼ਤ ਸਿੱਖ ਕ਼ੌਮ ਦਾ ਇੱਕ ਹੋਰ ਵਿਸ਼ੇਸ਼ ਪਹਿਲੂ ਇਹ ਹੈ ਕਿ ਇਸ ਦਾ ਪੂੰਜੀ (ਕੈਪੀਟਲ) ਬਾਰੇ ਸੰਕਲਪ ਨਿਆਰਾ ਹੈ। ਪ੍ਰਚੱਲਤ ਕ਼ੌਮਵਾਦ ਕਾਫੀ ਹੱਦ ਤਕ ਉਨੀਵੀਂ ਸਦੀ ਦੇ ਯੂਰਪੀ ਸਮਾਜਾਂ ਦੀ ਉਪਜ ਹੈ। ਉਨ੍ਹਾਂ ਦਾ ਵੱਡਾ ਲਖਸ਼ ਆਪਣੇ ਵਾਧੂ ਸਰਮਾਏ ਨੂੰ ਵਿਦੇਸ਼ਾਂ ਵਿਚ ਲਾ ਕੇ ਨਫਾ ਖੱਟਣਾ ਸੀ। ਇਸ ਮੰਤਵ ਲਈ ਉਨ੍ਹਾਂ ਨੂੰ ਆਪਸ ਵਿਚ ਵੀ ਮੁਕਾਬਲਾ ਕਰਨਾ ਪਿਆ। ਇਸ ਮੁਕਾਬਲੇ ਵਿਚ ਪੂੰਜੀ ਉਤੇ ਕਾਬਜ਼ ਵਰਗ ਨੇ ਲੋਕਾਂ ਨੂੰ ਲਾਮਬੱਧ ਅਤੇ ਇਕਜੁੱਟ ਰੱਖਣਾ ਸੀ ਤਾਂ ਕਿ ਜੇ ਇਸ ਮੁਕਾਬਲੇ ਵਿਚ ਜੰਗ ਵੀ ਲੜਨੀ ਪਏ ਲੋਕ ਨਾਲ ਹੋਣ। ਕ਼ੌਮਵਾਦ ਪੂੰਜੀ ਵਧਾਉਣ ਅਤੇ ਮੁਕਾਬਲਾ ਕਰਨ ਲਈ ਪੈਦਾ ਹੋਈ ਲੋੜ ਸੀ। ਇਸ ਤਰ੍ਹਾਂ ਜਿਸ ਪੂੰਜੀ ਨੇ ਕ਼ੌਮ ਦੇ ਸੰਕਲਪ ਨੂੰ ਉਸਾਰਿਆ ਉਹ ਨਫਾ, ਮੁਕਾਬਲਾ ਤੇ 'ਵਾਧੂ ਕੀਮਤ' ਨਾਲ ਜੁੜੀ ਹੋਈ ਸੀ।

'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਜਿਸ ਪੂੰਜੀ ਦਾ ਜ਼ਿਕਰ ਆਉਂਦਾ ਹੈ ਉਹ ਵਾਹਿਗੁਰੂ ਆਪ ਹੈ। ਜੇ ਇਸ ਨੂੰ ਆਰਥਿਕ ਅਰਥਾਂ ਵਿਚ ਢਾਲਿਆ ਜਾਵੇ ਤਾਂ ਇਸ ਦਾ ਭਾਵ ਇਹ ਹੈ ਕਿ ਪੂੰਜੀ ਨੂੰ ਜੀਵਨ ਵਿਚ ਆਸ਼ਚਰਯ ਅਤੇ ਵਿਸਮਾਦ ਉਤਪੰਨ ਕਰਨ ਵਾਲੇ ਉਚੇਰੇ ਨਿਯਮ ਵਾਹਿਗੁਰੂ ਨਾਲੋਂ ਨਹੀਂ ਤੋੜਿਆ ਜਾ ਸਕਦਾ। ਇਸੇ ਨੂੰ "ਸਾਬਤਿ ਪੂੰਜੀ" ਆਖਿਆ ਗਿਆ ਹੈ। ਕੇਵਲ ਨਫਾ ਮਾਰਕੀਟ ਮੁਕਾਬਲੇ ਨਾਲ ਸਬੰਧਤ ਵਸਤਾਂ ਦੇ ਉਤਪਾਦਨ ਨਾਲ ਵਧਾਈ ਪੂੰਜੀ ਜੀਵਨ ਦੇ ਵਿਸਮਾਦ ਅਤੇ ਵੰਨ ਸੁਵੰਨਤਾ ਨਾਲੋਂ ਟੁੱਟੀ ਹੋਈ ਹੈ। ਪੂੰਜੀ ਦਾ ਸਿੱਖ ਸੰਕਲਪ, ਸੰਯੁਕਤ ਪੂੰਜੀ ਦਾ ਹੈ, ਜਾਂ ਇਉਂ ਕਹਿ ਲਉ ਕਿ ਜੀਵਨ ਦੇ ਸਿਰਜਨਾਤਮਕ ਸਰੋਤਾਂ ਨਾਲ ਜੁੜੀ ਪੂੰਜੀ ਦਾ ਹੈ। ਅਜਿਹੀ ਪੂੰਜੀ, ਪੂੰਜੀਵਾਦੀ ਅਤੇ ਸਮਾਜਵਾਦੀ ਪੂੰਜੀ ਨਾਲੋਂ ਵੱਖਰੀ ਹੈ ਕਿਉਂਕਿ ਉਹ ਵਿਸਮਾਦੀ ਅਤੇ ਵੰਨ-ਸੁਵੰਨੀ ਕੁਦਰਤ ਉੱਤੇ ਸਾਮਰਾਜੀ ਪ੍ਰਕਾਰ ਦੀ ਜਿੱਤ ਹਾਸਲ ਕਰਨ ਤੋਂ ਉਪਜੀ ਪੂੰਜੀ ਹੈ। ਹਰ ਸਾਮਰਾਜੀ ਜਾਂ ਬਸਤੀਵਾਦੀ ਜਿੱਤ ਖੂਨਖਾਰ ਹੁੰਦੀ ਹੈ, ਇਹ ਗੱਲ ਸਾਨੂੰ ਵਾਲਟਰ ਬੈਂਜਾਮਨ ਚੰਗੀ ਤਰ੍ਹਾਂ ਦੱਸ ਚੁੱਕਾ ਹੈ। ਸਾਬਤ ਅਤੇ ਵਿਸਮਾਦੀ ਪੂੰਜੀ ਦਾ ਸੰਕਲਪ ਬਹੁਤ ਨਿਆਰਾ ਹੈ। ਇਸ ਨਾਲ ਸਿੱਖ ਕ਼ੌਮੀ ਪਰਿਪੇਖ ਜੁੜਿਆ ਹੋਇਆ ਹੈ। ਇਹ ਵੱਖਰੀ ਗੱਲ ਹੈ ਕਿ ਅਜਿਹੀ ਵਿਲੱਖਣ ਸੋਚ ਨੂੰ ਅਜੇ ਸਿੱਖਾਂ ਨੇ ਆਪ ਵੀ ਨਹੀਂ ਸਮਝਿਆ। ਉਨ੍ਹਾਂ ਦੀ ਪ੍ਰਤੀਨਿੱਧ ਅਖਵਾਉਣ ਵਾਲੀ ਅਕਾਲੀ ਪਾਰਟੀ ਇਸ ਤੋਂ ਕੋਹਾਂ ਦੂਰ ਹੈ। ਕੁਝ

ਅਕਾਲੀ ਲੀਡਰ ਜੋ ਪੂੰਜੀ ਇਕੱਠੀ ਕਰ ਰਹੇ ਹਨ, ਉਹ ਸਿੱਖ ਪੂੰਜੀ ਦੇ ਸੰਕਲਪ ਵਿਚ ਨਹੀਂ ਆਉਂਦੀ। ਉਹ ਕੇਵਲ ਮੁਨਾਫੇ, ਮੁਕਾਬਲੇ, ਮਾਰਕੀਟ ਅਤੇ ਲੋਭ ਨਾਲ ਜੁੜੀ ਲੋਟੂ ਪੂੰਜੀ ਹੀ ਹੈ।

"ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚੋਂ ਜੋ ਸਿੱਖ ਜਾਂ ਖਾਲਸਾਈ ਕ਼ੌਮੀ ਪਰਿਪੇਖ ਬਣਦਾ ਹੈ, ਉਸ ਨੂੰ ਅਭਿਆਸ ਵਿਚ ਲਿਆਉਣ ਅਤੇ ਸੁਰੱਖਿਅਤ ਕਰਨ ਲਈ ਪਹਿਲਾਂ ਤਾਂ ਭਾਰਤ ਨੂੰ ਇਕ ਬਹੁ-ਕ਼ੌਮੀ ਕਨਫੈਡਰੇਸ਼ਨ ਬਣਾਉਣਾ ਪਵੇਗਾ ਜਿਸ ਲਈ ਸਵਿਟਜ਼ਰਲੈਂਡ, ਰੂਸੀ ਸੰਗਠਨ ਅਤੇ ਅਮਰੀਕਾ ਤੋਂ ਸਿੱਖਿਆ ਜਾ ਸਕਦਾ ਹੈ। ਕਨਫੈਡਰੇਸ਼ਨ ਵਿਚ ਪਹਿਲ ਕ਼ੌਮੀ ਰਾਜਾਂ ਨੂੰ, ਉਨ੍ਹਾਂ ਦੀ ਵਿਲੱਖਣਤਾ ਅਤੇ ਪ੍ਰਧਾਨ ਮੁੱਦਿਆਂ ਨੂੰ ਦਿੱਤੀ ਜਾਂਦੀ ਹੈ, ਕੇਂਦਰ ਨੂੰ ਨਹੀਂ। ਕੇਂਦਰ ਉਹੀ ਬਣਦਾ ਹੈ ਜੋ ਕ਼ੌਮੀ ਰਾਜ ਬਨਾਉਣ। ਭਾਰਤੀ ਉਪ ਮਹਾਂਦੀਪ ਲਈ ਬਹੁ-ਕ਼ੌਮੀ ਸੰਵਿਧਾਨ ਸਿਰਜਣਾ ਪਵੇਗਾ ਜਿਸ ਵਿਚ ਪੂੰਜੀ ਦੇ ਵੱਖਰੇ ਸੰਕਲਪ ਵਾਲੀ ਕ਼ੌਮ ਵੀ ਵੱਧ ਫੁੱਲ ਸਕੇ। ਉਸ ਦੀਆਂ ਰਾਜਨੀਤਕ ਅਤੇ ਆਰਥਿਕ ਸੰਸਥਾਵਾਂ ਵੀ ਭਿੰਨ ਹੋ ਸਕਣ।

ਭਾਰਤ ਦੀਆਂ ਰਾਜਨੀਤਕ ਪਾਰਟੀਆਂ ਨੂੰ ਚਾਹੀਦਾ ਹੈ ਕਿ ਉਹ ਸਿੱਖ ਕ਼ੌਮ ਦੀ ਵਿਲੱਖਣਤਾ ਅਤੇ ਪੰਜਾਬ ਦੀ ਵਿਸ਼ੇਸ਼ ਕ਼ੌਮੀ ਸਥਿਤੀ ਨੂੰ ਖੁੱਲ੍ਹ ਦਿਲੀ ਨਾਲ ਸਮਝਣ। ਲੋਕਤੰਤਰ ਦੇ ਬਰਤਾਨਵੀ-ਯੂਰਪੀ, ਇਕ ਕ਼ੌਮੀ ਮਾਡਲ ਨੂੰ ਤਿਆਗਣ ਦੀ ਲੋੜ ਹੈ। ਕਾਂਗਰਸ ਪਾਰਟੀ ਨੇ ਪਿਛਲੀਆਂ ਲੋਕ ਸਭਾ ਚੋਣਾਂ ਲਈ ਬਣਾਏ ਮੈਨੀਫੈਸਟੋ ਵਿਚ 'ਘੱਟ ਗਿਣਤੀਆਂ' ਦੀ ਬਿਹਤਰੀ ਦਾ ਜ਼ਿਕਰ ਕੀਤਾ ਹੈ, ਪਰ ਭਾਰਤੀ ਉਪ ਮਹਾਂਦੀਪ ਦੇ ਬਹੁ-ਕ਼ੌਮੀ ਯਥਾਰਥ ਨੂੰ ਨਹੀਂ ਮੰਨਿਆ। ਜਦੋਂ ਤਕ ਇਹ ਯਥਾਰਥ ਨਹੀਂ ਮੰਨਿਆ ਜਾਂਦਾ, ਕਸ਼ਮੀਰ ਦਾ ਮਸਲਾ ਅਤੇ ਉੱਤਰ-ਪੂਰਬੀ ਖਿੱਤਿਆਂ ਦੀਆਂ ਸਮੱਸਿਆਵਾਂ ਨੂੰ ਵੀ ਹੱਲ ਨਹੀਂ ਕੀਤਾ ਜਾ ਸਕਦਾ।

ਭਾਰਤੀ ਜਨਤਾ ਪਾਰਟੀ ਦਾ ਹਿੰਦੂਤਵੀ ਏਜੰਡਾ ਤਾਂ ਸਪੱਸ਼ਟ ਤੌਰ 'ਤੇ ਇਕ ਕ਼ੌਮੀ ਹੈ ਅਤੇ ਭਾਰਤੀ ਕ਼ੌਮਾਂ ਦੀਆਂ ਵਿਲੱਖਣ ਪ੍ਰਤਿਭਾਵਾਂ ਦਾ ਨਿਸ਼ੇਧ ਹੈ। ਇਸ ਏਜੰਡੇ ਦੇ ਲਾਗੂ ਹੋਣ ਨਾਲ ਦਬਾਉ ਅਤੇ ਹਿੰਸਾ ਹੀ ਵਧਣਗੇ। ਜੋ ਕੁਝ ਗੁਜਰਾਤ ਵਿਚ ਵਾਪਰਿਆ ਉਹ ਇਸ ਗੱਲ ਦਾ ਪ੍ਰਮਾਣ ਹੈ। ਹਿੰਦੂਤਵੀ ਏਜੰਡਾ, ਸ਼ਾਂਤੀ ਅਤੇ ਵਿਕਾਸ ਦਾ ਏਜੰਡਾ ਨਹੀਂ। ਇਸ ਨਾਲ ਭਵਿੱਖ ਵਿਚ ਸਿੱਖਾਂ ਦਾ, ਕ਼ੌਮ ਅਤੇ ਵਿਲੱਖਣ ਹਸਤੀ ਵਜੋਂ, ਵਿਨਾਸ਼ ਹੋਣ ਦੀ ਸੰਭਾਵਨਾ ਹੈ।

ਸਿੱਖ ਦੀ "ਅੱਡਰੀ ਪਛਾਣ" ਬਾਰੇ, ਆਪਣੇ ਪਿਛਲੇ ਚੋਣ ਮੈਨੀਫੈਸਟੋ ਵਿਚ ਕੇਵਲ ਸਿਮਰਨਜੀਤ ਸਿੰਘ ਮਾਨ ਦੇ ਅਕਾਲੀ ਦਲ ਨੇ ਜ਼ਿਕਰ ਕੀਤਾ ਹੈ, ਪਰ ਇਸ ਨੂੰ ਮਨਵਾਉਣ ਲਈ ਕੀ ਸੰਸਥਕ ਰਾਜਨੀਤਕ ਅਤੇ ਆਰਥਿਕ ਤਬਦੀਲੀਆਂ ਦੀ ਲੋੜ ਹੈ, ਉਸ ਬਾਰੇ ਕੋਈ ਚੇਤਨਾ ਜਾਹਿਰ ਨਹੀਂ ਕੀਤੀ। ਬਾਦਲ ਅਕਾਲੀ

ਦਲ ਨੇ ਆਪਣੇ ਮੈਨੀਫੈਸਟੋ ਵਿਚ ਕੇਵਲ ਸਿੱਖਾਂ ਨੂੰ "ਸਤਿਕਾਰ" ਦੁਆਉਣ ਦੀ ਗੱਲ ਕੀਤੀ ਹੈ। ਇਹ "ਸਤਿਕਾਰ" ਕਿਨ੍ਹਾਂ ਰਾਜਨੀਤਕ ਉੱਦਮਾਂ ਨਾਲ ਮਿਲ ਸਕਦਾ ਹੈ, ਇਸ ਬਾਰੇ ਨਾ ਹੀ ਕੋਈ ਚੇਤੰਨ ਹੈ ਨਾ ਹੀ ਵਚਨਬੱਧਤਾ। ਬੀ.ਜੇ.ਪੀ. ਦੇ ਪਿਛਲੱਗ ਬਣਨ ਨਾਲ ਇਹ "ਸਤਿਕਾਰ" ਨਹੀਂ ਦੁਆਇਆ ਜਾ ਸਕਦਾ।

ਭਾਰਤੀ ਰਾਜਨੀਤਕ ਪਾਰਟੀਆਂ ਲਈ ਗੰਭੀਰਤਾ ਨਾਲ ਵਿਚਾਰਨ ਵਾਲੀ ਗੱਲ ਇਹ ਹੈ ਕਿ ਭਾਰਤੀ ਉਪ ਮਹਾਂਦੀਪ ਦੀਆਂ ਵਿਲੱਖਣ ਕੌਮਾਂ ਕਿਸੇ ਇਕ ਕੌਮ ਦੀ ਪ੍ਰਭੁਤਾ ਅਧੀਨ ਨਹੀਂ ਵੱਧ ਫੁੱਲ ਸਕਦੀਆਂ। ਕਾਂਗਰਸ ਨੇ ਆਜ਼ਾਦੀ ਤੋਂ ਪਿਛੋਂ ਜੋ ਬਰਤਾਨਵੀ-ਯੂਰਪੀ-ਇਕ-ਕੌਮੀ ਮਾਡਲ ਭਾਰਤ ਉਤੇ ਲਾਗੂ ਕੀਤਾ, ਉਹ ਬਦਲੀ ਹੋਈ ਸਥਿਤੀ ਲਈ ਯੋਗ ਨਹੀਂ। ਆਜ਼ਾਦੀ ਲੈਣ ਵਾਸਤੇ ਜਿਸ ਇੱਕਜੁੱਟਤਾ ਦੀ ਲੋੜ ਸੀ ਉਹ ਮੰਤਵ ਉਸ ਮਾਡਲ ਨਾਲ ਪੂਰਾ ਹੋ ਗਿਆ। ਉਸ ਤੋਂ ਪਿਛੋਂ ਉਸ ਮਾਡਲ ਦੀ ਲੋੜ ਨਹੀਂ। ਆਜ਼ਾਦ ਕੌਮਾਂ ਆਪਣੀਆਂ ਰਾਜਨੀਤਕ ਸੰਸਥਾਵਾਂ ਅਤੇ ਸੰਰਚਨਾਵਾਂ ਆਪਣੀ ਪ੍ਰਤਿਭਾ ਦੇ ਵਿਕਾਸ ਲਈ ਬਦਲਦੀਆਂ ਰਹਿੰਦੀਆਂ ਹਨ। ਰੂਸੀ ਸੰਗਠਨ ਦੀ ਵੱਡੀ ਮਿਸਾਲ ਸਾਡੇ ਸਾਹਮਣੇ ਹੈ।

ਸਿੱਖ ਕੌਮ ਦੀ ਆਪਣੀ ਪਛਾਣ ਅਤੇ ਪੰਜਾਬੀ ਕੌਮ ਦੇ ਮੋਹਰੀ ਦਸਤੇ ਵਜੋਂ ਪਛਾਣ ਕਾਇਮ ਰੱਖਣੀ ਅਤੇ ਇਸ ਲਈ ਯੋਗ ਸੰਸਥਾਵਾਂ ਬਣਾਉਣੀਆਂ ਮਨੁੱਖ ਹਿਤੈਸ਼ੀ ਵਿਸ਼ਵ ਦ੍ਰਿਸ਼ਟੀਕੋਣ ਤੋਂ ਵੀ ਮਹੱਤਵਪੂਰਨ ਉੱਦਮ ਹੋਣਗੇ। ਕਿਉਂਕਿ ਜਿਵੇਂ ਉੱਪਰ ਵਿਆਖਿਆ ਕੀਤੀ ਹੈ ਇਸ ਸਮੇਂ ਵਿਸ਼ਵ ਦੇ ਦੋਵੇਂ ਪ੍ਰਬੰਧ, ਪੂੰਜੀਵਾਦ ਅਤੇ ਸਮਾਜਵਾਦ ਆਪਣੀਆਂ ਸੰਭਾਵਨਾਵਾਂ ਦੇ ਅਖੀਰ ਉਤੇ ਹਨ। ਉਹ ਇਕ ਦੂਜੇ ਦੇ ਅਭਿਆਸ ਤੋਂ ਵੀ ਸਿੱਖ ਰਹੇ ਹਨ, ਇਹ ਚੰਗੀ ਗੱਲ ਹੈ। ਪਰ ਉਹ ਮੁਨਾਫੇ, ਸੂਦ, ਮਾਰਕੀਟ ਅਤੇ ਵਸਤਾਂ ਦੇ ਉਚੇਚੇ ਉਤਪਾਦਨ ਨਾਲ ਉਪਜੀ ਜੀਵਨ ਦੇ ਮੂਲ ਸਰੋਤਾਂ ਤੋਂ ਟੁੱਟੀ ਪੂੰਜੀ ਨਾਲ ਬਹੁਤ ਦੂਰ ਨਹੀਂ ਜਾ ਸਕਦੇ। ਇਸ ਸਮੇਂ ਉਸ ਤੀਜੇ ਬਦਲ ਦੀ ਲੋੜ ਹੈ ਜਿਸ ਕੋਲ ਪੂੰਜੀ ਦਾ ਵੱਖਰਾ ਅਤੇ ਅਭਿਆਸਯੋਗ ਸੰਕਲਪ ਹੋਵੇ। ਉਹ "ਸ੍ਰੀ ਗੁਰੂ ਗ੍ਰੰਥ ਸਾਹਿਬ" ਦੇ ਚਿੰਤਨ ਵਿਚ ਮੌਜੂਦ ਹੈ। ਇਹ ਕੁੱਲ ਮਨੁੱਖਤਾ ਨੂੰ ਦਿੱਤਾ ਤੋਹਫਾ ਹੈ। ਇਸ ਚਿੰਤਨ ਦੇ ਕ੍ਰਿਆਵੰਤ ਵਾਰਿਸ ਸਿੱਖ ਅਤੇ ਸਮੁੱਚੇ ਪੰਜਾਬੀ ਹਨ। ਇਹ ਬਹੁਤ ਵੱਡੀ ਅਤੇ ਗੌਰਵਸ਼ੀਲ ਗੱਲ ਹੈ ਕਿ ਸਾਡਾ ਇਹ ਗ੍ਰੰਥ ਤੀਜੇ ਬਦਲ ਲਈ ਮੁੱਢਲੀ ਸੋਚ ਦੇਣ ਦੀ ਸੰਭਾਵਨਾ ਨਾਲ ਭਰਪੂਰ ਹੈ।

ਇਸ ਸੋਚ ਨੂੰ ਵਿਕਸਿਤ ਕਰਨਾ ਸਿੱਖ ਚਿੰਤਕਾਂ ਦੀ ਜ਼ਿੰਮੇਵਾਰੀ ਹੈ ਜੋ ਉਨ੍ਹਾਂ ਨੇ ਨਹੀਂ ਨਿਭਾਈ, ਸਿੱਖ ਹਿੱਤਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਰਾਜਨੀਤਕ ਪਾਰਟੀਆਂ ਨੇ "ਸ੍ਰੀ ਗੁਰੂ ਗ੍ਰੰਥ ਸਾਹਿਬ" ਨੂੰ ਆਸਰੇ ਵਜੋਂ ਜਾਂ ਸਿੱਖ ਵੋਟਰਾਂ ਨੂੰ ਨਾਲ ਲਾਉਣ ਲਈ ਵਿਉਂਤ ਵਜੋਂ ਵਰਤਿਆ ਹੈ, ਪਰ ਇਸ ਗ੍ਰੰਥ ਦੀ ਵਿਲੱਖਣਤਾ

ਅਤੇ ਤੀਜਾ ਬਦਲ ਦੇਣ ਦੀ ਸੰਭਾਵਨਾ ਨੂੰ ਨਹੀਂ ਗੌਲਿਆ।

# ਪੰਜਾਬ ਦੇ ਸਰਬਪੱਖੀ ਵਿਕਾਸ ਲਈ ਕੌਮੀ ਪ੍ਰਸ਼ਨ ਹੱਲ ਕਰਨਾ ਜ਼ਰੂਰੀ

ਆਧੁਨਿਕ ਸਮੇਂ ਵਿਚ ਇਹ ਗੱਲ ਸਭ ਤੋਂ ਚੰਗੀ ਤਰ੍ਹਾਂ ਲੈਨਿਨ ਨੇ ਸਮਝੀ ਸੀ ਕਿ ਕਿਸੇ ਦੇਸ਼ ਜਾਂ ਪ੍ਰਾਂਤ ਦੇ ਸਰਬਪੱਖੀ ਵਿਕਾਸ ਲਈ ਉਥੋਂ ਦਾ ਕੌਮੀ ਪ੍ਰਸ਼ਨ ਹੱਲ ਕਰਨਾ ਜ਼ਰੂਰੀ ਹੈ। ਕੌਮੀ ਪ੍ਰਸ਼ਨ ਦਾ ਅਰਥ ਕੌਮੀ ਪਛਾਣ ਬਾਰੇ ਧਾਰਨਾ ਬਣਾਉਣਾ ਜਾਂ ਉਸ ਨੂੰ ਸਿਧਾਂਤਬੱਧ ਕਰਨਾ ਹੈ। ਇਸ ਨਾਲ ਹੀ ਲੋਕਾਂ ਵਿੱਚ ਆਪਣੇ ਪ੍ਰਤੀ ਮਾਣ ਵਧਦਾ ਹੈ ਅਤੇ ਉਹ ਪ੍ਰੇਰਿਤ ਹੋ ਕੇ ਵਿਕਾਸ ਕਾਰਜਾਂ ਵਿਚ ਸ਼ਾਮਿਲ ਹੁੰਦੇ ਹਨ। ਇਸ ਮੰਤਵ ਲਈ ਲੈਨਿਨ ਦੇ ਸਟਾਲਿਨ ਤੋਂ 1913 ਵਿਚ "ਮਾਰਕਸਵਾਦ ਅਤੇ ਕੌਮੀ ਪ੍ਰਸ਼ਨ" ਨਾਂ ਹੇਠ ਪੈਂਫਲਿਟ ਲਿਖਵਾਇਆ ਜੋ ਹੁਣ ਅੰਤਰਰਾਸ਼ਟਰੀ ਵਿਰਾਸਤ ਬਣ ਚੁੱਕਿਆ ਹੈ।

ਇਸ ਪੈਂਫਲਿਟ ਵਿਚ ਇਕ ਕੌਮ ਦੀ ਪਛਾਣ ਤਦ ਹੀ ਬਣਦੀ ਹੈ ਜੇ ਉਸ ਕੋਲ ਸਾਂਝੀ ਭਾਸ਼ਾ, ਵਿਲੱਖਣ ਇਲਾਕਾ, ਸਥਾਈ ਸੰਗਤ, ਸਮੂਹਿਕ ਚਰਿੱਤਰ, ਅਤੇ ਰਾਜਨੀਤਿਕ ਆਜ਼ਾਦੀ ਹੋਣ। ਰਾਜਨੀਤਿਕ ਆਜ਼ਾਦੀ ਨਾ ਹੋਣ ਦੀ ਸੂਰਤ ਵਿਚ ਉਹ ਕੌਮ ਨਹੀਂ ਕੌਮੀਅਤ ਹੈ। ਸਟਾਲਿਨ ਦੇ ਇਸ ਪੈਂਫਲਿਟ ਨੇ ਇਹ ਸਥਾਪਿਤ ਕਰ ਦਿੱਤਾ ਕਿ ਸੋਵੀਅਤ ਸੰਘ ਦੇ ਸਭ ਰਾਜ ਕੌਮਾਂ ਦੇ ਘਰ ਹਨ ਅਤੇ ਸੋਵੀਅਤ ਸੰਘ ਬਹੁ-ਕੌਮੀ ਹੈ। ਹਰ ਕੌਮ ਨੂੰ ਉਸ ਦੀ ਹਸਤੀ ਨੂੰ ਪ੍ਰਫੁੱਲਿਤ ਕਰਨ ਲਈ ਲੋੜੀਂਦੀ ਸਹਾਇਤਾ ਦੇਣੀ ਸੰਘ ਦੀ ਕੌਮੀ ਨੀਤੀ ਬਣ ਗਈ। ਪਰ ਇਸ ਦੇ ਬਾਵਜੂਦ ਸਮਾਜਵਾਦੀ ਸੋਵੀਅਤ ਸੰਘ ਟੁੱਟ ਗਿਆ। ਕਾਰਣ ਇਹ ਕਿ ਨੀਤੀ ਅਨੁਸਾਰ ਸਰਬਪੱਖੀ ਵਿਕਾਸ ਨਾ ਹੋ ਸਕਿਆ। ਅਭਿਆਸ ਵਿਚ ਸਭ ਕੌਮਾਂ ਨੂੰ ਉਨ੍ਹਾਂ ਦੇ ਮਾਣ ਅਨੁਸਾਰ ਬਰਾਬਰੀ ਨਾ ਦਿੱਤੀ ਜਾ ਸਕੀ। ਰੂਸੀ ਕੌਮ ਨੂੰ ਬਹੁਤ ਥਾਵਾਂ ਉੱਤੇ ਪਹਿਲ ਦਿੱਤੀ ਗਈ ਅਤੇ ਰੂਸੀਆਂ ਨੂੰ ਬਾਕੀ ਕੌਮਾਂ ਦੇ ਮੁਕਾਬਲੇ ਬਿਹਤਰ ਮੰਨ ਕੇ ਉਨ੍ਹਾਂ ਦੀ ਪ੍ਰਭੂਤਾ ਬਾਕੀਆਂ ਉੱਤੇ ਸਥਾਪਿਤ ਕਰਨ ਦੀ ਗ਼ਲਤੀ ਹੁੰਦੀ ਰਹੀ।

ਦੂਜਾ ਵੱਡਾ ਕਾਰਣ ਕਮਿਊਨਿਸਟ ਪਾਰਟੀ ਦਾ ਸੰਗਠਨ ਸੀ ਜਿਸ ਵਿੱਚ ਸਭ ਕੌਮਾਂ ਦੀ ਬਰਾਬਰ ਅਤੇ ਅਨੁਪਾਤੀ ਪ੍ਰਤਿਨਿਧਤਾ ਨਾ ਹੋ ਸਕੀ। ਪਾਰਟੀ ਦਾ ਬਲ ਪੂੰਜੀ ਦਾ ਵਿਕਾਸ ਕਰਵਾਉਣ ਅਤੇ ਵਸਤਾਂ ਦਾ ਉਤਪਾਦਨ ਵਧਵਾਉਣ ਉੱਤੇ ਸੀ। ਪਾਰਟੀ ਦੀ ਇਹ ਨੀਤੀ ਪੂੰਜੀਵਾਦੀ ਵਿਕਾਸ ਮਾਰਗ ਤੋਂ ਵੱਖਰੀ ਨਹੀਂ ਸੀ। ਪੂੰਜੀ ਅਤੇ ਵਸਤਾਂ ਦੇ ਉਤਪਾਦਨ ਬਾਰੇ ਸਮਾਜਵਾਦੀ ਅਤੇ ਪੂੰਜੀਵਾਦੀ ਪੈਂਤੜੇ ਵਿਚ ਕੋਈ ਵੱਡਾ ਅੰਤਰ ਨਹੀਂ ਸੀ। ਇਸ ਦ੍ਰਿਸ਼ਟੀ ਤੋਂ ਸਮਾਜਵਾਦ ਅਤੇ ਪੂੰਜੀਵਾਦ ਇਕੋ ਦਾਰਸ਼ਨਿਕ ਵਿਰਸੇ-ਐਨਲਾਈਟਨਮੈਂਟ

ਫਿਲਾਸਫ਼ੀ- ਨਾਲ ਜੁੜੇ ਹੋਏ ਹਨ, ਇਸ ਬਾਰੇ ਐਡੋਰਨੋ ਅਤੇ ਹੌਰਕਹਾਈਸਰ ਬਹੁਤ ਪਹਿਲਾਂ ਦੱਸ ਚੁੱਕੇ ਹਨ। ਪੱਛਮ ਦੀ ਇਸ ਗਿਆਨਵਾਦੀ ਫਿਲਾਸਫ਼ੀ ਦਾ ਲਖਸ਼ ਮਨੁੱਖ ਨੂੰ ਪੂੰਜੀ ਅਤੇ ਵਿਗਿਆਨ ਰਾਹੀਂ ਵੱਡੇ ਦਾਰਸ਼ਨਿਕ ਜਾਂ ਬਿਰਤਾਂਤਕ ਸ਼ਾਸਤਰ ਦੇ ਕੇ ਮੁਕਤ ਕਰਨਾ ਸੀ। ਇਸ ਵੱਡੇ ਦਾਰਸ਼ਨਿਕ ਜਾਂ ਬਿਰਤਾਂਤ ਸ਼ਾਸਤਰ ਵਿੱਚ ਕੌਮੀ ਹਸਤੀਆਂ ਵੀ ਨਿਗੂਣੀਆਂ ਰਹਿ ਜਾਂਦੀਆਂ ਹਨ।

ਭਾਰਤ ਦੇ ਨਹਿਰੂ ਦੌਰ ਦੇ ਮਿਸ਼ਰਿਤ ਵਿਕਾਸ ਮਾਰਗ ਨੂੰ ਤਿਆਗ ਦਿੱਤਾ ਹੈ ਜਿਸ ਵਿਚ ਸਮਾਜਵਾਦ ਅਤੇ ਪੂੰਜੀਵਾਦ ਨੂੰ ਮੇਲਣ ਦਾ ਯਤਨ ਕੀਤਾ ਗਿਆ ਸੀ। ਉਸ ਵਿੱਚ ਨਿੱਜੀਕਰਣ ਅਤੇ ਪਬਲਿਕ ਸੈਕਟਰ ਦੋਹਾਂ ਦਾ ਭਾਗ ਸੀ। ਉਸ ਮਿਸ਼ਰਿਤ ਮਾਰਗ ਨੇ ਭਾਰਤ ਨੂੰ ਆਰਥਿਕ ਤੌਰ 'ਤੇ ਵਿਕਸਿਤ ਨਾ ਕੀਤਾ। ਜਾਂ ਇਉਂ ਕਹਿ ਲਉ ਵੱਡੀਆਂ ਪੁਲਾਂਘਾਂ ਭਰਨ ਯੋਗ ਨਾ ਬਣਾਇਆ। ਉਹ ਰਾਹ ਤਿਆਗ ਕੇ ਭਾਰਤ ਨੇ ਪੂੰਜੀਵਾਦ ਅਤੇ ਨਿੱਜੀਕਰਣ ਦਾ ਅੰਧਾਧੁੰਦ ਰਾਹ ਅਪਣਾ ਲਿਆ। ਇਸ ਰਾਹ ਵਿਚ ਭਾਰਤ ਦੀਆਂ ਵਿਲੱਖਣ ਕੌਮਾਂ ਨੂੰ ਉਨ੍ਹਾਂ ਦੀ ਹਸਤੀ ਅਨੁਸਾਰ ਵਧਣ ਫੁੱਲਣ ਲਈ ਕੋਈ ਵਿਸ਼ੇਸ਼ ਸੁਵਿਧਾ ਨਹੀਂ। ਪੂੰਜੀ ਦੇ ਵਧਣ ਨਾਲ ਜੋ ਉਨ੍ਹਾਂ ਦੇ ਹਿੱਸੇ ਆਉਂਦਾ ਹੈ ਕੁਝ ਵਿਉਤਬੰਦੀ ਨਾਲ, ਉਸ ਉੱਤੇ ਹੀ ਉਨ੍ਹਾਂ ਦਾ ਵਿਕਾਸ ਅਧਾਰਿਤ ਹੈ।

ਭਾਰਤ ਦੇ ਸੰਵਿਧਾਨ ਵਿੱਚ ਵੀ ਭਾਰਤ ਨੂੰ ਇੱਕ ਕੌਮੀ ਦੇਸ਼ ਹੀ ਮੰਨਿਆ ਗਿਆ ਹੈ। ਇਥੋਂ ਦੇ ਧਰਮਾਂ ਨੂੰ ਜ਼ਰੂਰ ਸੁਰੱਖਿਆ ਅਤੇ ਮਾਨਤਾ ਦਿੱਤੀ ਗਈ ਹੈ ਪਰ ਵੱਖ-ਵੱਖ ਰਹਿ ਰਹੀਆਂ ਕੌਮਾਂ ਨੂੰ ਕੋਈ ਮਾਨਤਾ ਪ੍ਰਾਪਤ ਨਹੀਂ। ਇਸ ਇੱਕ-ਕੌਮੀ ਦ੍ਰਿਸ਼ਟੀ ਤੋਂ ਹੀ ਆਪਣੇ ਵੱਧਣ-ਫੁੱਲਣ ਅਤੇ ਵੱਧ ਸੁਤੰਤਰ ਹੋਣ ਲਈ ਅਧਿਕਾਰ ਮੰਗਣ ਵਾਲੀਆਂ ਕੌਮਾਂ ਨੂੰ "ਕੌਮ-ਵਿਰੋਧੀ" ਜਾਂ "ਦੇਸ਼-ਧ੍ਰੋਹੀ" ਆਖ ਦਿੱਤਾ ਜਾਂਦਾ ਹੈ।

ਇਸ ਪਿਛੋਕੜ ਵਿਚ ਜੇ ਦੇਖਿਆ ਜਾਵੇ ਤਾਂ ਪੰਜਾਬੀ ਕੌਮ ਨੂੰ ਵੀ ਕੌਮ ਦੇ ਤੌਰ 'ਤੇ ਕੋਈ ਮਾਨਤਾ ਪ੍ਰਾਪਤ ਨਹੀਂ। ਕੇਵਲ ਵੱਖ-ਵੱਖ ਧਰਮਾਂ ਦੇ ਪੰਜਾਬੀ ਲੋਕਾਂ ਨੂੰ ਜ਼ਰੂਰ ਮਾਨਤਾ ਹੈ। ਸੰਗਠਿਤ ਤੌਰ 'ਤੇ ਪੰਜਾਬੀ ਕੌਮ ਦੀ ਕੋਈ ਹਸਤੀ ਹੈ, ਇਸ ਬਾਰੇ ਕੋਈ ਧਾਰਨਾ ਨਾ ਸੰਵਿਧਾਨ ਵਿੱਚ ਹੈ। ਨਾ ਹੀ ਮੰਗੀ ਜਾ ਰਹੀ ਹੈ। ਪੰਜਾਬੀ ਲੋਕਾਂ ਦੀ ਕੌਮੀ ਹਸਤੀ ਕੀ ਹੈ? ਇਨ੍ਹਾਂ ਦੀ ਕੀ ਵਿਲੱਖਣਤਾ ਹੈ? ਪੰਜਾਬੀ ਸੂਬਾ ਬਣਾ ਕੇ ਇਹ ਜ਼ਰੂਰ ਮੰਨ ਲਿਆ ਗਿਆ ਕਿ ਇਥੋਂ ਦੇ ਲੋਕ ਪੰਜਾਬੀ ਬੋਲਦੇ ਹਨ। ਕੇਵਲ ਜ਼ਬਾਨ ਨੂੰ ਮਾਨਤਾ ਮਿਲਣ ਨਾਲ, ਕੌਮੀ ਮਾਨਤਾ ਨਹੀਂ ਮਿਲਦੀ। ਬੋਲੀ ਨੂੰ ਵੀ ਅਜੇ ਸੂਬਾ ਪੱਧਰ ਉੱਤੇ ਯੋਗ ਥਾਂ ਨਹੀਂ ਮਿਲੀ। ਹਰ ਪੱਧਰ ਉੱਤੇ ਕਾਰ ਵਿਹਾਰ ਇਸ ਬੋਲੀ ਵਿੱਚ ਨਹੀਂ ਹੋ ਰਿਹਾ।

ਕਿਸੇ ਕੌਮ ਦੀ ਬੋਲੀ ਜਾਂ ਲਿਖਤੀ ਭਾਸ਼ਾ ਵਿਲੱਖਣ ਹੋਣ ਦਾ ਅਰਥ ਉਸ ਕੌਮ ਦੇ ਜ਼ਿੰਦਗੀ ਨੂੰ ਅਤੇ

ਵੱਡੇ ਵਿਸ਼ਵ ਨੂੰ ਆਪਣੇ ਢੰਗ ਨਾਲ ਦੇਖਣ ਦੇ ਯੋਗ ਹੁੰਦਾ ਹੈ। ਇਹ ਗੱਲ ਆਧੁਨਿਕ ਸਮੇਂ ਵਿਚ ਇਕ ਮੌਲਿਕ ਅਮਰੀਕਨ ਭਾਸ਼ਾ ਵਿਗਿਆਨੀ ਬੈਂਜਾਮਨ ਵੋਰਫ਼ ਨੇ ਸਮਝਾ ਦਿੱਤੀ ਸੀ। ਮਿਸਾਲ ਦੇ ਤੌਰ 'ਤੇ ਪੰਜਾਬੀ ਵਿਆਕਰਣ ਵਿਚ ਨਿਪੁੰਸਕ ਲਿੰਗ ਨਹੀਂ, ਅਸੀਂ ਹਰ ਵਸਤ ਨੂੰ ਇਸਤਰੀ ਲਿੰਗ ਜਾਂ ਪੁਰਸ਼ ਲਿੰਗ ਵਜੋਂ ਹੀ ਦੇਖਦੇ ਹਾਂ। ਸਾਡੇ ਲਈ ਸਾਰੀ ਕਾਇਨਾਤ ਇਸਤਰੀ ਅਤੇ ਪੁਰਸ਼ ਦੇ ਹੀ ਰੂਪ ਹਨ। ਪਰ ਇੱਕ ਅੰਗਰੇਜ਼ੀ ਭਾਸ਼ੀ ਜਾਂ ਸੰਸਕ੍ਰਿਤ ਭਾਸ਼ੀ ਲਈ ਨਹੀਂ।

ਜਿਸ ਵਿਅਕਤੀ ਦੀ ਪਾਲਣਾ ਪੋਸਨਾ ਅਤੇ ਵੱਡੀ ਵਿੱਦਿਆ ਪੰਜਾਬੀ ਵਿਚ ਹੋਵੇਗੀ ਉਸ ਦੀ ਚੇਤਨਤਾ ਅਤੇ ਪਰਿਪੇਖ ਵਿਲੱਖਣ ਹੋਣਗੇ। ਇਹ ਵਿਲੱਖਣਤਾ ਸਮਾਜਿਕ ਰਿਸ਼ਤਿਆਂ ਅਤੇ ਰਾਜਨੀਤਕ ਵਿਚਾਰਾਂ ਦੀ ਵਿਲੱਖਣਤਾ ਵਿਚ ਵੀ ਬਦਲੇਗੀ। ਕਿਸੇ ਕੌਮ ਨੂੰ ਉਸ ਦੀ ਭਾਸ਼ਾ ਵਿਚ ਪੜ੍ਹਾਉਣਾ ਅਤੇ ਉਸ ਰਾਹੀਂ ਸੋਚਣ ਲਾਉਣਾ, ਜਿਸ ਵਿਲੱਖਣਤਾ ਨੂੰ ਜਨਮ ਦਿੰਦਾ ਹੈ ਉਹ ਫਾਸੀਵਾਦੀ-ਤਾਕਤਾਂ ਲਈ ਖਤਰਨਾਕ ਸਾਬਤ ਹੋ ਸਕਦਾ ਹੈ, ਇਸ ਲਈ ਭਾਸ਼ਾ ਜਾਂ ਬੋਲੀ ਨੂੰ ਪੂਰੀ ਤਰ੍ਹਾਂ ਲਾਗੂ ਨਾ ਹੋਣ ਦੇਣਾ, ਫਾਸੀਵਾਦ ਦੇ ਹੱਕ ਵਿਚ ਜਾਂਦਾ ਹੈ। ਦੂਜੇ ਪਾਸੇ ਭਾਸ਼ਾ ਰਾਹੀਂ ਵਿਕਸਿਤ ਕੌਮੀ ਵਿਲੱਖਣਤਾ, ਲੋਕ ਤੰਤਰ ਦੇ ਹੱਕ ਵਿਚ ਭੁਗਤਦੀ ਹੈ, ਫਾਸੀ ਤਾਕਤਾਂ ਦੇ ਵਿਰੁੱਧ ਚੈੱਕ-ਪੁਆਇੰਟ ਬਣਦੀ ਹੈ।

ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਦ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ "ਸ੍ਰੀ ਗੁਰੂ ਗ੍ਰੰਥ ਸਾਹਿਬ" ਹੈ। ਇਸ ਗ੍ਰੰਥ ਉੱਤੇ ਕਿਸੇ ਇੱਕ ਫਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿੱਚ ਜੋ ਮੁੱਲ ਦਿੱਤੇ ਗਏ ਹਨ ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਣ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿੱਚ ਜੋ ਵਿਰੋਧ ਹਨ ਉਨ੍ਹਾਂ ਨੂੰ ਸ਼ਕਤੀ ਨਾਲ ਤੋੜ ਭੰਨ ਕੇ ਬ੍ਰਹਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਜੋੜ ਹੈ। ਕਿਸੇ ਵਿਤਕਰੇ ਦੀ ਇਸ ਵਿੱਚ ਕੋਈ ਥਾਂ ਨਹੀਂ।

ਪੰਜਾਬ ਦਾ ਕੌਮੀ ਚੇਤਨਾ ਦਾ ਅਧਾਰ ਕਾਫੀ ਹੱਦ ਤਕ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਮੁੱਲ ਹਨ। ਇਨ੍ਹਾਂ ਦਾ ਹੋਰ ਵਿਸਥਾਰ ਕਰਨ ਦੀ ਲੋੜ ਹੈ ਅਤੇ ਕੁੱਲ ਪੰਜਾਬੀਆਂ ਨੂੰ ਇਹ ਸਪੱਸ਼ਟ ਕਰਨ ਦੀ ਲੋੜ ਹੈ ਇਹੀ ਚੇਤਨਤਾ ਪੰਜਾਬ ਦੀ ਪ੍ਰਤੀਨਿੱਧ ਕੌਮੀ ਚੇਤਨਤਾ ਬਣਨ ਦੇ ਯੋਗ ਹੈ ਕਿਉਂਕਿ ਇਸ ਵਿਚ ਅੰਤਰ ਕੌਮੀ ਅਤੇ

ਬ੍ਰਹਮੰਡੀ ਸੰਵਾਦ ਅਤੇ ਮੇਲ ਦੀ ਵੱਡੀ ਥਾਂ ਹੈ। ਸੰਗੀਤ ਵਿਚ ਸਭ ਵਿਰੋਧੀ ਸੁਰਾਂ ਸੁਣ ਕੇ ਨਾਦ ਰਚਦੀਆਂ ਹਨ ਜੋ ਗੀਤ ਬਣਦਾ ਹੈ। ਦੂਜਾ ਸਾਹਿਤ ਜਿਸ ਨੇ ਪੰਜਾਬ ਦੀ ਚੇਤਨਤਾ ਸਾਲੀ ਹੈ ਜਾਂ ਜੋ ਇਸ ਦਾ ਅਧਿਕਾਰੀ ਹੈ ਉਹ ਕਿੱਸਾ ਸਾਹਿਤ ਹੈ ਜਿਸ ਨੇ ਇਸਤਰੀ ਪੁਰਸ਼ ਪ੍ਰੇਮ ਰਿਸ਼ਤਿਆਂ ਨੂੰ ਰੱਬੀ ਕਰਾਰ ਦੇ ਕੇ ਵਿਦਰੋਹ ਭਾਵਨਾ ਦਿੱਤੀ। ਨਾਇਕ ਹੋਣ ਲਈ ਪ੍ਰੇਰਨਾ ਦਿੱਤੀ। ਸੂਫੀ ਸਾਹਿਤ ਨੇ ਵੀ ਛੋਟੀ ਅਤੇ ਵੱਡੀ ਆਸ਼ਕੀ ਵਿਚ ਮਸਤ ਫਕੀਰ ਹੋ ਕੇ ਗਾਉਣ ਦੀ ਭਾਵਨਾ ਰਚੀ। ਜੇ ਪੰਜਾਬੀ ਭਾਸ਼ਾ ਜਾਂ ਬੋਲੀ ਰਾਹੀਂ ਪੰਜਾਬ ਨੂੰ ਹਰ ਪੱਧਰ ਉਤੇ ਪ੍ਰਫੁੱਲਿਤ ਕੀਤਾ ਜਾਵੇਗਾ, ਇਸ ਦੀ ਮਾਨਸਿਕਤਾ ਪਰਮਾਨਿਕ ਬਣਾਈ ਜਾਏਗੀ ਤਾਂ ਇਹ ਵਿਲੱਖਣਤਾ ਇਕ ਮੌਲਿਕ ਦੇਣ ਹੋਵੇਗੀ- ਭਾਰਤ ਨੂੰ ਵੀ ਅਤੇ ਵਿਸ਼ਵ ਨੂੰ ਵੀ।

ਇਸ ਵਿਲੱਖਣ ਕੌਮੀ ਚੇਤਨਤਾ ਅਤੇ ਅਭਿਆਸ ਨੂੰ ਮੌਲਣ ਲਈ ਪੰਜਾਬੀ ਕੌਮ ਕੋਲ ਵੱਧ ਅਧਿਕਾਰ ਚਾਹੀਦੇ ਹਨ। ਦੂਜੇ ਦੇ ਨਾਂ ਨਾਲ ਸੰਪਰਕ ਬਣਾਉਣ ਲਈ, ਵਪਾਰ ਕਰਨ ਲਈ, ਪੰਜਾਬ ਦੀਆਂ ਅੰਦਰਲੀਆਂ ਰਾਜਸੀ ਸੰਰਚਨਾਵਾਂ ਨੂੰ ਲੋੜ ਅਨੁਸਾਰ ਸੋਧਣ ਲਈ। ਅਰਥਚਾਰੇ ਨੂੰ ਵੀ ਪੁਨਰ ਸੰਗਠਿਨ ਕਰਨ ਦੀ ਲੋੜ ਪਵੇਗੀ, ਕਿਉਕਿ ਇਸ ਵਿਚ ਪੂੰਜੀ ਦੇ ਵਿਕਾਸ ਦੇ ਨਾਲ ਨਿਆਂ ਦਾ ਮੁੱਦਾ ਵੀ ਸ਼ਾਮਿਲ ਕਰਨਾ ਜ਼ਰੂਰੀ ਹੈ।

ਪੰਜਾਬ ਦੀ ਕੌਮੀ ਚੇਤਨਤਾ ਅਤੇ ਚਰਿੱਤਰ ਨੂੰ ਸਾਜਣ ਅਤੇ ਸਥਾਪਿਤ ਕਰਨ ਲਈ ਸਭ ਤੋਂ ਵੱਧ ਲੋੜ ਸਕੂਲ ਅਤੇ ਯੂਨੀਵਰਸਿਟੀ ਪੱਧਰ ਉਤੇ ਸਿਲੇਬਸ ਪਰਿਵਰਤਨ ਨਾਲ ਸਬੰਧਤ ਹੈ। ਇਹ ਸਿਲੇਬਸ ਇਸ ਵੇਲੇ ਵਿਲੱਖਣਤਾ ਪ੍ਰੇਰਿਤ ਨਹੀਂ ਹਨ। ਇਹ ਜਾਂ ਤਾਂ ਭਾਰਤ ਦੇ ਇਕ ਕੌਮਵਾਦ ਨੂੰ ਹੁੰਗਾਰਾ ਭਰਦੇ ਹਨ ਅਤੇ ਜਾਂ ਵਿਦਿਆਰਥੀਆਂ ਨੂੰ ਅੰਤਰਕੌਮੀ ਪੂੰਜੀਵਾਦ ਦਾ ਪੁਰਜ਼ਾ ਬਣਨ ਲਈ ਤਿਆਰ ਕਰਦੇ ਹਨ। ਦੋਵੇਂ ਪਰਿਪੇਖ ਫਾਸੀ ਤਾਕਤਾਂ ਦੇ ਹੱਕ ਵਿਚ ਹੀ ਭੁਗਤਣਗੇ, ਇਹ ਅਨੁਮਾਨ ਲਾਉਣਾ ਔਖਾ ਨਹੀਂ। ਅੰਤਰਕੌਮੀ ਗਿਆਨ ਆਉਣੇ ਜ਼ਰੂਰੀ ਹਨ ਪਰ ਕੌਮੀ ਚੇਤਨਤਾ ਅਤੇ ਪਰਿਪੇਖ ਵਿਚ ਰਹਿ ਕੇ ਗਿਆਨ ਗ੍ਰਹਿਣ ਕਰਨੇ ਇਸ ਤੋਂ ਵੀ ਵੱਧ ਜ਼ਰੂਰੀ ਹਨ। ਦੂਜੀਆਂ ਕੌਮਾਂ ਦੇ ਪਰਿਪੇਖ ਗ੍ਰਹਿਣ ਲਈ ਆਪਣਾ ਕੌਮੀ ਪਰਿਪੇਖ ਜਾਣਨਾ ਸਭ ਤੋਂ ਵੱਧ ਜ਼ਰੂਰੀ ਹੈ।

ਇਹ ਬੜੀ ਹੈਰਾਨੀ ਅਤੇ ਅਫਸੋਸ ਦੀ ਨਾ ਕਾਬਲਿ ਮੁਆਫੀ ਗੱਲ ਹੈ ਕਿ ਅਕਾਲੀ ਪਾਰਟੀ, ਕਾਂਗਰਸ ਅਤੇ ਕਮਿਊਨਿਸਟ ਪਾਰਟੀਆਂ ਵਿਚੋਂ ਕਿਸੇ ਨੇ ਵੀ ਪੰਜਾਬੀ ਕੌਮ ਦੀ ਹਸਤਰ ਨੂੰ ਨਿਰਧਾਰਿਤ ਕਰਨ, ਸਿਧਾਂਤਬੱਧ ਕਰਨ ਅਤੇ ਪਰਮਾਨਿਕ ਬਣਾਉਣ ਲਈ ਵਿਸ਼ੇਸ਼ ਚੇਸ਼ਟਾ ਨਹੀਂ ਦਿਖਾਈ। ਪੰਜਾਬ ਦੀ ਕੌਮੀ ਚੇਤਨਤਾ ਨੂੰ ਜਦੋਂ ਵੀ ਇਤਿਹਾਸਕ ਤੌਰ 'ਤੇ ਵਿਕਸਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਮੂਲ ਵਿਧਾਨ ਨਾਲ

ਜੋੜਨ ਦੀ ਗੱਲ ਆਉਂਦੀ ਹੈ ਤਾਂ ਉਹ ਇਸ ਨੂੰ 'ਫਿਕਰਾਪ੍ਰਸਤੀ' ਕਹਿ ਕੇ ਨਿੰਦ ਦਿੰਦੇ ਹਨ। ਜਿਸ ਮੂੱਲ ਵਿਧਾਨ ਨੇ ਇਕ ਪੂਰਾ ਇਨਕਲਾਬ ਲਿਆਂਦਾ, ਜੋ ਅਜੇ ਜਾਰੀ ਹੈ ਅਤੇ ਨਾ ਮੁਕੰਮਲ ਹੈ, ਉਨ੍ਹਾਂ ਦੀਆਂ ਡੂੰਘਿਆਈਆਂ ਨਾਲ ਪੰਜਾਬੀ ਕੌਮ ਨੂੰ ਸਿਧਾਂਤਬੱਧ ਕਰਨ ਅਤੇ ਇਸ ਦਾ ਅਭਿਆਸ ਅੱਗੇ ਤੋਰਨ ਲਈ ਸਾਹਸ ਕਰਨ ਤੋਂ ਡਰਦੇ ਹਨ। ਨਤੀਜੇ ਵਜੋਂ ਪੰਜਾਬੀ ਕੌਮ ਦੀ ਹਸਤੀ ਅਜੇ ਵੀ ਸਿਧਾਂਤਬੱਧ ਨਹੀਂ ......। ਇਹ ਕੌਮ ਬਿੱਖਰੀ ਹੋਈ ਹੈ ਅਤੇ ਕਈ ਪੱਧਰਾਂ ਉਤੇ ਸਜ਼ਾ ਭੁਗਤ ਰਹੀ ਹੈ।

ਸਭ ਤੋਂ ਵੱਧ ਸਜ਼ਾ ਨਵੇਂ ਪੋਚ ਭੁਗਤ ਰਹੇ ਹਨ। ਉਨ੍ਹਾਂ ਵਿਚੋਂ ਮਹੱਤਵਪੂਰਨ ਗਿਣਤੀ ਨੂੰ ਵਿੱਦਿਆ ਜਾਂ ਅੰਗਰੇਜ਼ੀ ਵਿਚ ਦਿੱਤੀ ਜਾਣ ਲੱਗੀ ਹੈ ਜਾਂ ਹਿੰਦੀ ਵਿਚ। ਇਹ ਵਿਸ਼ੇਸ਼ ਤੌਰ 'ਤੇ ਉੱਚ ਵਰਗ ਅਤੇ ਆਰਥਿਕ ਤੌਰ 'ਤੇ ਬਿਹਤਰ ਮੱਧ ਵਰਗ ਦੇ ਨਵੇਂ ਪੋਚਾਂ ਬਾਰੇ ਸੱਚ ਹੈ। ਇਹ ਵਰਗ ਪੰਜਾਬੀ ਕੌਮ ਦੇ ਸਿਧਾਂਤ ਤੋਂ ਜਾਂ ਤਾਂ ਕੋਰੇ ਹਨ ਅਤੇ ਜਾਂ ਉਸ ਨੂੰ ਅਮਲ ਵਿਚ ਲਿਆਉਣ ਦੇ ਅਸਮਰਥ ਹਨ। ਇਹ ਗੱਲ ਸਭ ਪਾਰਟੀਆਂ ਦੇ ਬਹੁਤੇ ਰਾਜਸੀ ਨੇਤਾਵਾਂ ਬਾਰੇ ਸੱਚ ਹੈ। ਉਨ੍ਹਾਂ ਦੇ ਬੱਚੇ ਪੰਜਾਬੀ ਵਿਚ ਮੁੱਢਲੀ ਵਿੱਦਿਆ ਨਹੀਂ ਗ੍ਰਹਿਣ ਕਰਦੇ। ਵਿਸ਼ਵ ਪੱਧਰ ਉਤੇ ਸਿੱਖਿਆਦਾਰੀ ਇਹ ਦੱਸ ਚੁੱਕੇ ਹਨ, ਕਿ ਆਪਣੀ ਭਾਸ਼ਾ ਵਿਚ ਮੁੱਢਲੀ ਵਿੱਦਿਆ ਨਾ ਗ੍ਰਹਿਣ ਕਰਨ ਵਾਲੇ ਬੰਦੇ ਦਾ ਮਨ ਪੂਰੀ ਤਰ੍ਹਾਂ ਨਾਲ ਮੌਲਦਾ ਨਹੀਂ। ਜੇ ਉਸ ਨੂੰ ਆਪਣੀ ਬੋਲੀ ਦਾ ਵਿਆਕਰਣ ਨਹੀਂ ਆਉਂਦਾ ਤਾਂ ਉਹ ਦੂਜੀਆਂ ਬੋਲੀਆਂ ਦੇ ਵਿਆਕਰਣ ਵੀ ਠੀਕ ਤਰ੍ਹਾਂ ਗ੍ਰਹਿਣ ਨਹੀਂ ਕਰ ਸਕਦਾ। ਇਸ ਨਾਲ ਉਸ ਦੀ ਯਥਾਰਥ ਉਤੇ ਵੀ ਠੀਕ ਪਕੜ ਨਹੀਂ ਬਣ ਸਕਦੀ। ਦੂਜੀਆਂ ਬੋਲੀਆਂ ਬੋਲਣ ਵਾਲੀਆਂ ਕੌਮਾਂ ਦੇ ਪਰਿਪੇਖ ਵੀ ਬੱਚਾ ਠੀਕ ਨਹੀਂ ਗ੍ਰਹਿਣ ਕਰ ਸਕੇਗਾ।

ਇਸ ਤੱਥ ਦਾ ਸਿੱਧਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਨਵੇਂ ਪੋਚ ਆਪਣੀ ਸੋਚ ਸਮਰੱਥਾ ਵਿਚ ਕਮਜ਼ੋਰ ਰਹਿਣ ਦੀ ਸੰਭਾਵਨਾ ਬਣਾ ਰਹੇ ਹਨ। ਉਨ੍ਹਾਂ ਦਾ ਵਿਸ਼ਵ ਬਾਰੇ ਚਿੰਤਕ ਵੀ ਐਬਨੌਰਮਲ ਹੋਣ ਦਾ ਡਰ ਹੈ। ਕੌਮੀ ਧਰਾਤਲ ਉਤੇ ਨਾ ਖੜ੍ਹੇ ਹੋਣ ਕਾਰਣ, ਗਿਆਨ ਗ੍ਰਹਿਣ ਕਰਨ ਅਤੇ ਭਾਸ਼ਾਈ ਨਿਪੁਣਤਾ ਦੇ ਪੱਖ ਤੋਂ ਕੀ ਕਮਜ਼ੋਰੀਆਂ ਆ ਸਕਦੀਆਂ ਹਨ, ਇਨ੍ਹਾਂ ਬਾਰੇ ਅਸੀਂ ਅਜੇ ਸੋਚਣਾ ਵੀ ਆਰੰਭ ਨਹੀਂ ਕੀਤਾ।

ਸੰਖੇਪ ਵਿਚ ਇਸ ਲੇਖ ਦਾ ਤੱਥ ਇਹ ਹੈ ਕਿ ਪੰਜਾਬ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਦੀ ਕੌਮੀ ਪਛਾਣ ਨੂੰ ਪਰਮਾਣਿਕ ਰੂਪ ਵਿਚ ਸਿਧਾਂਤਬੱਧ ਕੀਤਾ ਜਾਵੇ। ਆਰਥਿਕ ਵਿਕਾਸ ਦੇ ਨਾਲ, ਸੱਭਿਆਚਾਰਕ ਚੇਤਨਤਾ ਦਾ ਵਿਕਾਸ ਵੀ ਜ਼ਰੂਰੀ ਹੈ। ਬਿਨਾ ਕਿਸੇ ਸੰਪਰਦਾਇਕ ਭਾਵਨਾ ਦੇ, ਪੰਜਾਬ ਦੀ ਕੌਮੀ ਚੇਤਨਤਾ ਦੀ ਵਿਆਖਿਆ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੇ ਮੂੱਲ ਵਿਧਾਨ ਨਾਲ ਜੋੜ ਕੇ ਕੀਤੀ ਜਾਵੇ। ਇਹੀ ਗ੍ਰੰਥ ਪੰਜਾਬੀਆਂ

ਦਾ ਸਭ ਤੋਂ ਮੌਲਿਕ, ਇਤਿਹਾਸਕ ਤੌਰ 'ਤੇ ਵਿਕਸਿਤ ਗ੍ਰੰਥ ਹੈ ਜਿਸ ਦਾ ਸੱਚ ਕਦੇ ਨਿਗੂਣਾ ਨਹੀਂ ਹੋਵੇਗਾ। ਹਰ ਕ਼ੌਮ ਦਾ ਧਰਾਤਲ, ਉਸ ਦੀ ਜ਼ਮੀਰ ਉਸਦੇ ਮੂਲ ਗ੍ਰੰਥ ਹਨ ਹੁੰਦੇ ਹਨ। ਸਾਡਾ ਮੂਲ ਅਤੇ ਸੰਭਾਵਨਾਵਾਂ ਭਰਪੂਰ ਗ੍ਰੰਥ ਇਹੀ ਹੈ। ਕ਼ੌਮੀ ਹਸਤੀ ਅਤੇ ਚੇਤਨਤਾ ਦਾ ਸਿਧਾਂਤਕਰਣ ਕਰਕੇ ਇਸ ਨੂੰ ਵਿੱਦਿਆ, ਰਾਜਨੀਤੀ ਅਤੇ ਅਰਥਚਾਰੇ ਵਿਚੋਂ ਪ੍ਰਤੀਬਿੰਧਤ ਕੀਤਾ ਜਾਵੇ। ਪੰਜਾਬੀ ਕ਼ੌਮ ਦੀ ਵਿਲੱਖਣਤਾ ਮਨਵਾਉਣ ਲਈ, ਭਾਰਤ ਦੇ ਸੰਵਿਧਾਨ ਵਿਚ ਭਾਰਤ ਨੂੰ ਬਹੁ-ਕ਼ੌਮੀ ਦੇਸ਼ ਕਰਾਰ ਦਿਵਾਇਆ ਜਾਵੇ। ਉਸ ਅਨੁਸਾਰ ਭਾਰਤ ਦੀਆਂ ਸਭ ਕ਼ੌਮਾਂ ਨੂੰ ਵੱਧ ਅਧਿਕਾਰ ਦੇਣ ਦੀ ਮੰਗ ਲਈ ਲੋਕਾਂ ਨੂੰ ਸੰਗਠਿਤ ਕੀਤਾ ਜਾਵੇ। ਇਸ ਨਾਲ ਭਾਰਤ ਦਾ ਲੋਕਤੰਤਰ ਹੋਰ ਸੁਨਹਿਰੀ ਅਤੇ ਸੁਰੱਖਿਅਤ ਬਣ ਸਕਦਾ ਹੈ।